INTERNATIONAL MAGAZINE
RNI No. 61816/95

ਏਕੋ ਬ੍ਰਹਮੁ ਦੁਤੀਅ ਨਾਸਤਿ।
ੴ
ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ



ਸਤੰਬਰ 2024

ਸੰਨ 1604 ਈ. – ਪਹਿਲੇ ਪ੍ਰਕਾਸ਼ – ਸ੍ਰੀ ਹਰਿਮੰਦਰ ਸਾਹਿਬ

If Undelivered, Please Return to
Atam Marg Office
Gurdwara Ishar Parkash, Ratwara Sahib
New Chandigarh, P.O. Mullanpur Garibdass,
Teh.Kharar, Distt. S.A.S Nagar (Mohali) - 140901,
Punjab, India,
Tel. +91-94172-14391,79

## ਸਮਾਗਮ 8 ਅਗਸਤ 2024 – ਤਸਵੀਰਾਂ ਦੀ ਜ਼ੁਬਾਨੀ

1. ਸੰਤ ਬਾਬਾ ਲਖਬੀਰ ਸਿੰਘ ਜੀ (ਮੌਜੂਦਾ ਮੁਖੀ), ਟਰੱਸਟ ਦੇ ਹੋਰ ਜਥੇ ਅਤੇ ਰਤਵਾੜਾ ਸਾਹਿਬ ਦੇ ਸਕੂਲਾਂ ਦੇ ਬੱਚੇ ਕਥਾ ਕੀਰਤਨ ਦੀ ਹਾਜ਼ਰੀ ਭਰਦੇ ਹੋਏ।
2. ਵੱਡੀ ਤਦਾਦ ਵਿੱਚ ਸ਼ਰਧਾ ਪਿਆਰ ਨਾਲ ਕੀਰਤਨ ਸ੍ਰਵਣ ਕਰਦੀਆਂ ਸੰਗਤਾਂ।



# ਆਤਮ ਮਾਰਗ


ਸਾਲ-ਤੀਹਵਾਂ, ਮਹੀਨਾ-ਸਤੰਬਰ, 2024

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

| ਚੇਅਰਮੈਨ | ਐਡੀਟਰ-ਇਨ-ਚੀਫ |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

Registration Under Foreign Contribution (Regulation) Act 1976 R. No. 115320023

## Postal Address for any Enquiry, Money Order, Cheque and drafts :

'ATAM MARG' MAGAZINE
Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India

## SUBSCRIPTION - ਚੰਦਾ - (ਦੇਸ਼)

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

## SUBSCRIPTION FOREIGN (ਵਿਦੇਸ਼)

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

Please visit us on internet at :-
For Atam Marg Email : atammarg1@yahoo.co.in,
Website & Live video -
www.ratwarasahib.org
www.ratwarasahib.com
www.vgrmct.org
} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network
98728-14385, 94172-14385
98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ
ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -
9417214378, 9417214384

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

ਵਿਸ਼ੇਸ਼ ਜਾਣਕਾਰੀ ਲਈ

ਸ੍ਰੀ ਮਾਨ ਜੀ - 98551-32009

ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਹੋਰ ਸੰਪਰਕ ਨੰਬਰ

98889-10777, 96461-01996, 9417214381

# ਤੱਤਕਰਾ


1. ਸੰਪਾਦਕੀ 5
*ਭਾਈ (ਡਾ.) ਸੁਖਵਿੰਦਰ ਸਿੰਘ*

2. ਬਾਰਹ ਮਾਹਾ 7
*ਭਾਈ (ਡਾ.) ਸੁਖਵਿੰਦਰ ਸਿੰਘ*

3. ਚਉਥੈ ਪਹਰਿ ਸਬਾਹ ਕੈ...॥ 10
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. ਮੰਞ ਪਿਆਰਾ ਗੁਰੂ ਨੂੰ......। 14
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. ਮਿਰਤਕ ਕਹੀਅਹਿ ਨਾਨਕਾ
ਜਿਹ ਪ੍ਰੀਤਿ ਨਹੀਂ ਭਗਵੰਤ॥ 26
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

6. ਧੁਰ ਕੀ ਬਾਣੀ ਆਈ॥
ਤਿਨਿ ਸਗਲੀ ਚਿੰਤ ਮਿਟਾਈ॥ 33
*ਸੰਤ ਬਾਬਾ ਹਰਪਾਲ ਸਿੰਘ ਜੀ*

7. ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ 37
*ਡਾ. ਜਗਜੀਤ ਸਿੰਘ*

8. ਗੁਰਬਾਣੀ ਅਰਥ ਭੰਡਾਰ 40
*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

9. ਗੁਰ ਨਾਨਕ ਆਗਮਨ 44
*ਡਾ. ਭਾਈ ਵੀਰ ਸਿੰਘ ਜੀ*

10. ਵਿਸ਼ਵ ਚੇਤਨਾ ਦਾ ਆਧਾਰ : ਸ੍ਰੀ ਗੁਰੂ ਗ੍ਰੰਥ ਸਾਹਿਬ 47
*ਸ. ਮਹਿੰਦਰਪਾਲ ਸਿੰਘ*

11. ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ
ਦੇ ਉਪਦੇਸ਼ਾਂ ਨੂੰ ਕਿਵੇਂ ਜਾਰੀ ਰੱਖਿਆ ਤੇ ਪੱਕਿਆਂ ਕੀਤਾ? 51
*ਸ. ਸਤਿਬੀਰ ਸਿੰਘ*

12. ਵਾਰਾਂ ਭਾਈ ਗੁਰਦਾਸ ਜੀ 44

13. ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ 56
ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,
ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

*ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ ॥ ਅੰਗ- ੧੪੮*

ਬਾਹਰ ਦਿਸਦੇ ਸੰਸਾਰ ਦੀ ਖੋਜ ਕਰਨ ਵਾਲਾ ਵਿਗਿਆਨੀ ਹੈ, ਸਾਇੰਟਿਸਟ ਹੈ। ਪਰ ਆਪਣੇ ਅੰਦਰ ਦੀ ਖੋਜ ਕਰਨ ਵਾਲਾ ਗਿਆਨੀ ਹੈ, ਜਗਿਆਸੂ ਹੈ। ਬਾਹਰ ਦੀ ਖੋਜ ਕਰਮ ਇੰਦਰਿਆਂ ਤੇ ਨਿਰਭਰ ਹੈ। ਬਾਹਰ ਦਾ ਗਿਆਨ ਵਸਤਾਂ ਦੀ ਨਿਰਖਣ ਪਰਖਣ ਕਰ ਸਕਦਾ ਹੈ। ਕਰਮ ਇੰਦਰੇ ਸਾਧਨ ਹਨ, ਔਜ਼ਾਰ ਹਨ। ਉਨ੍ਹਾਂ ਰਾਹੀਂ ਕੇਵਲ ਬਾਹਰਲੇ ਪਰਪੰਚ ਦਾ ਗਿਆਨ ਹੀ ਪ੍ਰਾਪਤ ਹੁੰਦਾ ਹੈ। ਅੰਦਰ ਬੈਠੀ ਸਦੀਵਕਾਲੀ ਆਤਮਾ ਬਾਰੇ ਇਸ ਨੂੰ ਕੋਈ ਗਿਆਨ ਨਹੀਂ ਹੋ ਸਕਦਾ। ਉਸ ਦਾ ਗਿਆਨ ਤਦ ਹੀ ਹੋ ਸਕਦਾ ਹੈ ਜਦੋਂ ਧਿਆਨ ਬਾਹਰੋਂ ਹਟ ਕੇ ਅੰਦਰ ਵਲ ਮੋੜ ਸਕੇਗਾ ਭਾਵ -

*ਬਾਹਰਿ ਜਾਤਾ ਭੀਤਰਿ ਆਨੈ ॥ ਅੰਗ- ੧੧੬੦*

ਸਮੁੱਚਾ 'ਆਤਮ ਮਾਰਗ' ਅੰਦਰ ਦੀ ਖੋਜ ਕਰਨ ਦੀ ਤਾਗੀਦ ਕਰਦਾ ਹੈ। ਬਾਹਰਲੀਆਂ ਖੋਜਾਂ ਵਾਲੇ ਅਨੇਕਾਂ ਹੋਏ ਹਨ ਤੇ ਹੋਣਗੇ ਪਰ ਅੰਦਰ ਦੀ ਖੋਜ ਵਾਲੇ ਵਿਰਲੇ ਹਨ।

*ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥*
*ਅੰਗ- ੧੪੧੧*

ਦਿਸਦੇ ਦਾ ਮੂਲ ਪਛਾਨਣਾ ਸੌਖਾ ਹੈ। ਆਪਣਾ ਮੂਲ ਪਛਾਨਣਾ ਹਰੇਕ ਦੇ ਵਸ ਦੀ ਖੇਡ ਨਹੀਂ। ਤਾਂਹੀ ਮਹਾਰਾਜ ਆਪਣੇ ਆਪੇ ਨੂੰ ਪਛਾਨਣ ਦੀ ਤਾਗੀਦ ਕਰਦੇ ਹਨ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਅੰਗ- ੪੪੧*

ਭਾਵ -

*ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਅੰਗ- ੬੯੫*

ਸਾਰੀ ਰੂਹਾਨੀਅਤ ਦਾ, ਸਾਰੇ ਆਤਮ ਮਾਰਗ ਦਾ, ਸਾਰੀ ਆਤਮਿਕ ਪੱਧਤੀ ਦਾ ਇਹੀ ਸਾਰ ਹੈ : 'ਆਪਣਾ ਆਪਾ ਚੀਨਣਾ।' ਇਸ ਤੋਂ ਬਗੈਰ ਭਰਮ ਨਹੀਂ ਮਿਟਦਾ ਭਾਵ ਦੂਜਾ ਭਾਵ ਖਤਮ ਨਹੀਂ ਹੁੰਦਾ। ਦੂਜੇ ਭਾਵ ਵਿਚ ਹਉਮੈ ਹੈ। ਜਿਥੇ ਹਉਂ ਮੈਂ ਹੈ ਉਥੇ ਨਾਮ ਦਾ ਨਿਵਾਸ ਨਹੀਂ ਹੋ ਸਕਦਾ -

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥ ਅੰਗ- ੫੬੦*

ਭਰਮ ਦਾ ਨਾਸ 'ਆਪਾ' ਚੀਨਣ ਤੋਂ ਬਗੈਰ ਅਸੰਭਵ ਹੈ -

*ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥*
*ਅੰਗ- ੬੮੪*

ਬਾਹਰਲੀ ਖੋਜ, ਬਾਹਰਲੇ ਸਾਧਨਾਂ ਅਤੇ ਉਪਕਰਣਾਂ ਨਾਲ ਕੀਤੀ ਜਾ ਸਕਦੀ ਹੈ। ਪਰ ਅੰਦਰ ਦੀ ਖੋਜ ਕੇਵਲ ਇਕੱਲੇ ਹੀ ਕੀਤੀ ਜਾ ਸਕਦੀ ਹੈ। ਉਥੇ ਕੇਵਲ ਮਨ ਦਾ ਹੀ ਪਰਿਵਾਰ ਹੈ। ('ਮਨ, ਬੁਧ, ਚਿਤ ਤੇ ਅਹੰਭਾਵ) ਜੇ ਮਨ ਸਾਥ ਦੇ ਦੇਵੇ ਤਾਂ ਮੰਜ਼ਿਲ-ਏ-ਮਕਸੂਦ ਸਹਿਜੇ ਪ੍ਰਾਪਤ ਹੋ ਜਾਂਦੀ ਹੈ-

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ- ੩੪੨*

ਭਾਵ -

*ਮਨਿ ਮੈਲੈ ਸਭੁ ਕਿਛੁ ਮੈਲਾ*
*ਤਨਿ ਧੋਤੈ ਮਨੁ ਹਛਾ ਨ ਹੋਇ ॥ ਅੰਗ- ੫੫੮*

ਬਾਹਰ ਦੀਆਂ ਖੋਜਾਂ ਵਿਚ ਸਾਧਨ ਵੀ ਬਾਹਰ ਦੇ ਹਨ। ਰੋਸ਼ਨੀ ਬਾਹਰੋਂ ਮਿਲ ਰਹੀ ਹੈ ਪਰ ਅੰਦਰ ਦੀ ਖੋਜ ਅਤੇ ਅੰਦਰ ਦੀ ਯਾਤਰਾ ਵਾਲੀ ਰੋਸ਼ਨੀ ਅੰਦਰੋਂ ਮਿਲਦੀ ਹੈ। ਉਹ ਸਮਰੱਥ ਗੁਰੂ ਤੋਂ ਬਗੈਰ ਮਿਲਣੀ ਸੰਭਵ ਨਹੀਂ ਹੈ -

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*
*ਅੰਗ- ੪੬੩*

*ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*
*ਅੰਗ- ੨੯੩*

ਭਾਵ -

*ਦੀਵਾ ਬਲੈ ਅੰਧੇਰਾ ਜਾਇ ॥*
*ਬੇਦ ਪਾਠ ਮਤਿ ਪਾਪਾ ਖਾਇ ॥*

*ਉਗਵੈ ਸੂਰੁ ਨ ਜਾਪੈ ਚੰਦੁ ॥*

*ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥ ਅੰਗ- ੭੯੧*

ਕਿਤੇ ਐਸੀ ਬਾਤ ਨਾ ਹੋ ਜਾਵੇ ਕਿ ***'ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ॥*** *ਅੰਗ-੧੩੮੦)* ਭਾਵ ਬਾਹਰ ਦੀਆਂ ਰੋਸ਼ਨੀਆਂ, ਬਾਹਰ ਦੀਆਂ ਵਸਤੂਆਂ ਦਾ ਗਿਆਨ ਕਰਵਾ ਸਕਦੀਆਂ ਹਨ, ਪਰ ਗੁਰੂ ਦਾ ਸ਼ਬਦ ਹੀ ਅੰਦਰ ਦੀ ਯਾਤਰਾ ਕਰਵਾ ਸਕਦਾ ਹੈ।

ਆਪਣਾ ਮੂਲ ਪਛਾਨਣਾ, ਚੀਨਣਾ ਤਰਕ ਦਾ ਵਿਸ਼ਾ ਨਹੀਂ ਇਸ ਨੂੰ ਬਾਹਰਲੇ ਸਾਧਨਾਂ ਰਾਹੀਂ ਪ੍ਰਗਟਾਇਆ ਨਹੀਂ ਜਾ ਸਕਦਾ। ਬੁੱਧੀ ਮੰਡਲ ਰਾਹੀਂ ਬੌਧਿਕਤਾ ਦੇ ਬਲ ਨਾਲ ਕੁਝ ਨਹੀਂ ਕੀਤਾ ਜਾ ਸਕਦਾ। ਬੋਧਿਕ ਚਾਨਣ ਇਸ 'ਤੇ ਨਹੀਂ ਪਾਇਆ ਜਾ ਸਕਦਾ। ਇਹ ਤਾਂ ਆਪਣੇ ਆਪ ਪ੍ਰਕਾਸ਼ਮਾਨ ਹੁੰਦੀ ਹੈ। ਮਨੁੱਖ ਦੇ ਹਰ ਵਿਚਾਰ ਤੇ ਵਿਹਾਰ ਦੇ ਪਿੱਛੇ ਉਹ ਵਰਤ ਰਹੀ ਹੈ। ਆਤਮਾ ਦੀ ਕਲਾ ਤੋਂ ਬਿਨਾਂ ਮਨੁੱਖ ਨਾ ਕੁਝ ਸੋਚ ਸਕਦਾ ਹੈ, ਨਾ ਹੀ ਕੁਝ ਕਰ ਸਕਦਾ ਹੈ -

*ਜੈਸੀ ਮਤਿ ਦੇਇ ਤੈਸਾ ਪਰਗਾਸ ॥ ਅੰਗ- ੨੭੫*

ਇਹੀ ਜ਼ਿੰਦਗੀ ਚਲਾ ਰਹੀ ਹੈ। ਹਰ ਅੰਗ ਇਸ ਦੇ ਆਸਰੇ ਐਕਟਿਵ ਹੈ ਭਾਵ ਗਤੀਸ਼ੀਲ ਹੈ। ਜੋ ਮਨੁੱਖ ਇਸ ਦੇ ਗਿਰਦ ਧੁੰਧਲੇਪਣ ਦੀਆਂ ਧੁੰਦਾਂ ਦੇ ਹਨ੍ਹੇਰੇ ਨੂੰ ਚੀਰ ਕੇ ਅੰਦਰ ਝਾਤ ਮਾਰਦਾ ਹੈ ਤਾਂ ਉਸ ਦੀ ਆਤਮਾ ਸਾਖਸ਼ਾਤਕਾਰ ਹੋ ਜਾਂਦੀ ਹੈ, ਭਾਵ-

*ਆਪੁ ਸਵਾਰਹਿ ਮੈ ਮਿਲਹਿ*
*ਮੈ ਮਿਲਿਆ ਸੁਖੁ ਹੋਇ ॥*
*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥*
*ਅੰਗ- ੧੩੮੨*

ਭਾਵ -

*ਆਤਮਾ ਪਰਾਤਮਾ ਏਕੋ ਕਰੈ ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ ॥ ਅੰਗ- ੬੬੧*

ਪਰ ਮਨੁੱਖ ਝੂਠੀ ਮੈਂ ਨੂੰ ਹੀ ਆਪਾ ਮੰਨ ਚੁਕਾ ਹੈ।

*ਇਹੁ ਸਰੀਰੁ ਮਾਇਆ ਕਾ ਪੁਤਲਾ*
*ਵਿਚਿ ਹਉਮੈ ਦੁਸਟੀ ਪਾਈ ॥ ਅੰਗ- ੩੧*

ਆਤਮਾ ਭਰਮ ਨਹੀਂ, ਸੱਚ ਹੈ। ਹਉਮੈ ਭਰਮ ਹੈ, ਝੂਠੀ ਹੈ। ਤਾਂ ਹੀ ਮਹਾਰਾਜ ਫੁਰਮਾਨ ਕਰਦੇ ਹਨ -

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥*
*ਅੰਗ- ੧*

ਸਮਾਧਾਨ ਹੋਇਆ -

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥*
*ਅੰਗ- ੧*

ਇਹ ਕੂੜ ਦੀ ਪਾਲਿ (ਕੰਧ) ਕਿਵੇਂ ਟੁੱਟੇ ਜੋ ਪ੍ਰਮੇਸ਼ਰ ਤੇ ਜੀਵ ਦੇ ਵਿਚਕਾਰ ਜਨਮਾਂ-ਜਨਮਾਂ ਤੋਂ ਪਈ ਹੋਈ ਹੈ। ਇਸੇ ਸਿਧਾਂਤ ਪ੍ਰਥਾਇ ਪਿਆਰੇ ਮਹਾਂਪੁਰਸ਼ਾਂ ਨੇ ਤਿੰਨ ਪੁਸਤਕਾਂ 'ਕਿਵ ਸਚਿਆਰਾ ਹੋਈਐ' ਸਿਰਲੇਖ ਹੇਠ ਲਿਖੀਆਂ ਤੇ ਚੌਥੀ ਪੁਸਤਕ ਵਿਚ 'ਕਿਵ ਕੂੜੈ ਤੁਟੈ ਪਾਲਿ' ਦੇ ਸਿਧਾਂਤ ਨੂੰ ਸਰਲ ਸ਼ੈਲੀ ਵਿਚ ਅਨੁਭਵੀ ਪ੍ਰਵਚਨਾਂ ਦੁਆਰਾ ਪ੍ਰਗਟਾਇਆ ਹੈ। ਜੋ ਅਜੋਕੇ ਸਮੇਂ ਵਿਚ ਜਗਿਆਸੂ ਜਨਾਂ ਲਈ, ਵਰਦਾਨ ਸਿੱਧ ਹੋ ਰਹੀ ਹੈ। ਆਤਮਾ ਨੂੰ ਚੀਨਣਾ, ਆਪਣੇ ਆਪ ਦੀ ਪਛਾਣ ਕਰਨੀ ਹੀ ਆਤਮ ਮਾਰਗ ਦਾ ਮੁੱਖ ਟੀਚਾ ਹੈ। ਇਸੇ ਪ੍ਰਥਾਇ ਅਨੇਕਾਂ ਹੋਰ ਪੁਸਤਕਾਂ, ਆਡੀਓ, ਵੀਡੀਓ, ਸੀਡੀਆਂ ਅੱਜ ਮਹਾਂਪੁਰਸ਼ਾਂ ਦੇ ਪ੍ਰਵਚਨਾਂ ਦੀਆਂ ਤਿਆਰ ਕੀਤੀਆਂ ਗਈਆ ਤਾਂ ਜੋ ਜਗਿਆਸੂ ਜਨਾਂ ਨੂੰ ਕੋਈ ਸਹੀ ਰਸਤਾ ਪ੍ਰਾਪਤ ਹੋ ਸਕੇ। ਅਸੀਂ ਆਤਮ ਮਾਰਗ ਦੇ ਪੈਡਿਆਂ ਦੇ ਸੱਚੇ-ਸੁੱਚੇ ਰਾਹੀ ਬਣ ਕੇ ਮੰਜ਼ਿਲ ਤਕ ਇਸੇ ਜਨਮ ਵਿਚ ਪਹੁੰਚ ਜਾਈਏ। ਤਾਂ ਹੀ ਸਾਡਾ ਸਾਰਿਆਂ ਦਾ ਜੀਵਨ ਸਫ਼ਲ ਹੈ। ਆਉ, ਇਸੇ ਵਿਸ਼ੇ ਨੂੰ ਅੱਗੇ ਤੋਰਦਿਆਂ, ਅਗਲੇ ਅੰਕ ਵਿਚ ਵਿਚਾਰ ਗੁਰੂ ਕ੍ਰਿਪਾ ਸਦਕਾ ਜਾਰੀ ਰਖਾਂਗਾ ਕਿ -

*ਰਤਨੁ ਅਮੋਲੁ ਰਿਦੇ ਮਹਿ ਜਾਨੁ ॥*
*ਅਪਨੀ ਵਸਤੁ ਤੂ ਆਪਿ ਪਛਾਨੁ ॥ ਅੰਗ- ੮੯੨*

ਆਪਣੇ ਆਪ ਦੀ ਪਛਾਣ ਕਰਨ ਵਾਲਾ ਪਾਰਖੂ ਹੈ।

ਭਾਵ -

*ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ ॥ ਅੰਗ- ੧੪੮*

ਬਾਕੀ ਵੀਚਾਰ ਅਗਲੇ ਅੰਕ 'ਚ।

ਭੁਲਾਂ ਚੁਕਾਂ ਦੀ ਖਿਮਾ।

# ਅਸੁਨਿ
# ਸੰਗਰਾਂਦ - ਸਤੰਬਰ 16 (ਦਿਨ ਸੋਮਵਾਰ)

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

**ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥**
**ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥**
**ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥**
**ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥**
**ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥**
**ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥**
**ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥**
**ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥**
**ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥ ੮ ॥**

**ਅੰਗ- ੧੩੫**

ਰੁੱਤਾਂ ਦੇ ਬਦਲਾਅ ਨਾਲ ਦਿਸਦੇ ਸੰਸਾਰ ਦੇ ਵਾਤਾਵਰਣ ਵਿਚ ਬਦਲਾਅ ਆਉਂਦਾ ਹੈ। ਇਸੇ ਤਰ੍ਹਾਂ ਜੀਵ ਦੀ ਆਤਮਿਕ ਅਵਸਥਾ ਦਾ ਬਦਲਾਅ ਮਨੁੱਖ ਦੇ ਵਿਹਾਰਿਕ ਜੀਵਨ ਵਿਚ ਬਦਲਾਅ ਲਿਆਉਂਦਾ ਹੈ। ਜੇਠ-ਹਾੜ ਦੀ ਤਪਸ਼ ਨੇ ਸਤਾ ਦਿਤਾ ਸੀ। ਫਿਰ ਭਾਦੁਇ (ਦੂਜੇ ਭਾਵ) ਦੇ ਭਰਮਾਂ ਦੀ ਭੜਾਸ ਨੇ ਬੇਚੈਨੀ ਵਿਚ ਕਰ ਦਿਤਾ। ਹੁਣ ਇਕ ਅਰਜ਼ੋਈ ਹੈ ਕਿ ਸਰਦ ਰੁੱਤ ਆਵੇ। ਬਾਹਰੀ ਤੇ ਅੰਦਰੂਨੀ ਤੌਰ 'ਤੇ ਠੰਢਕ ਦਾ ਵਾਤਾਵਰਣ ਬਣੇ।

ਅਸੁਨਿ ਦਾ ਮਹੀਨਾ ਸਰਦੀ ਪ੍ਰਵੇਸ਼ ਦਾ ਸਮਾਂ ਹੈ।

*ਰੁਤਿ ਸਰਦ ਅਡੰਬਰੋ ਅਸੂ ਕਤਕੇ ਹਰਿ ਪਿਆਸ ਜੀਉ ॥*

*ਅੰਗ- ੯੨੮*

ਅਡੰਬਰ ਭਾਵ ਸ਼ੁਰੂਆਤੀ ਦੌਰ ਦੀ ਤਿਆਰੀ ਜਾਂ ਉਪਰਾਲਾ। ਅੱਸੂ-ਕਤਕ ਦਾ ਮਹੀਨਾ ਸਰਦੀ ਦੀ ਰੁੱਤ ਦਾ ਅਡੰਬਰ ਹੈ, ਭਾਵ ਤਿਆਰੀ ਹੈ। ਅਜੇ ਸੀਤਲਤਾ ਨੇ ਆਉਣਾ ਹੈ। ਸਰਦ ਰੁੱਤ ਦੀ ਤਿਆਰੀ ਹੈ। ਅੰਦਰੂਨੀ ਅਵਸਥਾ ਵਿਚ ਵੀ ਬਦਲਾਅ ਆਵੇਗਾ। ਇਸ ਤੋਂ ਪਹਿਲਾਂ ਗੁਰੂ ਪਿਆਰੇ ਨਾਲੋਂ ਵਿਛੜ ਕੇ ਜੀਵ ਤਪ ਰਿਹਾ ਸੀ। ਸੰਸਾਰਿਕ ਪਦਾਰਥਾਂ ਦੀ ਤਪਸ਼ ਇਸ ਨੂੰ ਸ਼ਾਂਤੀ ਦੇਣ ਤੋਂ ਅਸਮਰੱਥ ਸੀ। ਭਾਵ - ***'ਜੀਉ ਤਪਤੁ ਹੈ ਬਾਰੋ ਬਾਰ ॥ ਤਪਿ ਤਪਿ ਖਪੈ ਬਹੁਤੁ ਬੇਕਾਰ ॥ ' (ਅੰਗ-੬੬੧)*** ਜਦੋਂ ਪੂਰੇ ਗੁਰੂ ਦੀ ਬਖਸ਼ਿਸ਼ ਹੋਈ ਤਾਂ ਨਾਮ ਰੂਪੀ ਸੀਤਲਤਾ ਦੀ ਪ੍ਰਾਪਤੀ ਹੋਈ।

*ਤਪਤ ਕੜਾਹਾ ਬੁਝਿ ਗਇਆ*
*ਗੁਰਿ ਸੀਤਲ ਨਾਮੁ ਦੀਓ ॥ ੧ ॥ ਰਹਾਉ ॥*

*ਅੰਗ- ੧੦੦੨*

ਸੀਤਲਤਾ ਦਾ ਭਾਵ ਪ੍ਰਭੂ ਮਿਲਾਪ, ਪਰ ਪ੍ਰਭੂ ਮਿਲਾਪ ਵਾਸਤੇ ਵੀ ਤਿਆਰੀ ਦੀ ਲੋੜ ਹੈ -

*ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥*
*ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥*

*ਅੰਗ- ੧੩੭੮*

ਉਸ ਤਿਆਰੀ ਦੇ ਵਾਤਾਵਰਣ ਦਾ ਨਾਮ ਹੀ ਅੱਸੂ ਭਾਵ ਅਡੰਬਰ ਹੈ।

ਧਰਤੀ ਦਾ ਸੂਰਜ ਦੇ ਨੇੜੇ ਹੋ ਜਾਣ ਜਾਂ ਦੂਰ ਹੋਣ ਨਾਲ ਰੁੱਤਾਂ 'ਚ ਗਰਮੀ ਸਰਦੀ ਦਾ ਮੌਸਮ ਚਲਦਾ ਰਹਿਣਾ ਹੈ। ਇਹ ਇਕ ਕੁਦਰਤੀ ਨਿਯਮ ਹੈ -

*ਭੈ ਵਿਚਿ ਧਰਤੀ ਦਬੀ ਭਾਰਿ ॥*
*ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥*
*ਭੈ ਵਿਚਿ ਰਾਜਾ ਧਰਮੁ ਦੁਆਰੁ ॥*
*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥*
*ਕੋਹ ਕਰੋੜੀ ਚਲਤ ਨ ਅੰਤੁ ॥ ਅੰਗ- ੪੬੪*

ਪਰ ਗੁਰੂ ਸਾਹਿਬ ਅੰਦਰਲੀ ਅਵਸਥਾ ਦੇ ਬਦਲਾਅ ਦੀ ਵਿਚਾਰ ਕਰਦੇ ਹਨ। ਹੁਣ ਅੰਦਰਲੀ ਅਵਸਥਾ ਵਿਚ ਕਿਵੇਂ ਬਦਲਾਅ ਆਵੇ; ਇਸ ਵਾਸਤੇ ਉਪਰਾਲੇ ਦੀ ਲੋੜ ਹੈ। ਉਹ ਉਪਰਾਲਾ ਇਸ ਤਰ੍ਹਾਂ ਕਰਨਾ ਹੈ -

*ਅਸੁਨਿ ਆਉ ਪਿਰਾ ਸਾ ਧਨ ਝੂਰਿ ਮੁਈ ॥*
*ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ ॥ ਅੰਗ- ੧੧੦੮*

ਦੁਇ ਭਾਵ ਵਿਚ ਭਾਵ ਭਰਮ ਦੇ ਰਸਤੇ ਵਿਚ ਆ ਕੇ ਜੀਵ ਆਤਮਾ ਗੁਆਚ ਗਈ। ਹੁਣ ਭਰਮਾਂ ਵਿਚ ਪਈ ਕਿਵੇਂ ਬਾਹਰ ਨਿਕਲੇ? ਇਸਦਾ ਬਾਹਰ ਨਿਕਲਣ ਦਾ ਸੁਖਾਲਾ ਤਰੀਕਾ ਹੈ 'ਪ੍ਰੇਮ'। ਪਹਿਲਾਂ ਹਿਰਦੇ ਵਿਚ ਪ੍ਰੇਮ, ਪ੍ਰੀਤ ਤੇ ਚਾਉ ਦੀ ਜ਼ਰੂਰਤ ਹੈ। ਅਸੁਨਿ ਦੇ ਮਹੀਨੇ ਨੂੰ ਪ੍ਰਤੀਕ ਬਣਾ ਕੇ ਸੱਚੇ ਪਾਤਸ਼ਾਹ ਬਖਸ਼ਿਸ਼ ਕਰ ਰਹੇ ਹਨ ਕਿ -

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥

ਜੇਕਰ ਜੀਵ ਦੇ ਅੰਦਰ ਉਸ ਦੇ ਪਿਆਰੇ ਦੇ ਮਿਲਾਪ ਦੀ ਖਿੱਚ ਬਣੀ ਤਾਂ ਸਮਝੋ ਕਿ ਅਸੁਨਿ ਦਾ ਵਾਤਾਵਰਣ ਸਿਰਜਿਆ ਗਿਆ ਹੈ। ਇਹ ਪ੍ਰਭੂ ਪ੍ਰੇਮ ਦੀ ਖਿੱਚ ਕਦੇ ਵੀ, ਕਿਸੇ ਸਮੇਂ ਵੀ ਜੀਵ ਦੇ ਅੰਦਰ ਪੈਦਾ ਹੋ ਜਾਏ ਉਸੇ ਵੇਲੇ 'ਅਸੁਨਿ' ਬਣ ਜਾਵੇਗਾ। ਭਾਵ ਪ੍ਰਭੂ ਦੇ ਮਿਲਾਪ ਦਾ ਉਪਰਾਲਾ ਸ਼ੁਰੂ ਹੋ ਜਾਵੇਗਾ।

ਮਨਿ ਤਨਿ ਪਿਆਸ ਦਰਸਨ ਘਣੀ
ਕੋਈ ਆਣਿ ਮਿਲਾਵੈ ਮਾਇ ॥

ਹੁਣ ਇਕ ਅੰਦਰ ਵੇਦਨਾ ਉਠੀ, ਕੋਈ ਮਿਲਾ ਦੇਵੇ ਮੇਰੇ ਪਿਆਰੇ ਨੂੰ -

*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ ॥ ਅੰਗ- ੭੫੭*

*ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥*
*ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥*
*੧ ॥ ਰਹਾਉ ॥ ਅੰਗ- ੭੦੧*

ਐਸੀ ਅਵਸਥਾ ਬਣ ਜਾਂਦੀ ਹੈ ਕਿ ਤਨ ਮਨ ਧਨ ਸਭ ਕੁਝ ਗੁਰੂ ਨੂੰ ਅਰਪਣ ਕਰ ਦਿਤਾ ਜਾਵੇ।

*ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥*
*ਅੰਗ- ੫੫੮*

ਹੁਣ ਗੁਰੂ ਦੀ ਲੋੜ ਹੈ। ਗੁਰੂ ਦਾ ਪਿਆਰ ਹੀ ਇਸ ਨੂੰ ਪ੍ਰਭੂ ਮਿਲਾਪ ਦਾ ਆਤਮ ਮਾਰਗ ਦ੍ਰਿੜ੍ਹ ਕਰਵਾਏਗਾ। ਜਿਹੜੇ ਆਤਮ ਮਾਰਗ ਦੇ ਰਾਹੀ ਹਨ ਉਨ੍ਹਾਂ ਕੋਲ ਜਾਣਾ ਪੈਣਾ ਹੈ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਅੰਗ - ੫੨੦*

ਅਰਦਾਸ ਹੈ -

*ਸੇਈ ਪਿਆਰੇ ਮੇਲ*
*ਜਿਨਾਂ ਮਿਲਿਆ ਤੇਰਾ ਨਾਮ ਚਿਤ ਆਵੈ।*

ਭਾਵ-

ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥

ਰੱਬ ਦੇ ਪਿਆਰਿਆਂ ਦੀ ਸੰਗਤ ਵਿਚ ਜਾ ਕੇ, ਪ੍ਰੇਮ ਵਿਚ ਭਿੱਜ ਕੇ ਰੂਹਾਨੀ ਮਾਰਗ ਦੇ ਧਾਰਨੀ ਬਣ ਸਕੀਦਾ ਹੈ। ਜਦੋਂ ਪ੍ਰੇਮ ਦੀ ਖਿੱਚ ਪੈਦਾ ਹੋ ਗਈ ਫਿਰ ਉਪਰਾਲੇ ਸ਼ੁਰੂ ਹੋਣਗੇ। ਹੀਲੇ ਵਸੀਲੇ ਲੱਭਣੇ ਪੈਣਗੇ। ਆਲਸ ਦਾ ਤਿਆਗ ਕਰ ਉਦਮ ਕਰਨਾ ਪਵੇਗਾ।

*ਪ੍ਰਭ ਮਿਲਬੇ ਕੀ ਲਾਲਸਾ*
*ਤਾ ਤੇ ਆਲਸੁ ਕਹਾ ਕਰਉ ਰੀ ॥ ੧ ॥ ਰਹਾਉ ॥*
*ਅੰਗ - ੩੯੯*

ਹੁਣ ਗੁਰੂ ਦਾ ਪੱਲਾ ਫੜ ਕੇ ਤੁਰਨਾ ਹੈ -

*ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ*
*ਕਿਉ ਚਾਲਹ ਗੁਰ ਚਾਲੀ ॥*
*ਸਤਗੁਰੁ ਦਇਆ ਕਰੇ ਸੁਖਦਾਤਾ*
*ਹਮ ਲਾਵੈ ਆਪਨ ਪਾਲੀ ॥ ਅੰਗ- ੬੬੭*

ਗੁਰੂ ਉਪਦੇਸ਼ ਹੀ ਗੁਰੂ ਦਾ ਪੱਲਾ ਹੈ। ਗੁਰ ਉਪਦੇਸ਼ਾਂ ਦੀ ਕਮਾਈ ਹੀ ਸੁੱਖਾਂ ਦੀ ਪ੍ਰਾਪਤੀ ਹੈ। ਗੁਰੂ ਦੀ ਸ਼ਰਨ ਤੋਂ ਬਿਨਾਂ ਹੋਰ ਕਿਤੇ ਸੁਖ ਨਹੀਂ -

*ਪ੍ਰਭ ਕੀ ਸਰਣਿ ਸਗਲ ਭੈ ਲਾਥੇ*
*ਦੁਖ ਬਿਨਸੇ ਸੁਖੁ ਪਾਇਆ ॥ ਅੰਗ- ੬੧੫*

ਭਾਵ -

*ਸਤਿਗੁਰ ਆਇਓ ਸਰਣਿ ਤੁਹਾਰੀ ॥*
*ਮਿਲੈ ਸੁਖੁ ਨਾਮੁ ਹਰਿ ਸੋਭਾ*
*ਚਿੰਤਾ ਲਾਹਿ ਹਮਾਰੀ ॥ ੧ ॥ ਰਹਾਉ ॥ ਅੰਗ- ੭੧੩*

ਜੇ ਸਦੀਵੀ ਸੁਖ ਚਾਹੀਦੇ ਹਨ ਤਾਂ ਪ੍ਰਭੂ ਦੀ ਓਟ, ਗੁਰੂ ਦੀ ਸ਼ਰਨ ਲਵੋ।

*ਜਉ ਸੁਖ ਕਉ ਚਾਹੈ ਸਦਾ*
*ਸਰਨਿ ਰਾਮ ਕੀ ਲੇਹ ॥ ਅੰਗ- ੧੪੨੭*

ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥

ਫਿਰ ਸੱਚੇ ਪਾਤਸ਼ਾਹ ਤਪਸ਼ ਵਿਚ ਵੀ ਠੰਢ ਵਰਤਾ ਦਿੰਦੇ ਹਨ –

*ਤਪਤਿ ਮਾਹਿ ਠਾਢਿ ਵਰਤਾਈ ॥*
*ਅਨਦੁ ਭਇਆ ਦੁਖ ਨਾਠੇ ਭਾਈ ॥ ਅੰਗ- ੨੯੭*

ਉਹੀ ਜੇਠ-ਹਾੜ ਦਾ ਮਹੀਨਾ ਪੋਹ-ਮਾਘ ਦੀ ਰੁੱਤ ਵਾਂਗ ਬਣ ਜਾਂਦਾ ਹੈ। ਭਾਵ –

ਜਿੰਨ੍ੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥

ਪ੍ਰੇਮ ਰਸ ਨੂੰ ਭੁੰਚਣ ਵਾਲਿਆਂ ਨੂੰ ਸਦਾ ਦਾ ਰਜੇਵਾਂ ਪ੍ਰਾਪਤ ਹੋ ਗਿਆ ਭਾਵ ਤ੍ਰਿਪਤੀ ਮਿਲ ਗਈ। ਤ੍ਰਿਸ਼ਨਾ ਰੂਪੀ ਭੁੱਖ ਖਤਮ ਹੋ ਗਈ। ਭਾਵ –

*ਜਿਨ੍ਾ ਭੇਟਿਆ ਮੇਰਾ ਪੂਰਾ ਸਤਿਗੁਰੂ*
*ਤਿਨ ਹਰਿ ਨਾਮੁ ਦ੍ਰਿੜਾਵੈ ਰਾਮ ਰਾਜੇ ॥*
*ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ*
*ਜੋ ਹਰਿ ਨਾਮੁ ਧਿਆਵੈ ॥ ਅੰਗ- ੪੫੧*

ਤ੍ਰਿਸ਼ਨਾ ਦੀ ਤਪਸ਼ ਨੂੰ ਬੁਝਾਉਣ ਦੀ ਸਮਰੱਥਾ ਕੇਵਲ ਗੁਰੂ ਦਾ ਪ੍ਰੇਮ ਹੈ। ਜਿਥੇ ਗੁਰੂ ਪ੍ਰੇਮ ਹੈ ਉਥੇ ਤ੍ਰਿਸ਼ਨਾ ਦੀ ਅੱਗ ਖਤਮ ਹੈ। ਅੰਦਰ ਪ੍ਰੇਮ ਰਸ ਨੇ ਰੱਜ ਭਰ ਦਿਤਾ। ਦੁਨਿਆਵੀ ਲਾਲਸਾਵਾਂ ਖਤਮ ਹੋ ਗਈਆਂ। ਹੁਣ ਅਵਸਥਾ ਬਦਲ ਗਈ –

ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥

ਹੁਣ ਪ੍ਰਭੂ ਦੇ ਮਿਲਾਪ ਦੀ ਜੋਦੜੀ ਹੈ। ਆਪਣਾ ਆਪਾ ਤਿਆਗ ਕੇ ਜੀਵ ਬੇਨਤੀ ਕਰਦਾ ਹੈ –

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*
*ਅੰਗ- ੧੩੭੫*

ਹੁਣ ਸਦਾ ਦਾ ਮਿਲਾਪ ਪ੍ਰਾਪਤ ਹੋ ਗਿਆ –

ਜੋ ਹਰਿ ਕੰਤਿ ਮਿਲਾਈਆ
ਸਿ ਵਿਛੁੜਿ ਕਤਹਿ ਨ ਜਾਇ ॥

ਇਹ ਉਸ ਦਾ ਬਿਰਧ ਹੈ। ਉਹ ਆਪਣੇ ਬਿਰਧ ਬਾਣੇ ਦੀ ਲਾਜ ਰੱਖਦਾ ਹੈ। ਉਸਦਾ ਸੁਭਾਅ ਹੈ –

*ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ*
*ਇਹ ਰੀਤਿ ਭਲੀ ਭਗਵੰਤੈ ॥ ਅੰਗ- ੨੪੯*

ਹੁਣ ਭਰਮਾਂ ਵਿਚੋਂ ਨਿਕਲ ਕੇ ਮਿਲਾਪ ਦੀ ਅਵਸਥਾ ਪ੍ਰਾਪਤ ਹੋ ਗਈ। ਉਸ ਨੂੰ ਛੱਡ ਕੇ ਹੋਰ ਕਿਤੇ ਜਾਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥

ਹੁਣ ਉਸ ਦੀ ਬਖਸ਼ਿਸ਼ ਤੋਂ ਬਗੈਰ ਕੋਈ ਮੰਗ ਨਹੀਂ ਰਹੀ।

ਅਸੁ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥

ਉਹ ਜੀਵ ਸੁਖੀ ਹਨ ਜਿਨ੍ਹਾਂ ਨੂੰ ਪ੍ਰਮੇਸ਼ਰ ਦੀ ਨੇੜਤਾ ਪ੍ਰਾਪਤ ਹੈ। ਆਉ! ਜੀਵਨ ਨੂੰ 'ਭਾਦੁਇ ਦੀਆਂ ਭਰਮ ਭੁਲਾਈਆ' ਵਿਚੋਂ ਕੱਢ ਕੇ, ਗੁਰੂ ਦੇ ਬਖਸ਼ੇ ਉਪਦੇਸ਼ ਨੂੰ ਜੀਵਨ ਅੰਦਰ ਦ੍ਰਿੜ੍ਹ ਕਰਨ ਦਾ ਯਤਨ ਕਰੀਏ ਤਾਂ ਜੋ ਸਦਾ ਦਾ ਸੁਖੀ ਜੀਵਨ ਪ੍ਰਾਪਤ ਹੋ ਜਾਵੇ।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।
2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।
3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।

# ਚਉਥੈ ਪਹਰਿ ਸਬਾਹ ਕੈ
# ਸੁਰਤਿਆ ਉਪਜੈ ਚਾਉ

## ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥

### (ਅੰਮ੍ਰਿਤ ਵੇਲੇ ਆਸਾ ਜੀ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਵਾਹਿਗੁਰੂ ਜੀ ਦੀ ਆਪ ਦੇ ਉਤੇ ਬਖਸ਼ਿਸ਼ ਹੈ ਕਿ ਘੋਰ ਕਲਜੁਗ ਦੇ ਅੰਦਰ ਜਦੋਂ ਆਦਮੀ ਦੀ ਸੁੱਧ-ਬੁੱਧ ਕਲਜੁਗ ਨੇ ਨਾਸ਼ ਕਰ ਦਿਤੀ, ਓਸ ਵੇਲੇ ਵੀ ਆਪ ਦੇ ਮਨ ਵਿਚ ਗੁਰੂ ਦਾ ਪਿਆਰ, ਸਤਿਕਾਰ, ਬਾਣੀ ਦਾ ਪਿਆਰ ਤੇ ਲਗਨ ਹੈ। ਆਪ ਦੇ ਉਤਸ਼ਾਹ ਤੇ ਲਗਨ ਨੂੰ ਦੇਖਦੇ ਹੋਏ ਮਨ ਵਿਚ ਆਉਂਦਾ ਹੈ ਕਿ ਸੱਚੇ ਪਾਤਸ਼ਾਹ! ਆਪਣੀ ਸੋਝੀ ਦੇਹ ਕਿਉਂਕਿ ਬਹੁਤ ਥੋੜ੍ਹੇ ਬੰਦੇ ਨੇ ਜਿਨ੍ਹਾਂ ਨੂੰ ਸੋਝੀ ਹੋਇਆ ਕਰਦੀ ਹੈ। ਮਹਾਰਾਜ ਕਹਿੰਦੇ ਨੇ ਕਿ ਜੇ ਤਾਂ ਸੋਝੀ ਹੋਵੇ ਤਾਂ ਉਹ ਆਦਮੀ ਗਿਣਿਆ ਜਾਦਾ ਹੈ, ਜੇ ਸੋਝੀ ਨਾ ਹੋਵੇ ਤਾਂ ਉਹ ਪਸ਼ੂ ਹੋਇਆ ਕਰਦਾ ਹੈ -

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*
*ਅੰਗ- ੨੫੧*

ਸੋ ਬੁੱਝਣ ਵਾਲੀ ਗੱਲ ਕਿਹੜੀ ਹੈ। ਮਹਾਰਾਜ ਕਹਿੰਦੇ, ਜੇ ਤਾਂ ਬੁੱਝ ਲਿਆ, ਫੇਰ ਤਾਂ ਤੂੰ ਮਨੁੱਖ ਹੈਂ, ਮਨੁੱਖ ਤੋਂ ਦੇਵਤਾ ਬਣ ਜਾਦਾ ਹੈ, ਦੇਵਤੇ ਤੋਂ ਪ੍ਰਮੇਸ਼ਰ ਬਣ ਜਾਂਦਾ ਹੈ। ਜੇ ਨਹੀਂ ਬੁੱਝਿਆ ਤਾਂ ਮਨੁੱਖ ਤੋਂ ਭੂਤ ਪ੍ਰੇਤ ਬਣ ਜਾਂਦਾ ਹੈ, ਜਾਨਵਰ ਬਣ ਜਾਂਦਾ ਹੈ। ਇਹ ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਹੈ - ਕਲਜੁਗ ਦੇ ਅੰਦਰ ਕਿ ਛੋਟੇ ਤੋਂ ਛੋਟਾ ਸਾਧਨ ਜਿਹੜੇ ਗ੍ਰਹਿਸਤੀ ਲੋਕ ਬਾਲ ਬੱਚਿਆਂ ਨੂੰ ਪਾਲਦੇ ਹੋਏ, ਖੇਤੀਬਾੜੀ ਕਰਦੇ ਹੋਏ, ਨੌਕਰੀਆਂ ਚਾਕਰੀਆਂ, ਵਣਜ-ਵਪਾਰ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਕਿਸ ਤਰ੍ਹਾਂ ਦੇ ਨਾਲ ਆਪਣੇ ਮੰਤਵ ਨੂੰ ਪ੍ਰਾਪਤ ਕਰ ਸਕਦੇ ਹਨ। ਗੁਰੂ ਮਹਾਰਾਜ ਜੀ ਨੇ ਦੋ ਤਿੰਨ ਸਾਧਨ ਦੱਸੇ ਨੇ, ਪਹਿਲਾ ਤਾਂ ਹੈ ਸਤਿਸੰਗ। ਸਤਿਸੰਗ ਉਹ ਹੁੰਦੀ ਹੈ ਜਿਥੇ ਪ੍ਰਮੇਸ਼ਰ ਦੇ ਨਾਮ ਦੀ ਬਾਤ ਹੋਵੇ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ- ੭੨*

ਦੂਸਰਾ ਹੋਇਆ ਕਰਦਾ ਹੈ ਕਿ ਕੋਈ ਬੰਦਾ ਨਿਗੁਰਾ ਨਾ ਰਹੇ। ਗੁਰੂ ਵਾਲਾ ਹੋਣਾ ਚਾਹੀਦਾ ਹੈ ਕਿਉਂਕਿ ਗੁਰੂ ਵਾਲੇ ਤੋਂ ਬਗੈਰ ਉਹਦੀ ਗਤੀ ਨਹੀਂ ਹੁੰਦੀ। ਗਤੀ ਨਾ ਹੋਣ ਕਰਕੇ ਉਹ ਫੇਰ ਘੁੰਮਦਾ ਰਹਿੰਦਾ ਹੈ ਤੇ ਜਦ ਅਸੀਂ ਗੁਰੂ ਧਾਰਨ ਕਰ ਲੈਂਦੇ ਹਾਂ ਤਾਂ ਸਾਨੂੰ ਪੰਜ ਪਿਆਰੇ ਮੰਤਰ ਦਿੰਦੇ ਨੇ, ਵਾਹਿਗੁਰੂ ਮੰਤਰ ਦਿੰਦੇ ਨੇ ਕਿ ਇਹਦੀ ਕਮਾਈ ਕਰੋ। ਉਹਦੀ ਕਮਾਈ ਕਰਨ ਨਾਲ ਕੀ ਹੁੰਦਾ ਹੈ, ਜਿਹੜੇ ਕੰਮ ਨੂੰ ਅਸੀਂ ਆਏ ਹਾਂ, ਉਹ ਸਾਨੂੰ ਪ੍ਰਾਪਤ ਹੋਣਾ ਸ਼ੁਰੂ ਹੋ ਜਾਂਦਾ ਹੈ। ਅਸੀਂ ਆਏ ਹਾਂ -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ- ੧੨*

83 ਲੱਖ, 99 ਹਜ਼ਾਰ, 999 ਜੂਨਾਂ ਕੁੱਤਿਆਂ, ਬਿੱਲਿਆਂ ਦੀਆਂ, ਪੰਛੀਆਂ ਦੀਆਂ, ਸੱਪਾਂ ਦੀਆਂ, ਦਰੱਖਤਾਂ ਦੀਆਂ, ਪਹਾੜਾਂ ਦੀਆਂ, ਮੱਛੀਆਂ ਦੀਆਂ, ਪਾਨੀ ਦੇ ਜੀਵਾਂ ਦੀਆ, ਸਾਰੀਆਂ 'ਚੋਂ ਲੰਘ ਕੇ ਅਸੀਂ ਮਨੁੱਖ ਦੇ ਜਾਮੇ 'ਚ ਆਏ ਹਾਂ। ਹੁਣ ਅਸੀਂ ਪੂਰੇ ਚੱਕਰ (circle) ਦੇ, ਏਸ ਚੱਕਰ ਦੇ ਆਖਰੀ ਸਿਰੇ ਦੇ ਉਤੇ ਪਹੁੰਚੇ ਹਾਂ। ਚਉਰਾਸੀ ਲੱਖਵਾਂ ਡੰਡਾ ਸਾਡੇ ਹੱਥ ਵਿਚ ਹੈ। ਮਹਾਰਾਜ ਕਹਿੰਦੇ ਜੇ ਤਾਂ ਇਹ ਡੰਡਾ ਛੁੱਟ ਗਿਆ ਭਾਈ, ਫੇਰ ਤਾਂ ਬਹੁਤ ਬੁਰੀ ਬਾਤ ਹੋਈ, ਫੇਰ ਤਾਂ ਤੂੰ ਓਸੇ ਚੱਕਰ 'ਚ ਪੈ ਜਾਏਂਗਾ। ਜੇ ਹੁਣ ਨਿਕਲ ਗਿਆ ਤਾਂ ਨਿਕਲ ਗਿਆ -

*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ ॥ ਅੰਗ- ੧੦੭੫*

ਜੋ ਕੁਛ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਬਾਣੀ ਕਹਿੰਦੀ ਹੈ, ਉਨ੍ਹਾਂ ਦੀ ਮਤਿ ਨੂੰ ਧਾਰਨ ਕਰੋ - ਪੂਰੀ ਤਰ੍ਹਾਂ ਦੇ ਨਾਲ। ਜਦੋਂ ਅਸੀਂ ਗੁਰੂ ਦੀ ਮਤਿ ਧਾਰਨ ਕਰਾਂਗੇ, ਫੇਰ ਸਾਡੇ ਤੋਂ ਇਹ ਡੰਡਾ ਨਹੀਂ ਛੁੱਟਦਾ, ਸਰੀਰ ਛੁੱਟ ਜਾਵੇ ਕੋਈ ਗੱਲ ਨਹੀਂ। ਸਾਡਾ ਇਰਾਦਾ ਹੈ ਕਿ ਅਸੀਂ ਚੜ੍ਹਨਾ ਹੈ। ਸਰੀਰ ਛੁੱਟ ਜਾਏਗਾ, ਸਰੀਰ ਹੋਰ ਮਿਲ ਜਾਏਗਾ, ਫੇਰ ਮਨੁੱਖ ਦਾ ਮਿਲ ਜਾਏਗਾ। ਜੇ ਕਿਤੇ ਅਸੀਂ ਆਪਣੇ ਮਨ ਦੀ ਮਤਿ ਧਾਰਨ ਕਰ ਲਈ, ਫੇਰ ਅਸੀਂ

ਕੁੱਤੇ, ਬਿੱਲੇ, ਸ਼ੇਰ, ਸੱਪ ਬਣਦੇ ਫਿਰਾਂਗੇ। ਸੋ ਇਹ ਗੱਲ ਸਾਡੇ ਸਾਹਮਣੇ ਐਸ ਵੇਲੇ ਬਹੁਤ ਜ਼ਿਆਦਾ, ਸਭ ਤੋਂ ਜ਼ਿਆਦਾ ਮਹੱਤਤਾ ਵਾਲੀ ਹੈ। ਜੋ ਸਾਡਾ ਜੀਵਨ ਹੈ ਜਿਸ ਦੇ ਵਿਚ ਅਸੀਂ ਕਹਿੰਦੇ ਹਾ ਕਿ ਪੈਸੇ ਕਮਾ ਲਈਏ, ਨੌਕਰੀਆਂ ਚਾਕਰੀਆਂ ਕਰ ਲਈਏ, ਉਹ ਤਾਂ ਸਾਧਸੰਗਤ ਜੀ ਵਾਹਿਗੁਰੂ ਨੇ ਮੱਥੇ 'ਚ ਲਿਖ ਕੇ ਭੇਜਿਆ ਹੋਇਆ ਹੈ –

*ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥*
*ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥ ਅੰਗ- ੬੫੩*

ਉਹਦੇ ਵਿਚ ਸਾਰਾ ਸਮਾਂ ਆਪਣਾ ਬਰਬਾਦ ਨਹੀਂ ਕਰਨਾ ਚਾਹੀਦਾ। ਮਹਾਰਾਜ ਕਹਿੰਦੇ, ਇਸ ਤਰ੍ਹਾਂ ਵੀ ਨਾ ਕਰ ਕਿ ਛੱਡ ਕੇ ਤੂੰ ਲਾਂਭੇ ਹੋ ਜਾਹ। ਇਸ ਸੰਸਾਰ ਦੇ ਵਿਚ ਰਹਿ, ਵਿਚ ਰਹਿ ਕੇ ਤਜਰਬਾ ਕਰ ਕਿਉਂਕਿ ਤੂੰ ਗ੍ਰਿਹਸਤ ਵਿਚ ਹੈਂ। ਗ੍ਰਿਹਸਤ ਵਿਚ, ਜਿਵੇਂ ਦੋ ਟਿਊਬਵੈੱਲ ਚਲਦੇ ਹੋਣ ਤਾਂ ਛੇਤੀਂ ਦੇ ਕੇ ਖੇਤ ਭਰ ਜਾਂਦਾ ਹੈ, ਏਸੇ ਤਰ੍ਹਾਂ ਦੇ ਨਾਲ ਗ੍ਰਿਹਸਤ ਵਿਚ ਗੁਰੂ ਮਹਾਰਾਜ ਜੀ ਨੇ ਇਕ ਸੇਵਾ ਤੇ ਸਿਮਰਨ, ਧਰਮ ਦੀ ਕਿਰਤ ਦੱਸੀ ਹੈ –

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥ ਅੰਗ- ੧੨੪੫*

ਮਿਹਨਤ ਕਰਕੇ ਜਦੋਂ ਅਸੀਂ ਦਿੰਦੇ ਹਾਂ – ਗੁਰੂ ਦੇ ਲੇਖੇ, ਫੇਰ ਸਾਨੂੰ ਪ੍ਰਮੇਸ਼ਰ ਦੇ ਰਾਹ ਦੀ ਪਛਾਣ ਹੋਣੀ ਸ਼ੁਰੂ ਹੋ ਜਾਂਦੀ ਹੈ। ਇਹ ਨਾ ਤਾਂ ਬ੍ਰਹਮਚਰੀਯ ਆਸ਼ਰਮ 'ਚ ਹੈ, ਨਾ ਬਾਣ-ਪ੍ਰਸਤ 'ਚ, ਨਾ ਸੰਨਿਆਸ 'ਚ। ਦੂਜੇ ਵਿਚ ਤਾਂ ਲੈਣਾ ਹੀ ਲੈਣਾ ਹੁੰਦਾ ਹੈ, ਦੇਣਾ ਕੁਛ ਨਹੀਂ ਹੁੰਦਾ। ਨਾ ਉਹ ਪੈਦਾ ਕਰਦੇ ਨੇ, ਨਾ ਉਹ ਦਿੰਦੇ ਨੇ। ਇਹ ਜਿਹੜਾ ਮਹਾਰਾਜ ਨੇ ਸਾਨੂੰ ਦੱਸਿਆ ਹੈ, ਗ੍ਰਿਹਸਤ 'ਚ ਰਹੋ, ਕਾਰੋਬਾਰ ਵੀ ਕਰੋ ਤੇ ਤੁਹਾਨੂੰ ਐਨੀ ਤੇਜ਼ ਚੀਜ਼ ਦੇ ਦਿੰਦਾ ਹਾਂ ਕਿ ਜਿਹਦੇ ਨਾਲ ਛੇਤੀ ਹੀ ਤੁਹਾਡਾ ਉਧਾਰ ਹੋ ਜਾਵੇਗਾ।

ਇਕ ਤਾਂ ਉਹ ਕਹਿੰਦੇ ਨੇ ਕਿ ਸਿਮਰਨ ਕਰੋ, ਸਿਮਰਨ ਕਹਿੰਦੇ ਨੇ ਯਾਦ ਨੂੰ। ਯਾਦ ਹੋਵੇ ਵਾਹਿਗੁਰੂ ਦੀ। ਵੈਸੇ ਤਾਂ ਵਾਹਿਗੁਰੂ ਯਾਦ ਨਹੀਂ ਰਹਿੰਦਾ। ਜੇ ਮੈਂ ਤੁਹਾਨੂੰ ਬੇਨਤੀ ਕਰ ਦੇਵਾਂ ਕਿ ਪ੍ਰਮੇਸ਼ਰ ਬਿਲਕੁਲ ਸੱਚ ਹੈ – ਜੇ ਮੰਨ ਲਓਂ ਏਸ ਗੱਲ ਨੂੰ। ਸਾਡੇ ਅੰਦਰ ਬਾਹਰ ਹਰ ਥਾਂ ਵਾਹਿਗੁਰੂ ਹੈ, ਕੋਈ ਥਾਂ ਐਸਾ ਨਹੀਂ ਜਿਥੇ ਵਾਹਿਗੁਰੂ ਨਹੀਂ ਹੈ। ਏਸ ਗੱਲ ਦੇ ਉਤੇ ਵਿਸ਼ਵਾਸ਼ ਲਿਆਉ। ਪਰ ਇਸ ਦਾ ਮਨ ਮੰਨਦਾ ਨਹੀਂ, ਏਸ ਗੱਲ ਨੂੰ ਭੁੱਲਿਆ ਰਹਿੰਦਾ ਹੈ, ਭੁੱਲ 'ਚ ਪਿਆ ਰਹਿੰਦਾ ਹੈ। ਮਾਇਆ ਦਾ ਅਸਰ ਹੋਣ ਕਰਕੇ ਹਰ ਵਕਤ ਭੁੱਲਿਆ ਰਹਿੰਦਾ ਹੈ। ਇਹਦੀ ਯਾਦ ਵਿਚ ਨਹੀਂ ਇਹ ਵਸਦਾ। ਮਹਾਰਾਜ ਜੀ ਕਹਿੰਦੇ ਨੇ ਕਿ ਤੁਸੀਂ ਮੰਤਰ ਲੈ ਲਓ ਪਹਿਲਾਂ – ਪੰਜ ਪਿਆਰਿਆਂ ਤੋਂ, ਫੇਰ ਉਸ ਮੰਤ੍ਰ ਦਾ ਜਾਪ ਕਰੀ ਜਾਉ। ਉਹ ਵਾਹਿਗੁਰੂ ਮੰਤ੍ਰ ਦਿੰਦੇ ਹਨ – ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਤੁਸੀਂ ਕਰੀ ਜਾਉ। ਜੇ ਹੋਰ ਕੁਛ ਨਹੀਂ ਨਾ ਆਉਂਦਾ ਤੁਹਾਨੂੰ, ਜਪੁਜੀ ਸਾਹਿਬ ਨਹੀਂ ਯਾਦ ਹੁੰਦਾ, ਸੁਖਮਨੀ ਸਾਹਿਬ ਯਾਦ ਨਹੀਂ ਹੁੰਦਾ, ਜਾਪੁ ਸਾਹਿਬ ਯਾਦ ਨਹੀਂ ਹੁੰਦਾ, ਤਾਂ ਆਹ ਤਾਂ ਸਾਰਿਆਂ ਤੋਂ ਹੀ ਸੁਖਾਲਾ ਹੈ–

*ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*

ਜਦੋਂ ਇਹ ਕਰੀਏ ਤਾਂ ਸਾਡਾ ਖਿਆਲ ਇਹ ਹੋਵੇ ਕਿ ਮੈਂ ਓਸ ਵਾਹਿਗੁਰੂ ਦੀਆਂ ਗੱਲਾਂ ਕਰ ਰਿਹਾ ਹਾਂ ਜਿਹੜਾ ਮੇਰੇ ਅੰਦਰ ਵੀ ਹੈ, ਮੇਰੇ ਬਾਹਰ ਵੀ ਹੈ। ਫੇਰ ਜੇ ਇਹ ਵੀ ਔਖਾ ਲਗਦਾ ਹੈ ਤਾਂ ਵਾਹਿਗੁਰੂ-ਵਾਹਿਗੁਰੂ ਕਰੀ ਜਾਉ, ਕਾਰੋਬਾਰ ਵੀ ਕਰੀ ਜਾਉ। ਹਲ ਚਲਾਉਂਦਾ ਹੈ ਆਦਮੀ, ਖੱਬੇ ਪੈਰ ਨਾਲ ਸਤਿਨਾਮੁ ਕਹੀ ਜਾਓ, ਸੱਜੇ ਨਾਲ ਵਾਹਿਗੁਰੂ। ਟਰੈਕਟਰ ਚਲਾਉਂਦਾ ਹੈ, ਧੁਕ-ਧੁਕ ਕਰਦਾ ਹੈ – ਟਰੈਕਟਰ ਸਤਿਨਾਮੁ ਵਾਹਿਗੁਰੂ – ਸਤਿਨਾਮ ਵਾਹਿਗੁਰੂ, ਵਾਹਿਗੁਰੂ-ਵਾਹਿਗੁਰੂ ਇਹ ਵਿਚੋਂ ਸੁਣਨ ਲਗ ਜਾਂਦਾ ਹੈ। ਸਿਰਫ ਮਨ ਮਨਾਉਣ ਦੀ ਗੱਲ ਹੈ। ਇਹਦੇ 'ਚ ਨਾ ਧੂਣੀਆਂ ਤਪਾਣੀਆਂ ਨੇ, ਨਾ ਜਲ ਧਾਰੇ ਕਰਨੇ ਨੇ, ਨਾ ਪੁੱਠੇ ਲਟਕਣਾ ਹੈ, ਨਾ ਭੁੱਖੇ ਰਹਿਣਾ ਹੈ, ਨਾ ਕੰਡਿਆਂ ਤੇ ਸੌਣਾ ਹੈ, ਨਾ ਇਕ ਲੱਤ ਦੇ ਭਾਰ ਖੜ੍ਹਨਾ ਹੈ, ਕਿੱਡਾ ਸੁਖਾਲਾ ਮਹਾਰਾਜ ਜੀ ਨੇ ਸਾਨੂੰ ਰਸਤਾ ਦੇ ਦਿਤਾ ਕਿ ਸਿਰਫ ਜੀਭ ਦਾ ਪ੍ਰਯੋਗ ਕਰੋ, ਜੀਭ ਦੇ ਨਾਲ ਮਨ ਲਗਾ ਲਉ। ਮਨ ਕਿਉਂਕਿ ਹਰ ਬੰਦੇ ਦਾ ਹਰ ਵਕਤ ਸੋਚਦਾ ਹੈ –

*ਚਿੰਤਤ ਹੀ ਦੀਸੈ ਸਭੁ ਕੋਇ ॥*
*ਚੇਤਹਿ ਏਕੁ ਤਹੀ ਸੁਖੁ ਹੋਇ ॥ ਅੰਗ – ੯੩੨*

ਜੇ ਇਕ ਨੂੰ ਯਾਦ ਕਰ ਲਓ, ਮਹਾਰਾਜ ਜੀ ਕਹਿੰਦੇ ਫੇਰ ਸੁਖ ਹੋ ਜਾਇਆ ਕਰਦਾ ਹੈ। ਸੋ ਇਹ ਐਨਾ ਸੁਖਾਲਾ ਰਸਤਾ ਹੈ ਜੋ ਸਾਡਾ ਮਨ ਮੰਨ ਜਾਵੇ – ਏਸ ਗੱਲ ਨੂੰ ਕਿ ਮੈਂ ਲੰਘਣਾ ਹੀ ਲੰਘਣਾ ਹੈ –

ਇਸੇ ਜਨਮ 'ਚ। ਜੇ ਮਨ ਨਹੀਂ ਮੰਨਦਾ, ਫੇਰ ਸਾਨੂੰ ਬੜੇ ਲੰਮੇ ਸਾਧਨ ਕਰਨੇ ਪੈਂਦੇ ਨੇ। ਓਹਦੇ ਵਾਸਤੇ ਫੇਰ ਸਾਨੂੰ ਬਾਰ-ਬਾਰ ਸਤਿਸੰਗਾਂ 'ਚ ਜਾਣਾ ਪੈਂਦਾ ਹੈ, ਬਾਰ-ਬਾਰ ਤੱਤ ਬੇਤੇ ਮਹਾਂਪੁਰਸ਼ਾਂ ਦੇ ਬਚਨ ਸੁਣਨੇ ਪੈਂਦੇ ਨੇ, ਬਾਰ-ਬਾਰ ਸਾਨੂੰ ਸੇਵਾ, ਸਾਧਨ, ਸਿਮਰਨ, ਦਾਨ, ਪੁੰਨ ਬੇਅੰਤ ਕਿਸਮ ਦੀਆਂ ਚੀਜ਼ਾਂ ਕਰਨੀਆਂ ਪੈਂਦੀਆਂ ਨੇ ਕਿਉਂਕਿ ਅਸੀਂ ਯਾਦ ਵਿਚ ਵਸਾਉਣਾ ਹੈ ਇਸ ਨੂੰ।

ਇਹ ਇਕ ਜਨਮ ਦੀ ਖੇਡ ਨਹੀਂ ਕਿ ਇਕ ਜਨਮ ਵਿਚ ਮਿਲ ਕੇ ਸਭ ਹੋ ਜਾਂਦਾ ਹੈ। ਉਹ ਭਾਗਾਂ ਵਾਲੇ ਬੰਦੇ ਨੇ ਜਿਹੜੇ ਪਿਛਲੇ ਜਨਮਾਂ ਵਿਚ ਵੀ ਬੰਦਗੀ ਕਰਦੇ ਆਏ ਨੇ। ਉਹਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਜਿਨ੍ਹਾਂ ਨੇ ਪਿੱਛੇ ਨਾਮ ਜਪਿਆ ਹੁੰਦਾ ਹੈ, ਉਨ੍ਹਾਂ ਨੂੰ ਐਸ ਜਨਮ ਵਿਚ, ਬਚਪਨ ਵਿਚ ਹੀ ਸਾਧੂ, ਮਹਾਂਪੁਰਸ਼ਾਂ ਦਾ ਸੰਗ ਮਿਲ ਜਾਇਆ ਕਰਦਾ ਹੈ ਤੇ ਉਹ ਪ੍ਰਮੇਸ਼ਰ ਦਾ ਨਾਮ ਜਪਣ ਲਗ ਜਾਂਦੇ ਨੇ। ਸਾਡਾ ਇਰਾਦਾ ਹੋਣਾ ਚਾਹੀਦਾ ਹੈ ਕਿ ਅਸੀਂ ਨਾਮ ਜਪੀਏ। ਉਹਦੇ ਵਾਸਤੇ ਕੁਛ ਰਹਿਤਾਂ ਰੱਖਣੀਆਂ ਪੈਂਦੀਆਂ ਨੇ। ਓਥੇ ਨਾਮ ਜਪਿਆ ਨਹੀਂ ਜਾਂਦਾ ਜਿਥੇ ਕੁਰਹਿਤਾਂ ਹੋਣ। ਇਹਦੇ ਵਿਚ ਸਾਰਿਆਂ ਨਾਲੋਂ ਵੱਡੀ ਕੁਰਹਿਤ ਹੈ - ਕਿਸੇ ਦੀ ਨਿੰਦਿਆ ਕਰਨੀ। ਆਪਣੇ ਆਪ ਨੂੰ ਚੰਗਾ ਸਮਝਣਾ, ਈਰਖਾ ਕਰਨੀ, ਜ਼ਿੱਦ ਕਰਨੀ, ਬੁਰਾ ਕਹਿਣਾ ਉਸ ਬੰਦੇ ਨੂੰ ਕਿ ਇਹ ਸਾਰਿਆਂ ਨਾਲੋਂ ਮੰਦਾ ਹੈ। ਇਹਦੇ ਨਾਲ ਕੀ ਹੁੰਦਾ ਹੈ, ਕਰਮ ਧਰਮ ਕੀਤੇ ਹੋਏ ਖਤਮ ਹੋ ਜਾਂਦੇ ਨੇ-

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*

*ਅੰਗ- ੭੫੫*

ਮਹਾਰਾਜ ਜੀ ਕਹਿੰਦੇ ਨੇ, ਨਿੰਦਿਆ ਕਰਦੇ ਕੌਣ ਨੇ? ਮਨਮੁਖ ਕਰਦੇ ਨੇ ਜਾਂ ਮੂਰਖ ਕਰਦੇ ਨੇ। ਇਹ ਰਹਿਤ ਕਿੰਨੀ ਕੁ ਔਖੀ ਹੈ?

ਦੂਸਰੀ ਬਾਤ ਹੁੰਦੀ ਹੈ - ਚੁਗਲੀ ਨਹੀਂ ਕਰਨੀ, ਚੁਗਲੀ ਕਰਕੇ ਕਿਸੇ ਦਾ ਕੰਮ ਨਹੀਂ ਵਿਗਾੜਨਾ। ਤੀਸਰੀ ਗੱਲ ਹੋਇਆ ਕਰਦੀ ਹੈ - ਉਹ ਬਿਮਾਰੀ ਹੈ ਈਰਖਾ ਦੀ। ਈਰਖਾ ਦੀ ਬਿਮਾਰੀ ਜਦੋਂ ਲਗ ਜਾਂਦੀ ਹੈ, ਉਹਦੇ ਨਾਲ ਸਰੀਰ ਖਰਾਬ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਨਾਲ ਉਹਦਾ ਕੀਤਾ ਕਤਰਿਆ ਜਿਹੜਾ ਹੈ -

*ਜਿਸੁ ਅੰਦਰਿ ਤਾਤਿ ਪਰਾਈ ਹੋਵੈ*
*ਤਿਸ ਕਾ ਕਦੇ ਨ ਹੋਵੀ ਭਲਾ ॥* *ਅੰਗ- ੩੦੮*

ਮਹਾਰਾਜ ਜੀ ਕਹਿੰਦੇ ਓਹਦਾ ਭਲਾ ਨਹੀਂ ਹੋਣਾ, ਉਹਨੇ ਈਰਖਾ ਕਰਕੇ ਆਪਣੇ ਆਪ ਨੂੰ ਖਰਾਬ ਕਰ ਲਿਆ। ਈਰਖਾ ਦੀ ਥਾਂ ਤੇ ਉਹਦੀ ਪ੍ਰਸੰਸਾ ਕਰਨੀ ਚਾਹੀਦੀ ਹੈ। ਜੇ ਕਿਸੇ ਦਾ ਬੱਚਾ ਪੜ੍ਹ ਗਿਆ, ਕਿਸੇ ਦਾ ਵਪਾਰ ਚਲ ਗਿਆ, ਕਿਸੇ ਨੂੰ ਰਿਸ਼ਤੇਦਾਰ ਸੋਹਣੇ ਮਿਲ ਗਏ, ਇਹ ਤਾਂ ਉਹਦੇ ਕੀਤੇ ਹੋਏ ਕਰਮਾਂ ਦਾ ਫਲ ਹੈ। ਜੇ ਸਭ ਕੁਛ ਹੋਣ ਦੇ ਬਾਵਜੂਦ ਰਿਸ਼ਤੇਦਾਰ ਮਾੜੇ ਮਿਲ ਗਏ, ਖਰਾਬ ਕਰਨ ਵਾਲੇ ਮਿਲ ਗਏ, ਸਾਡੇ ਕਰਮ ਹੀ ਐਸੇ ਸੀ, ਦੂਸਰੇ ਨੂੰ ਕਾਹਨੂੰ ਦੋਸ਼ ਦਿੰਦੇ ਹਾਂ।

ਸੋ ਇਸੇ ਤਰ੍ਹਾਂ ਜਦੋਂ ਅਸੀਂ ਦੂਸਰੇ ਦਾ ਭਲਾ ਮੰਗਦੇ ਹਾਂ, ਉਸ ਵੇਲੇ ਸਾਡੇ ਮਨ 'ਚੋਂ ਈਰਖਾ ਖਤਮ ਹੋ ਜਾਂਦੀ ਹੈ। ਉਹਦਾ ਇਲਾਜ ਮਹਾਰਾਜ ਜੀ ਨੇ ਦੱਸਿਆ ਹੈ ਕਿ ਜੇ ਅਸੀਂ ਇਮਾਨਦਾਰੀ ਨਾਲ ਦਵਾਈ ਖਾਈਏ ਤਾਂ ਈਰਖਾ ਕਦੇ ਹੁੰਦੀ ਹੀ ਨਹੀਂ। ਅੰਮ੍ਰਿਤ ਵੇਲੇ ਜਦੋਂ ਉਠਦੇ ਹੋ, ਪੂਰੇ ਦਿਲ ਨਾਲ ਸਾਵਧਾਨ ਹੋ ਕੇ ਹੱਥ ਜੋੜ ਕੇ ਕਹੋ -

*ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ।*

ਜਦੋਂ ਇਹ ਕਹਾਂਗੇ ਫੇਰ ਈਰਖਾ ਕੀਹਦੇ ਨਾਲ ਕਰਾਂਗੇ ਜਿਹੜਾ ਭਲਾ ਹੀ ਮੰਗਦਾ ਸਾਰਿਆਂ ਦਾ। ਇਹਦੇ ਨਾਲ ਸਾਨੂੰ ਕੀ ਮਿਲੇਗਾ? ਪ੍ਰਮੇਸ਼ਰ ਆਪਣਾ ਨਾਮ ਦੇਣਾ ਸ਼ੁਰੂ ਕਰ ਦਏਗਾ। ਉਹ ਨਾਮ ਸਾਡੇ ਅੰਦਰ ਵਸਣਾ ਸ਼ੁਰੂ ਹੋ ਜਾਏਗਾ। ਜਦੋਂ ਨਾਮ ਅੰਦਰ ਵਸਣਾ ਸ਼ੁਰੂ ਹੋ ਗਿਆ, ਉਸ ਵੇਲੇ ਜਮਾਂ ਦੇ ਫੰਧੇ ਸਾਡੇ ਗਲ 'ਚੋਂ ਇਕੱਲੇ-ਇਕੱਲੇ ਕਰਕੇ ਕੱਟਣੇ ਸ਼ੁਰੂ ਹੋ ਜਾਣਗੇ। ਸੋ ਇਸ ਤਰ੍ਹਾਂ ਦੇ ਨਾਲ ਸਤਿਸੰਗ ਕਰਕੇ, ਪ੍ਰਮੇਸ਼ਰ ਦਾ ਨਾਮ ਜਪ ਕੇ, ਪ੍ਰਮੇਸ਼ਰ ਦੀ ਹੋਂਦ ਉਤੇ ਵਿਸ਼ਵਾਸ਼ ਲਿਆਓ ਕਿ ਉਹ ਮੇਰੇ ਨਾਲ ਹੈ। ਜਿਵੇਂ ਭੂਤ ਹੋਵੇ, ਭੂਤ ਕਿਸੇ ਨੇ ਦੇਖਿਆ ਤਾਂ ਹੈ ਨਹੀਂ ਕਦੇ। ਜੇ ਕੋਈ ਕਹਿ ਦੇਵੇ ਕਿ ਫਲਾਣੇ ਘਰ 'ਚ ਭੂਤ ਹੈ, ਉਥੇ ਰਹਿੰਦਾ ਹੈ, ਕਿਸੇ ਨੂੰ ਰਾਤ ਨੂੰ ਸੌਣ ਨਹੀਂ ਦਿੰਦਾ। ਕਿੱਡਾ ਹੀ ਦਲੇਰ ਬੰਦਾ ਕਿਉਂ ਨਾ ਹੋਵੇ, ਉਹਦੇ ਮਨ ਤੇ ਭੂਤ ਦਾ ਸਾਇਆ ਪੈ ਜਾਏਗਾ, ਰਾਤ ਨੂੰ ਨੀਂਦ ਨਹੀਂ ਆਉਣੀ ਉਹਨੂੰ।

ਸੋ ਵਾਹਿਗੁਰੂ ਨਾਲ ਰਹਿੰਦਾ ਹੈ, ਗੁਰੂ ਨਾਲ ਰਹਿੰਦਾ ਹੈ -

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥* *ਅੰਗ- ੩੯੮*

ਲੇਕਿਨ ਅਸੀਂ ਭੁੱਲੇ ਰਹਿੰਦੇ ਹਾਂ। ਸੋ ਇਸ ਕਰਕੇ

ਅੰਮ੍ਰਿਤ ਵੇਲੇ ਜਾਗ ਕੇ, ਗੁਰੂ ਮਹਾਰਾਜ ਜੀ ਕਹਿੰਦੇ ਨੇ-

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਅੰਗ- ੩੦੫*

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ- ੩੦੫*

ਉਦਮ ਕਰਕੇ ਮੰਜੇ ਤੋਂ ਉਠ ਜਾਵੇ। ਫੇਰ ਕੀ ਕਰੇ? ਫੇਰ ਇਹ ਆਪਣੀ ਸੌਚ ਕਰਕੇ, ਇਸ਼ਨਾਨ ਕਰੇ, ਦਾਤਨ ਕੁਰਲਾ ਕਰੇ ਤੇ ਫੇਰ ਜਿਹੜਾ ਮਨ ਹੈ, ਇਹਦਾ ਇਸ਼ਨਾਨ ਗੁਰੂ ਦੀ ਬਾਣੀ 'ਚ ਕਰਾਵੇ। ਉਹ ਅੰਮ੍ਰਿਤਸਰ ਦਾ ਨਹਾਉਣਾ ਹੋਇਆ ਕਰਦਾ ਹੈ। ਜਿਹੜਾ ਪੰਜਾਂ ਪਿਆਰਿਆਂ ਨੇ ਉਪਦੇਸ਼ ਦਿਤਾ ਹੈ - ਵਾਹਿਗੁਰੂ ਮੰਤ੍ਰ ਦਾ, ਗੁਰਮੰਤ੍ਰ ਦਾ, ਚੌਂਕੜਾ ਮਾਰ ਕੇ ਇਹਦਾ ਜਾਪ ਕਰੇ। ਉਹਦੇ ਨਾਲ ਹੋਏਗਾ ਕੀ? -

*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥ ਅੰਗ- ੩੦੫*

ਜਿਹੜੇ ਵੱਡੇ-ਵੱਡੇ ਪਾਪ ਸਾਡੇ ਸਿਰ ਤੇ ਚੜ੍ਹੇ ਪਏ ਨੇ, ਉਹ ਸਾਰੇ ਲਹਿ ਜਾਣਗੇ। ਲਹਿਣ ਦੀ ਨਿਸ਼ਾਨੀ ਉਸ ਵਕਤ ਨਜ਼ਰ ਆਉਂਦੀ ਹੈ ਜਿਸ ਵਕਤ ਚਿੱਤ ਨਾਮ 'ਚ ਲਗਣਾ ਸ਼ੁਰੂ ਹੋ ਜਾਵੇ। ਜਿੰਨਾਂ ਚਿਰ ਚਿੱਤ ਨਾਮ 'ਚ ਨਹੀਂ ਲਗਦਾ, ਉਹ ਪਾਪ ਮੂਹਰੇ ਅੜੇ ਖੜ੍ਹੇ ਨੇ। ਉਨ੍ਹਾਂ ਪਾਪਾਂ ਦੇ ਜਿਹੜੇ ਪੱਥਰ ਨੇ, ਉਹ ਦੂਰ ਕਰਨੇ ਨੇ - ਪ੍ਰਮੇਸ਼ਰ ਦੇ ਨਾਮ ਨੇ। ਪਾਪਾਂ ਦੀ ਜਿਹੜੀ ਮੈਲ ਹੈ, ਉਹ ਪ੍ਰਮੇਸ਼ਰ ਦੇ ਨਾਮ ਨੇ, ਜਾਪ ਨੇ ਦੂਰ ਕਰਨੀ ਹੈ -

*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ- ੪*

ਸੋ ਇਸ ਤਰ੍ਹਾਂ ਜਦੋਂ ਅਸੀਂ ਕਰਾਂਗੇ, ਫੇਰ ਮਹਾਰਾਜ ਫੁਰਮਾਨ ਕਰਦੇ ਨੇ -

*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ॥ ਅੰਗ - ੩੦੫*

ਜਦੋਂ ਬਿਰਤੀਆਂ ਖਿੰਡਣ ਲਗ ਜਾਣ, ਫੇਰ ਬਾਣੀ ਨੂੰ ਪਿਆਰ ਨਾਲ ਪੜ੍ਹੋ।

*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਅੰਗ- ੩੦੫*

ਬੈਠਦਿਆਂ ਵੀ, ਉਠਦਿਆਂ ਵੀ ਧਿਆਨ ਰੱਖੋ ਵਾਹਿਗੁਰੂ 'ਚ। ਐਨਾ ਕੁ ਕੰਮ ਹੈ ਸਾਧਸੰਗਤ ਜੀ! ਜਿਹੜਾ ਅਸੀਂ ਕਰਨਾ ਹੈ। ਕੋਈ ਲੰਮਾ ਚੌੜਾ ਨਹੀਂ, ਕੋਈ ਵੱਡੀਆਂ ਘੁੰਡੀਆਂ ਨਹੀਂ ਇਹਦੇ ਵਿਚ, ਕੋਈ ਤਕਲੀਫ ਨਹੀਂ। ਇਹਦਾ ਰਸਤਾ ਐਨਾ ਹੀ ਹੈ ਪਰ ਮਨ ਵਿਚ ਸ਼ੌਂਕ ਹੋਣਾ ਚਾਹੀਦਾ ਹੈ, ਦ੍ਰਿੜ੍ਹਤਾ ਹੋਣੀ ਚਾਹੀਦੀ ਹੈ। ਇਹ ਦ੍ਰਿੜ੍ਹਤਾ ਕਮਜ਼ੋਰ ਤਦ ਪੈਂਦੀ ਹੈ ਜਦੋਂ ਗਲਤ ਬੰਦਿਆਂ ਦੀ ਸੰਗਤ ਕਰ ਲਵੇ, ਗਲਤ ਗੱਲਾਂ ਸੁਣ ਲਵੇ ਜਾਂ ਦੁਨੀਆਂ ਦੇ ਅੰਦਰ ਸਾਡੇ ਕਰਮਾਂ ਦਾ ਕੋਈ ਮਾੜਾ ਫੇਰ ਪੈ ਜਾਵੇ ਉਸ ਵੇਲੇ ਅਸੀਂ ਰੁਲ ਜਾਂਦੇ ਹਾਂ ਕਿਉਂਕਿ ਸਾਨੂੰ ਪਤਾ ਨਹੀਂ ਲਗਦਾ। ਉਹਦੇ ਵਾਸਤੇ ਸਤਿਸੰਗ 'ਚ ਜਾਉ, ਸਾਧੂਆਂ ਦੀ ਸੰਗਤ ਕਰੋ। ਜਦੋਂ ਉਥੇ ਜਾਓ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਅੰਗ- ੫੨੦*

ਜਦੋਂ ਸੰਗਤ ਵਿਚ ਜਾਵੋਂਗੇ, ਉਥੇ ਨਾਮ ਜਪਣ ਵਾਲਿਆਂ ਦੇ ਦਰਸ਼ਨ ਕਰਕੇ ਉਸੇ ਵੇਲੇ ਸਾਡਾ ਚਿੱਤ ਫੇਰ ਨਾਮ ਜਪਣ ਨੂੰ ਕਰ ਪੈਂਦੈ।

ਸੋ ਪਿਆਰਿਓ! ਬਹੁਤ ਮੁਸ਼ਕਿਲ ਦੇ ਨਾਲ ਸਾਨੂੰ ਇਹ ਸਮਾਂ ਮਿਲਿਆ ਹੈ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਅੰਗ- ੬੩੧*

ਹੁਣ ਸਾਨੂੰ ਮਨੁੱਖ ਦੀ ਦੇਹੀ ਮਿਲੀ ਹੋਈ ਹੈ।

*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ- ੬੩੧*

ਹੁਣ ਤੇਰੀ ਵਾਰੀ ਆ ਗਈ, ਹੁਣ ਤੂੰ ਪ੍ਰਮੇਸ਼ਰ ਦਾ ਨਾਮ ਜਪ। ਸਾਧੂਆਂ ਨਾਲ ਮਿਲ ਕੇ ਜਪ, ਗੁਰਮੁਖਾਂ ਨਾਲ ਮਿਲ ਕੇ ਜਪ, ਗੁਰੂ ਦੀ ਸੇਵਾ ਕਰ, ਇਹਦੇ ਨਾਲ ਛੇਤੀ ਹੀ ਸਾਡਾ ਪਾਰ ਉਤਾਰਾ ਹੋ ਜਾਏਗਾ। ਸੋ ਆਪ ਦੇ ਚਰਨਾਂ 'ਚ ਬੇਨਤੀ ਹੈ ਕਿ ਸੰਗਤ ਕਰਿਆ ਕਰੋ, ਜਿੰਨਾਂ ਕੁ ਹੋ ਸਕਦਾ ਹੈ। ਆਪਣੀ ਕਮਾਈ ਦੇ ਵਿਚੋਂ ਜਿੰਨਾਂ ਪੈਸਾ ਵੱਟੇ, 100 ਰੁਪਏ ਪਿਛੇ ਇਕ ਰੁਪਿਆ ਗੁਰੂ ਦਾ ਹੁੰਦਾ ਹੈ, ਉਹਦੇ ਵਿਚੋਂ ਉਹ ਪੈਸਾ ਨਹੀਂ ਖਾਣਾ ਚਾਹੀਦਾ ਬਿਲਕੁਲ ਵੀ, ਨਹੀਂ ਤਾ ਕਮਾਈ ਦੇ ਵਿਚ ਦਲਿੱਦਰ ਪੈ ਜਾਊ। ਇਹਦੇ ਨਾਲ ਕੀ ਹੋਏਗਾ -

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥ ਅੰਗ- ੧੨੪੫*

ਰਸਤੇ ਦੀ ਪਛਾਣ ਹੋ ਜਾਏਗੀ, ਗੁਰੂ ਦੇ ਦਰਬਾਰ ਵਿਚ, ਦਰਗਾਹ ਵਿਚ ਜਾ ਕੇ ਇਹਦਾ ਫਲ ਮਿਲੇਗਾ। ਜੇ ਮੁਕਤੀ ਹੋਵੇ ਤਾਂ ਇਹਦਾ ਫਲ ਕੀ ਮਿਲੇਗਾ? ਗੁਰੂ ਨੂੰ ਦਿਤਾ ਹੋਇਆ ਲੱਖਾਂ ਗੁਣਾਂ ਵਧਦਾ ਹੈ। ਜਦ ਅਸੀਂ ਫੇਰ ਮਨੁੱਖ ਬਣ ਕੇ ਆਵਾਂਗੇ, ਪਿਛਲੇ ਜਨਮ ਦਾ ਬੀਜਿਆ ਹੋਇਆ ਸਾਡੇ ਖਾਣ ਵਾਸਤੇ ਪਹਿਲਾਂ ਹੀ ਤਿਆਰ ਹੋਏਗਾ। ਸੋ ਇਸ ਕਰਕੇ

*(ਬਾਕੀ ਪੰਨਾ 32 'ਤੇ)*

# ਮੰਝ ਪਿਆਰਾ ਗੁਰੂ ਨੂੰ......।

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*
*ਧਾਰਨਾ - ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ।*
*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥ ੧ ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ- ੬੯੪*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਜਦੋਂ ਤੋਂ ਆਪ ਦੇ ਮਨ ਵਿਚ ਖਿਆਲ ਆਇਆ ਹੈ ਕਿ ਗੁਰੂ ਦਰਬਾਰ 'ਚ ਜਾਣਾ ਹੈ ਉਸ ਸਮੇਂ ਤੋਂ ਬਾਅਦ ਵਿਚ ਆਪ ਦਾ ਜੋ ਸਮਾਂ ਲੰਘਿਆ ਹੈ ਉਹ ਸਾਰਾ ਲੇਖੇ ਵਿਚ ਲੱਗਿਆ ਹੈ। ਬਹੁਤ ਖੁਸ਼ੀ ਦੀ ਗੱਲ ਹੈ ਕਿ ਮਹਾਰਾਜ ਨੇ ਬੜੀ ਭਾਰੀ ਰਿਆਇਤ ਦੇ ਦਿਤੀ। ਕਈ ਪ੍ਰੇਮੀਆਂ ਦੇ ਮਨ ਵਿਚ ਖਿਆਲ ਹੁੰਦਾ ਹੈ ਕਿ ਦੀਵਾਨ ਵਿਚ ਤਾਂ ਅਜੇ ਅਸੀਂ ਆਏ ਨਹੀਂ, ਕੀਰਤਨ ਸਰਵਣ ਨਹੀਂ ਕਰਿਆ, ਪ੍ਰਸ਼ਾਦੇ ਲਾਹ ਕੇ ਅਜੇ ਬੱਚਿਆਂ ਨੂੰ ਛਕਾ ਰਹੇ ਹਾਂ। ਜਾਣ ਵਾਸਤੇ ਤਿਆਰੀਆਂ ਕਰ ਰਹੇ ਹਾਂ, ਤਾਲੇ ਬੰਦ ਕਰੇ ਰਹੇ ਹਾਂ। ਕੋਈ ਸਵਾਰੀ ਦੀ ਉਡੀਕ ਵਿਚ ਖੜ੍ਹੇ ਹਾਂ। ਇਹ ਸਮਾਂ ਸਾਡਾ ਲੇਖੇ ਵਿਚ ਲਗ ਵੀ ਜਾਂਦੈ ਕਿ ਐਵੇਂ ਹੀ ਗੱਲਬਾਤ ਕਹਿਣ ਵਾਸਤੇ ਹੈ। ਕੋਈ ਪ੍ਰਮਾਣਿਕਤਾ ਹੈ ਇਹਦੇ ਪਿੱਛੇ? ਕੋਈ ਪੱਕਾ ਸਬੂਤ ਵੀ ਹੈ ਜਿਹਦੇ ਨਾਲ ਸਾਡਾ ਮਨ ਮੰਨ ਜਾਵੇ ਕਿ ਸਾਡਾ ਸਮਾਂ ਲੇਖੇ ਵਿਚ ਲਗ ਗਿਆ।

ਐਸੀ ਇਕ ਮਿਸਾਲ ਗੁਰੂ ਦਸ਼ਮੇਸ਼ ਪਿਤਾ ਜੀ ਦੇ ਜੀਵਨ ਕਾਲ ਵਿਚ, ਇਤਿਹਾਸ ਵਿਚ ਲਿਖੀ ਮਿਲਦੀ ਹੈ ਕਿ ਇਕ ਵਾਰੀ ਗੁਰੂ ਮਹਾਰਾਜ ਬਿਰਾਜਮਾਨ ਨੇ। ਪਹਿਰੇ ਦੇ ਉਤੇ ਸਿੰਘ ਖੜ੍ਹੇ ਨੇ ਤੇ ਉਥੇ ਹੀ ਕੋਈ ਰਾਸ ਪਾਉਣ ਵਾਲੇ ਆ ਗਏ। ਰਾਸ ਕਹਿੰਦੇ ਨੇ ਅਵਤਾਰਾਂ ਦੀਆਂ ਕਥਾਵਾਂ ਨੂੰ ਮਨੁੱਖੀ ਨਾਟਕ ਦੇ ਰੂਪ ਦੇ ਕੇ ਵਰਨਣ ਕਰਨਾ। ਇਕ ਨੇ ਅਵਤਾਰ ਬਣ ਜਾਣਾ, ਦੂਜਿਆਂ ਨੇ ਦੂਜੇ ਬਣ ਜਾਣਾ, ਰੂਪ ਧਾਰ ਲੈਣੇ। ਉਹ ਪ੍ਰੈਕਟੀਕਲ ਹੁੰਦਾ, ਤਕਰੀਬਨ ਟੈਲੀਵੀਜ਼ਨ ਨਾਲ ਰਲਦਾ-ਮਿਲਦਾ ਸੀ। ਉਸ ਚਿਤਰ ਨੂੰ ਹਜ਼ਾਰਾਂ ਸਾਲ, ਲੱਖਾਂ ਸਾਲ ਦੀ ਲੰਘੀ ਹੋਈ ਗੱਲ ਨੂੰ, ਅੱਜ ਦੇ ਵਾਤਾਵਰਣ ਵਿਚ ਦਿਖਾਉਣ ਦੀ ਕੋਸ਼ਿਸ਼ ਕਰਨ ਨੂੰ ਰਾਸ ਕਹਿੰਦੇ ਨੇ। ਸੋ ਰਾਸਧਾਰੀਏ ਆਏ ਹੋਏ ਸੀ। ਕਈ ਦਿਨ ਦੀਆਂ ਗੱਲਾਂ ਚਲ ਰਹੀਆਂ ਸੀ ਕਿ ਬਹੁਤ ਕਮਾਲ ਦਾ ਨਾਟ ਕਰਦੇ ਨੇ। ਜੋ ਵੀ ਦੇਖਦਾ ਹੈ, ਉਹਨੂੰ ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਉਹਨਾਂ ਨੇ ਓਹੀ ਸਮਾਂ ਬਣਾ ਦਿਤਾ। ਇਸ ਗੱਲ ਨੇ ਕੁਝ ਸਿੰਘਾਂ ਦੇ ਮਨ ਨੂੰ ਲਲਚਾਇਆ। ਗੁਰੂ ਦਸ਼ਮੇਸ਼ ਪਿਤਾ ਦੀ ਡਿਊਟੀ ਤੋਂ ਲਾਂਭੇ ਹੋ ਕੇ ਜਦੋਂ ਆਪ ਡਿਊਟੀ ਦੇ ਚੁੱਕੇ, ਉਸ ਵੇਲੇ ਇਹਨਾਂ ਦੇ ਸੌਣ ਦੀ ਵਾਰੀ ਸੀ। ਦੂਜਿਆਂ ਨੇ ਡਿਊਟੀ ਦੇਣੀ ਸੀ। ਉਸ ਵੇਲੇ ਇਨ੍ਹਾਂ ਨੇ ਕਿਹਾ ਕਿ ਹੁਣ ਤਾਂ ਸਾਡੀ ਡਿਊਟੀ ਹੋ ਚੁੱਕੀ ਹੈ, ਅਸੀਂ ਇਕ ਝਾਤੀ ਮਾਰ ਕੇ ਆ ਜਾਂਦੇ ਹਾਂ ਛੇਤੀ ਦੇ ਕੇ, ਕਹਿੰਦੇ ਨੇ, ਸੁਣੀਆਂ ਨੇ ਗੱਲਾਂ ਕਿ ਬਹੁਤ ਵਧੀਆ ਕਰਦੇ ਨੇ, ਦੇਖ ਕੇ ਆਉਂਦੇ ਹਾਂ ਕਿ ਕੀ ਕਰਦੇ ਨੇ। ਉਹ ਕਹਿਣ ਲੱਗੇ ਕਿ ਅਸੀਂ ਜ਼ਿੰਮੇਵਾਰ ਨਹੀਂ, ਜੇ ਮਹਾਰਾਜ ਜੀ ਨੂੰ ਪਤਾ ਲਗ ਗਿਆ ਤੁਸੀਂ ਆਪਣੇ ਸਿਰ 'ਤੇ ਜਾਇਓ। ਮਨ ਦਾ ਕੋਈ ਇਤਬਾਰ ਨਹੀਂ ਹੁੰਦਾ, ਦੁਨੀਆਂ 'ਚ ਕੋਈ ਬੰਦਾ ਐਸਾ ਨਹੀਂ ਜਿਹੜਾ ਕਦੇ ਇਹ ਕਹਿ ਦੇਵੇ ਕਿ ਮੈਂ ਆਪਣਾ ਮਨ ਜਿੱਤ ਲਿਆ। ਕਿਉਂਕਿ ਇਹ ਵਾਹਿਗੁਰੂ ਦੀ ਬਣਾਈ ਹੋਈ ਸ਼ਕਤੀ ਐਡੀ ਪ੍ਰਬਲ ਹੈ ਇਹਦਾ ਕੋਈ ਪਤਾ ਨਹੀਂ ਕਦੋਂ ਧੋਖਾ ਦੇ ਜਾਵੇ। ਕਦੋਂ ਚੰਗੇ ਭਲੇ ਬੰਦੇ ਨੂੰ ਉਲਟਾ ਕੇ ਸੁੱਟ

ਦੇਵੇ। ਹਜ਼ਾਰਾਂ ਮਿਸਾਲਾਂ ਨੇ ਧਾਰਮਿਕ ਇਤਿਹਾਸ ਦੇ ਅੰਦਰ। ਜਦੋਂ ਐਸੀਆਂ ਗੱਲਾਂ ਆਮ ਵਰਤ ਜਾਇਆ ਕਰਦੀਆਂ ਸੀ। ਸੋ ਉਹ ਕਹਿਣ ਲੱਗੇ, ਆਪਣੀ ਜ਼ਿੰਮੇਵਾਰੀ 'ਤੇ ਜਾਓ, risk 'ਤੇ ਜਾਓ। ਉਹਨਾਂ ਨੇ ਕਿਹਾ ਚੰਗਾ ਦੇਖੀ ਜਾਏਗੀ ਜਿਹੜਾ ਕੁਛ ਹੋਏਗਾ, ਉਥੇ ਜਾ ਕੇ ਰਾਸ ਦੇਖਣ ਲਗ ਗਏ। ਰਾਸ ਕੀ ਦੇਖਣੀ ਸੀ, ਗੁਰੂ ਕਲਗੀਧਰ ਪਾਤਸ਼ਾਹ ਅੱਖਾਂ ਮੂਹਰੇ ਖੜ੍ਹੇ ਨੇ। ਡਰ ਲਗਦਾ ਹੈ ਕਿ ਜੇ ਹੁਣ ਅਵਾਜ਼ ਪੈ ਗਈ, ਜੇ ਹੁਣ ਪੈ ਗਈ, ਉਠ ਕੇ ਹੀ ਆ ਗਏ, ਕੀ ਬਣੇਗਾ? ਓਪਰੀ ਅੱਖ ਨਾਲ ਦੇਖਦੇ ਨੇ, ਮਨ ਦੇ ਅੰਦਰ ਘਾੜਤਾਂ ਘੜੀਆਂ ਜਾ ਰਹੀਆਂ ਨੇ ਕਿ ਗੁਰੂ ਮਹਾਰਾਜ ਨਾ ਕਿਤੇ ਅਚਾਨਕ ਉਠ ਕੇ ਅਵਾਜ਼ ਮਾਰ ਦੇਣ ਜਾਂ ਇਹ ਸੇਵਾਦਾਰ ਹੀ ਨਾ ਸਾਡੀ ਸ਼ਿਕਾਇਤ ਕਰ ਦੇਣ। ਇਹ ਬੜੀ ਮੁਸ਼ਕਲ ਗੱਲ ਹੋ ਜਾਏਗੀ। ਸੋ ਥੋੜ੍ਹਾ ਬਹੁਤਾ ਦੇਖਿਆ, ਦੇਖ ਕੇ ਵਾਪਸ ਆ ਗਏ। ਦੂਸਰੇ ਦਿਨ ਉਹਨਾਂ ਸੇਵਾਦਾਰਾਂ ਨੇ ਹਾਸੇ ਮਖੌਲ 'ਚ ਸਿੱਧੀ ਜਿਹੀ ਗੱਲ ਕਰ ਦਿਤੀ ਜਿਹੜੀ ਨਾਲੇ ਤਾਂ ਸ਼ਿਕਾਇਤ ਨਾ ਲੱਗੇ, ਨਾਲੇ ਸ਼ਿਕਾਇਤ ਵੀ ਲਾ ਦਿਤੀ। ਟੈਕਨੀਕ ਹੁੰਦੀ ਹੈ ਸ਼ਿਕਾਇਤ ਲਾ ਵੀ ਦੇਣੀ, ਨਾਲੇ ਲਾਉਣੀ ਵੀ ਨਹੀਂ ਨਾਲ। ਕਹਿੰਦੇ ਮਹਾਰਾਜ, ਕੱਲ੍ਹ ਕੁਝ ਸਿੰਘ ਪਹਿਰਾ ਦੇਣ ਤੋਂ ਬਾਅਦ ਰਾਸ ਦੇਖਣ ਚਲੇ ਗਏ ਸੀ। ਮਹਾਰਾਜ ਕਹਿੰਦੇ, ਹਾਜ਼ਰ ਗੈਰ ਹਾਜ਼ਰ, ਗੈਰਹਾਜ਼ਰ ਹਾਜ਼ਰ।

ਗੱਲ ਸਮਝ ਵਿਚ ਨਾ ਆਈ ਕਿਸੇ ਦੇ। ਫੇਰ ਕਿਹਾ ਕਿ ਸੱਚੇ ਪਾਤਸ਼ਾਹ! ਆਹ ਪ੍ਰੇਮੀ ਚਲੇ ਗਏ ਸੀ; ਮਹਾਰਾਜ ਨੇ ਫੇਰ ਉਹੀ ਗੱਲ ਕਹਿ ਦਿਤੀ ਕਿ ਗੈਰ ਹਾਜ਼ਰ, ਹਾਜ਼ਰ; ਹਾਜ਼ਰ ਗੈਰ ਹਾਜ਼ਰ। ਬਹੁਤ ਸਾਰੀ ਸੰਗਤ ਬੈਠੀ ਸੀ। ਕਹਿਣ ਲੱਗੇ, ਮਹਾਰਾਜ! ਇਹ ਬਚਨ ਸਾਡੀ ਸਮਝ ਵਿਚ ਨਹੀਂ ਆਇਆ। ਕਹਿੰਦੇ, ਦੇਖੋ ਪ੍ਰੇਮੀਓ! ਇਹ ਤਾਂ ਚਲੇ ਗਏ ਦੇਖਣ ਵਾਸਤੇ ਪਰ ਗੁਰੂ ਤੋਂ ਡਰਦੇ ਸੀ, ਇਹਨਾਂ ਨੂੰ ਵਿਸ਼ਵਾਸ਼ ਸੀ ਕਿ ਗੁਰੂ ਅੰਤਰਜਾਮੀ ਹੈ, ਸਭ ਕੁਝ ਜਾਣਦਾ ਹੈ। ਜੇ ਉਠ ਕੇ ਅਵਾਜ਼ ਮਾਰ ਲਈ ਜਾਂ ਸ਼ਿਕਾਇਤ ਲਾ ਦਿਤੀ ਤਾਂ ਕੀ ਬਣੇਗਾ ਸਾਡਾ? ਬੈਠੇ ਉਥੇ ਸੀ ਪਰ ਹਾਜ਼ਰ ਸਾਡੇ ਕੋਲ ਸੀ। ਇਹ ਦਿੰਦੇ ਪਹਿਰਾ ਸੀ ਨਾਲੇ ਇਨ੍ਹਾਂ ਦੇ ਮਨ ਵਿਚ ਸੀ ਕਿ ਗੁਰੂ ਮਹਾਰਾਜ ਤਾਂ ਅਜੇ ਉਠੇ ਨਹੀਂ ਹਨ, ਕਿਉਂ ਨਾ ਅਸੀਂ ਵੀ ਝਾਤੀ ਮਾਰ ਆਉਂਦੇ ਇਕ ਬੰਦੇ ਨੂੰ ਇਥੇ ਬਿਠਾ ਕੇ। ਸਲਾਹਾਂ ਕਰੀ ਗਏ ਆਪਸ ਵਿਚ ਕਿ ਤੂੰ ਮਾੜਾ ਜਿਹਾ ਦੇਖੀਂ, ਅਸੀਂ ਆਏ ਮਾੜਾ ਜਿਹਾ ਦੇਖ ਕੇ। ਸੋ ਸਵਾਲ ਹਾਜ਼ਰੀ ਦਾ ਮਨ ਦੇ ਨਾਲ ਹੋਇਆ ਕਰਦੈ। ਸਰੀਰ ਨਾਲ ਬਹੁਤ ਘੱਟ ਹੋਇਆ ਕਰਦੈ। ਜੇ ਅਸੀਂ ਸਰੀਰ ਦੇ ਵਿਚ ਇਥੇ ਬੈਠੇ ਹਾਂ, ਮਨ ਸਾਡਾ ਗੈਰ-ਹਾਜ਼ਰ ਹੋਇਆ-ਹੋਇਐ। ਫੇਰ ਸਾਡੀ ਹਾਜ਼ਰੀ ਨਹੀਂ ਲਗਦੀ। ਘਰੋਂ ਜਦੋਂ ਤੁਸੀਂ ਚਲਦੇ ਹੋਂ ਖਿਆਲ ਆ ਗਿਆ ਕਿ ਸਤਿਸੰਗ 'ਚ ਚੱਲੀਏ, ਸਮੇਂ 'ਤੇ ਪਹੁੰਚੀਏ। ਉਸ ਵੇਲੇ ਤੋਂ ਹੀ ਗੁਰੂ ਘਰ ਦੇ ਅੰਦਰ, ਹਾਜ਼ਰੀ ਲਗਦੀ ਹੈ ਤੇ ਸਾਡਾ ਸਮਾਂ ਲੇਖੇ ਵਿਚ ਲੱਗਣ ਲਗ ਜਾਂਦਾ ਹੈ। ਸੋ ਆਪਾਂ ਗੁਰੂ ਮਹਾਰਾਜ ਪਾਸ ਬੇਨਤੀ ਕੀਤੀ ਹੈ ਕਿ ਹੇ ਪ੍ਰਭੂ! ਸਾਡਾ ਇਹ ਥੋੜ੍ਹਾ ਜਿਹਾ ਸਮਾਂ ਨਹੀਂ ਹੈ ਸਾਰਾ ਜੀਵਨ ਲੇਖੇ ਵਿਚ ਲਾ ਲਓ। ਕਰੋੜਾਂ, ਅਰਬਾਂ-ਖਰਬਾਂ ਸਾਲ ਤੋਂ ਸਾਡਾ ਸਮਾਂ ਲੇਖੇ 'ਚ ਨਹੀਂ ਲਗ ਰਿਹਾ। ਗਲਤ ਕੰਮਾਂ ਵਿਚ ਚਲਿਆ ਗਿਆ। ਬਰਬਾਦ ਹੁੰਦਾ ਚਲਿਆ ਜਾ ਰਿਹੈ, ਸਾਨੂੰ ਕੋਈ ਟਿਕਾਣਾ ਨਹੀਂ ਲੱਭ ਰਿਹਾ। ਹੁਣ ਤੁਸੀਂ ਕ੍ਰਿਪਾ ਕਰੋ, ਸਾਡਾ ਸਮਾਂ ਲੇਖੇ ਵਿਚ ਲਾ ਲਓ। ਬਹੁਤ ਸਮਾਂ ਸਾਡਾ ਲੰਘ ਗਿਆ ਸਾਧਸੰਗਤ ਜੀ! ਬਿਨਾ ਲੇਖਿਆਂ ਤੋਂ। ਕਈ ਵਾਰੀ ਅਸੀਂ ਪਹਿਲਾਂ ਮਨੁੱਖ ਬਣ ਚੁੱਕੇ ਹਾਂ। ਕਈ ਵਾਰੀ ਲਗਾਤਾਰ ਹੀ ਮਨੁੱਖ ਬਣ ਚੁੱਕੇ ਹਾਂ। ਇਕ ਜਨਮ ਲੈ ਲਿਆ, ਫੇਰ ਮਨੁੱਖ ਦਾ ਲੈ ਲਿਆ, ਸੌ-ਸੌ ਜਨਮ ਇਕੱਠਾ ਲਿਆ ਹੋਇਐ ਮਨੁੱਖ ਦਾ, ਕਿਉਂਕਿ ਲੇਖੇ-ਪੱਤੇ ਬਰਾਬਰ ਨਹੀਂ ਹੁੰਦੇ, ਜਦੋਂ ਚੱਕੀ ਦੇ ਵਿਚ ਆਟਾ ਪੈਂਦੈ, ਫੇਰ ਆਟੇ ਵਾਲਿਆਂ ਦੀ ਵਾਰੀ ਆਉਂਦੀ ਹੈ, ਜਦੋਂ ਦਾਣਾ ਪੈਂਦਾ ਹੈ ਫੇਰ ਦਾਣੇ ਵਾਲਿਆਂ ਦੀ ਵਾਰੀ ਆਉਂਦੀ ਹੈ। ਲੇਖੇ ਭੁਗਤਾਏ ਜਾਂਦੇ ਨੇ। ਇਸ ਕਰਕੇ ਬਾਰ-ਬਾਰ ਜਨਮ ਦੇ ਕੇ ਲੇਖਾ ਕੱਟਿਆ ਜਾਂਦਾ ਹੈ ਸਾਡਾ। ਕੋਈ ਜਨਮ ਕਿਸੇ ਲੇਖੇ ਵਿਚ ਲੱਗਿਆ ਹੈ, ਕੋਈ ਕਿਸੇ ਲੇਖੇ ਵਿਚ। ਮਹਾਰਾਜ ਕਹਿੰਦੇ -

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥*

*ਅੰਗ- ੨੬੮*

ਕਾਮ ਵਿਚ, ਕ੍ਰੋਧ ਵਿਚ, ਲੋਭ ਵਿਚ, ਮੋਹ ਵਿਚ, ਹੰਕਾਰ 'ਚ, ਲੜਾਈ ਝਗੜਿਆਂ 'ਚ, ਤ੍ਰਿਸ਼ਨਾ, ਆਸਾ, ਅੰਦੇਸਾ, ਨਿੰਦਿਆ, ਚੁਗਲੀ, ਈਰਖਾ, ਬਖੀਲੀ ਦੇ ਲੇਖੇ ਵਿਚ ਬੜੇ ਜਨਮ ਲਗ ਗਏ ਸਾਡੇ। ਬਹੁਤ ਸਾਰੇ

ਸਾਡੇ ਜਿਹੜੇ ਜਨਮ ਲੱਗੇ ਉਹ ਸਾਨੂੰ ਮਨੁੱਖ ਦਾ ਜਾਮਾ ਨਹੀਂ ਮਿਲਿਆ, ਦਰਖ਼ਤਾਂ ਦੇ ਵਿਚ ਹੀ ਲੰਘ ਗਏ। ਕਿਤੇ ਪੇਟ ਭਾਰ ਤੁਰਦਿਆਂ ਦੇ ਲੰਘ ਗਏ। ਕਿਤੇ ਫੰਘਾਂ ਨਾਲ ਉਡਦਿਆਂ ਦੇ ਲੇਖੇ ਲਗ ਗਏ। ਬੜੀ ਦੇਰ ਤੋਂ ਬਾਅਦ ਸਾਨੂੰ ਮਨੁੱਖ ਜਾਮਾ ਪ੍ਰਾਪਤ ਹੋਇਐ। ਜਦੋਂ ਅਸੀਂ ਗੰਭੀਰ ਸੋਚ (serious thought) ਦੇਈਏ ਕਿ ਹੈਂ, ਮੈਂ ਕਦੇ ਧਰਤੀ 'ਤੇ ਪੇਟ ਭਾਰ ਤੁਰਦਾ ਹੁੰਦਾ ਸੀ। ਕਿਸੇ ਖੱਡ ਵਿਚ ਮੈਂ ਵੀ ਜਾ ਕੇ ਵੜਦਾ ਹੁੰਦਾ। ਫੇਰ ਮਨ ਨਹੀਂ ਮੰਨਦਾ ਕਿ ਨਹੀਂ, ਮੈਂ ਤਾਂ ਪਹਿਲਾਂ ਤੋਂ ਹੀ ਮਨੁੱਖ ਹਾਂ। ਬਹੁਤ ਸਾਰਿਆਂ ਦਾ ਖਿਆਲ ਹੈ ਐਸਾ ਕਿ ਮਨੁੱਖ ਮਨੁੱਖ ਹੀ ਰਹਿੰਦਾ ਹੈ, ਕੁੱਤਾ-ਕੁੱਤਾ ਰਹਿੰਦੈ। ਤਰੱਕੀ ਨਹੀਂ ਕਰਦਾ। ਸਾਡੇ ਧਾਰਮਿਕ ਇਤਿਹਾਸ ਦੇ ਅੰਦਰ ਮਹਾਰਾਜ ਨੇ ਇਸ ਤਰ੍ਹਾਂ ਦੀ ਬਾਤ ਨਹੀਂ ਫੁਰਮਾਈ। ਉਹਨਾਂ ਨੇ ਇਸ ਗੱਲ ਨੂੰ ਸਪੱਸ਼ਟ ਕਰਨ ਵਾਸਤੇ, ਇਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ ਹੈ -

*ਧਾਰਨਾ - ਕੇਤੇ ਨਾਗ ਕੁਲੀ ਮਹਿ ਆਏ,*
*ਕੇਤੇ ਪੰਖ ਉਡਾਏ ਨੇ।*

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*
*ਅੰਗ - ੧੫੬*

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ- ੧੭੬*

ਮਹਾਰਾਜ ਕਹਿੰਦੇ, ਇਸ ਤਰ੍ਹਾਂ ਨਾ ਕਹਿ ਕਿ ਮੈਂ ਮਨੁੱਖ ਹੀ ਬਣਦਾ ਆਉਂਦਾ ਹਾ ਪਹਿਲਾਂ ਤੋਂ। ਮਨੁੱਖ ਹੀ ਨਹੀਂ ਬਣਿਆ - ***'ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥ ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥'*** 22 ਲੱਖ ਕਿਸਮ ਦੀਆਂ ਜੜ੍ਹੀਆਂ-ਬੂਟੀਆਂ, ਦਰਖ਼ਤ ਸੰਸਾਰ ਦੇ ਅੰਦਰ ਅਨੁਭਵੀ ਮਹਾਂਪੁਰਸ਼ਾਂ ਨੇ ਗਿਣੇ ਨੇ। 42 ਲੱਖ ਕਿਸਮ ਦੇ ਜੀਅ-ਜੰਤ ਪਾਣੀ ਵਿਚ ਨੇ ਜਿਨ੍ਹਾਂ ਤੋਂ ਬਹੁਤ ਸਾਰੇ ਪੇਟ ਦੇ ਭਾਰ ਤੁਰਦੇ ਨੇ। ਧਰਤੀ 'ਤੇ ਆ ਕੇ ਮੱਗਰਮੱਛਾਂ ਵਰਗੇ। ਸਾਢੇ 7 ਲੱਖ ਕਿਸਮ ਦੀ ਗਿਣਤੀ ਗਿਣੀ ਹੈ ਸੱਪਾਂ ਦੀ, ਠੂਹਿਆਂ ਵਗੈਰਾ ਦੀ। ਪਾਣੀ ਵਿਚ ਵੀ ਰਹਿ ਜਾਂਦੇ ਨੇ ਤੇ ਬਾਹਰ ਵੀ ਰਹਿੰਦੇ ਨੇ। ਸਾਢੇ 7 ਲੱਖ ਕਿਸਮ ਦੇ ਪੰਛੀ ਨੇ ਜਿਹੜੇ ਫੰਘਾਂ ਦੇ ਨਾਲ ਉਡਾਰੀਆਂ ਮਾਰਦੇ ਨੇ। 4 ਲੱਖ ਕਿਸਮ ਦੇ ਪਸ਼ੂ ਨੇ। ਇਸ ਤਰ੍ਹਾਂ ਦੇ ਨਾਲ 84 ਲੱਖ ਕਿਸਮਾਂ ਨੇ ਇਥੇ ਜ਼ਿੰਦਗੀ ਦੀਆਂ -

*ਰੰਗੀ ਰੰਗੀ ਭਾਤੀ ਕਰਿ ਕਰਿ*
*ਜਿਨਸੀ ਮਾਇਆ ਜਿਨਿ ਉਪਾਈ ॥ ਅੰਗ- ੬*

ਬੇਅੰਤ ਕਿਸਮ ਦੀਆਂ ਜਿਨਸਾਂ ਇਸ ਧਰਤੀ ਦੇ ਉਤੇ ਪੈਦਾ ਹੋਈਆਂ ਨੇ। ਅਸੀਂ ਇਨ੍ਹਾਂ ਦੇ ਵਿਚੋਂ ਲੰਘ-ਲੰਘ ਕੇ ਬਹੁਤ ਦੇਰ ਤੋਂ ਬਾਅਦ - ***'ਚਿਰੰਕਾਲ ਇਹ ਦੇਹ ਸੰਜਰੀਆ ॥ '*** ਬੜੀ ਦੇਰ ਤੋਂ ਬਾਅਦ ਸਾਨੂੰ ਇਹ ਦੇਹ ਪ੍ਰਾਪਤ ਹੋਈ ਹੈ। ਇਹਨੂੰ ਐਵੇਂ ਨਾ ਸਮਝੋ, ਸਾਧਸੰਗਤ ਜੀ। ਬਹੁਤ ਮੁਸ਼ਕਲ ਮਿਲੀ ਹੈ, ਜਿਹੜਾ ਤਾਂ ਕਦਰ ਦਾਨ ਹੈ ਉਹ ਤਾਂ ਨਮਸ਼ਕਾਰ ਕਰੀ ਜਾਂਦੈ ਕਿ ਹੇ ਪ੍ਰਭੂ! ਤੂੰ ਮੈਨੂੰ ਹੁਣ ਮਾਨਸ ਸਰੀਰ ਦੇ ਦਿਤਾ ਤੇ ਮੇਰਾ ਐਵੇਂ ਹੀ ਨਾ ਚਲਿਆ ਜਾਵੇ। ਫੇਰ ਮੈਂ ਇਹਨਾਂ ਜੂਨਾਂ ਵਿਚ ਨਾ ਘੁੰਮਣ ਲਗ ਜਾਵਾਂ। ਕ੍ਰਿਪਾ ਕਰੀਂ ਜੇ ਮੇਰੇ ਤੋਂ ਭਜਨ ਬੰਦਗੀ ਨਹੀਂ ਵੀ ਹੋ ਸਕੀ ਪੂਰੀ, ਤੂੰ ਮੈਨੂੰ ਮਨੁੱਖ ਬਣਾ ਦੇਈਂ। ਮਨੁੱਖ ਤਾਂ ਬਣੇਗਾ ਜੇ ਮਨੁੱਖਾਂ ਵਾਲੇ ਕੰਮ ਕਰਦਾ ਰਹੇਗਾ। ਜੇ ਮਨੁੱਖਾਂ ਵਾਲੇ ਕੰਮ ਨਹੀਂ ਕੀਤੇ, ਫੇਰ ਤਾਂ ਲੇਖੇ ਦੇਣੇ ਪੈਣੇ ਨੇ। ਪੈਸੇ ਨਾਲ ਪਿਆਰ ਪਾਈ ਜਾਂਦੈ, ਜ਼ਿੰਦਗੀ ਭਰ ਪੈਸਾ ਉਹਦੀ ਸੁਰਤ ਵਿਚੋਂ ਨਿਕਲ ਨਾ ਸਕਿਆ। ਹਰ ਵਕਤ ਪੈਸੇ ਦੀ ਬਾਤ ਕਰਦੈ। ਜੇ ਮਿੱਤਰਾਂ ਦੋਸਤਾਂ ਵਿਚ ਬੈਠਾ ਹੈ ਉਥੇ ਵੀ ਕਿਸੇ ਵਪਾਰ ਦੀ, ਕਿਸੇ ਪੈਸੇ ਦੀ, ਕਿਸੇ ਪਲਾਟ ਦੀ, ਕਿਸੇ ਹੋਰ ਚੀਜ਼ ਦੀ ਬਾਤ ਕਰਦੈ। ਨਾਮ ਦੀ ਬਾਤ ਕਦੇ ਨਹੀਂ ਕਰਦਾ। ਇਹਦਾ ਮਤਲਬ ਹੈ ਉਹਦੀ ਬਿਰਤੀ ਦੇ ਅੰਦਰ ਪੈਸੇ ਦਾ ਪਿਆਰ ਧੁੱਸ ਗਿਆ, ਗਹਿਰਾ ਚਲਿਆ ਗਿਆ। ਉਹ ਜਦੋਂ ਅੰਤ ਦਾ ਸਮਾਂ ਆਏਗਾ ਤਾਂ ਜਿਹੜਾ ਆਖਰੀ ਖਿਆਲ ਹੁੰਦੈ, ਗਹਿਰੇ ਤੋਂ ਗਹਿਰਾ ਹੁੰਦੈ, ਉਹ ਖਿਆਲ ਆਖਰੀ ਸਮੇਂ ਦੇ ਉਤੇ ਸਟਾਪ ਜਿਵੇਂ ਕੰਪਿਊਟਰ ਦਾ ਲਗਦੈ, ਆਟੋਮੈਟਿਕ ਕੈਲਕੂਲੇਟਰ ਦਾ, ਇਸ ਤਰ੍ਹਾਂ ਉਹ ਸਟਾਪ ਲਗਣੈ ਅਤੇ ਪੈਸੇ ਵਿਚ ਬਿਰਤੀ ਰਹਿ ਜਾਣੀ ਹੈ। ਜਦੋਂ ਪੈਸੇ ਵਿਚ ਬਿਰਤੀ ਰਹਿ ਗਈ, ਕਹਿੰਦੇ ਫੇਰ ਮਨੁੱਖਾ ਜਨਮ ਨਹੀਂ ਉਹਨੂੰ ਮਿਲਦਾ। ਉਹ ਸੱਪ ਬਣ ਜਾਇਆ ਕਰਦੈ -

*ਅੰਤਿ ਕਾਲਿ ਜੋ ਲਛਮੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*

*ਸਰਪ ਜੋਨਿ ਵਲਿ ਵਲਿ ਅਉਤਰੈ ॥ ਅੰਗ- ੫੨੬*

ਕਿੱਡੀ ਵੱਡੀ ਗਲਤੀ ਕਰ ਲਈ ਅਸੀਂ। ਸਾਡੇ ਮਨ ਦਾ ਰਵੱਈਆ ਕਿੱਡਾ ਗਲਤ ਹੋ ਗਿਆ। ਗਲਤ ਹੋਣ ਨਾਲ ਮਾਨਸ ਦੇਹ ਗਵਾ ਕੇ ਬਹਿ ਗਏ। ਪੈਸਾ ਤਾਂ ਉਥੇ ਹੀ ਰਹਿ ਗਿਆ ਜ਼ਿੰਦਗੀ ਭਰ ਜਿਹਦੀਆਂ ਅਸੀਂ ਗੱਲਾਂ ਕਰਦੇ ਰਹੇ, ਸੋਚਦੇ ਰਹੇ, ਉਹ ਤਾਂ ਨਾਲ ਹੀ ਨਹੀਂ ਗਿਆ। ਨਾਲ ਲਿਜਾਉਣ ਵਾਲੀ ਚੀਜ਼ ਇਹਨੇ ਖੱਟੀ ਕਮਾਈ ਨਹੀਂ ਹੈ। ਸੋ ਇਸੇ ਤਰ੍ਹਾਂ ਜੇ ਜਾਇਦਾਦ ਵਿਚ ਮਨ ਰਹਿ ਜਾਵੇ, ਦੋ ਹੀ ਚੀਜ਼ਾਂ ਨੇ ਬਹੁਤੀਆਂ ਮੋਹਣੀਆਂ, ਪੁੱਤਰ ਵੀ ਮੋਹ ਨੇ, ਪੁੱਤਰ-ਪੁੱਤਰ ਕਰਦਾ ਮਰ ਜਾਵੇ, ਇਸਤ੍ਰੀ ਨਾ ਹੋਵੇ, ਇਸਤ੍ਰੀ 'ਚ ਧਿਆਨ ਚਲਿਆ ਜਾਵੇ। ਇਸਤ੍ਰੀ ਪਤੀ ਦੇ ਧਿਆਨ ਵਿਚ ਮਰ ਜਾਵੇ। ਮਹਾਰਾਜ ਕਹਿੰਦੇ, ਫੇਰ ਜੂਨਾਂ ਗਲਤ ਮਿਲਿਆ ਕਰਦੀਆਂ ਨੇ। ਇਸ ਕਰਕੇ ਕਹਿੰਦੇ ਨੇ -

*ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥ ਅੰਗ- ੫੨੬*

ਵਾਹਿਗੁਰੂ ਦਾ ਨਾਮ ਨਾ ਭੁਲਾਂ, ਪਤਾ ਨਹੀਂ ਕਿਹੜੇ ਵੇਲੇ ਕਾਲ ਦਾ ਗੁਲੇਲਾ ਵੱਜ ਜਾਵੇ। ਕਿਤੇ ਐਸਾ ਨਾ ਹੋਵੇ, ਓਹੀ ਸਾਸ ਅੰਤ ਦਾ ਹੀ ਸਾਸ ਹੋਵੇ। ਕੋਈ ਪਤਾ ਲਗਦੈ ਕਿਸੇ ਨੂੰ ਕਿ ਆਹ ਸਵਾਸ ਜਿਹੜਾ ਹੈ ਇਸ ਤੋਂ ਬਾਅਦ, ਮੈਨੂੰ ਸਵਾਸ ਨਹੀਂ ਆਉਣਾ। ਕੋਈ ਗਰੰਟੀ ਨਹੀਂ ਸਾਡੇ ਕੋਲ। ਨਾ ਕੋਈ ਸਾਡੇ ਅੰਦਰ ਕੋਈ ਐਸੀ ਚੀਜ਼ ਲਾਈ ਹੈ। ਲਾਈ ਤਾਂ ਹੈ ਪ੍ਰਮੇਸ਼ਰ ਨੇ, ਪਰ ਉਹ ਵਿਰਲਿਆਂ ਦੇ ਪਾਸ ਹੈ, ਸਾਰਿਆਂ ਕੋਲ ਨਹੀਂ। ਹੈਗੀ ਸਭ ਦੇ ਅੰਦਰ। ਕਿਸੇ-ਕਿਸੇ ਨੇ ਉਜਾਗਰ ਕਰ ਲਿਆ। ਕਿਸੇ-ਕਿਸੇ ਨੂੰ ਪਤਾ ਲਗ ਜਾਂਦਾ ਹੈ ਕਿ ਕੱਲ੍ਹ ਨੂੰ ਮੇਰੇ ਨਾਲ ਕੀ ਹੋਣਾ ਹੈ? ਦੋ ਘੜੀ ਨੂੰ ਮੇਰੇ ਨਾਲ ਕੀ ਵਰਤਣ ਵਾਲਾ ਹੈ। ਉਹਨਾਂ ਨੂੰ ਪਤਾ ਲਗ ਜਾਂਦਾ ਹੈ ਉਹ ਵਿਰਲੇ ਪੁਰਸ਼ ਨੇ, ਸਾਰੇ ਨਹੀਂ ਹੋਇਆ ਕਰਦੇ। ਬਾਕੀ ਤਾਂ ਸਾਨੂੰ ਪਤਾ ਹੀ ਨਹੀਂ ਕਿ ਕੀ ਹੋ ਜਾਣਾ ਹੈ। ਸੋ ਜੇ ਸਾਡੀ ਬਿਰਤੀ ਇਸ ਗੱਲ ਵਿਚ ਰਹਿ ਗਈ-

*ਅੰਤਿ ਕਾਲਿ ਜੋ ਲੜਿਕੇ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਸੂਕਰ ਜੋਨਿ ਵਲਿ ਵਲਿ ਅਉਤਰੈ ॥ ਅੰਗ- ੫੨੬*

ਕਹਿੰਦੇ ਸੂਰੀ ਬਣੇਗੀ, 12-12 ਜੰਮਦੇ ਨੇ। ਲਾ ਲੈ ਭੁੱਖ ਜਿਹੜੀ ਲਾਹੁੰਣੀ ਹੈ ਕਿ ਮੇਰੇ ਬੱਚਾ ਨਹੀਂ, ਮੇਰੇ ਬੱਚਾ ਨਹੀਂ, ਇਸ ਤਰ੍ਹਾਂ ਕਰਦਾ ਸਾਰੀ ਜ਼ਿੰਦਗੀ ਲੰਘ ਗਈ। ਲੜਕਾ ਨਹੀਂ, ਲੜਕਾ ਨਹੀਂ। ਫੇਰ 12-12 ਪੈਦਾ ਹੁੰਦੇ ਨੇ, ਛਿਮਾਹੀ -

*ਅੰਤਿ ਕਾਲਿ ਜੋ ਇਸਤ੍ਰੀ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਬੇਸਵਾ ਜੋਨਿ ਵਲਿ ਵਲਿ ਅਉਤਰੈ ॥ ਅੰਗ- ੫੨੬*

ਵੇਸਵਾ ਬਣ ਜਾਂਦੈ -

*ਅੰਤਿ ਕਾਲਿ ਜੋ ਮੰਦਰ ਸਿਮਰੈ*
*ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ਅੰਗ- ੫੨੬*

ਜੇ ਜਾਇਦਾਦ 'ਚ ਰਹਿ ਗਈ ਸੁਰਤੀ, ਫੇਰ ਮਨੁੱਖ ਜਾਮਾ ਨਹੀਂ ਮਿਲਦਾ। ਇਹ ਮੰਦਰਾਂ ਨੇ ਤਾਂ ਸਾਡੇ ਨਾਲ ਨਹੀਂ ਜਾਣਾ, ਇਹ ਤਾਂ ਖਾਲੀ ਮਿੱਟੀ ਇਕੱਠੀ ਕਰੀ ਹੋਈ ਹੈ। ਸਾਡੇ ਨਾਲ ਤਾਂ ਸਾਡੀ ਜਿਹੜੀ ਕਮਾਈ ਹੈ ਨਾਮ ਦੀ, ਉਹਨੇ ਜਾਣਾ ਹੈ। ਹੋਰ ਕੋਈ ਚੀਜ਼ ਨਹੀਂ ਜਾਂਦੀ ਜਾਂ ਸ਼ੁਭ ਕਰਮ ਸਾਡੇ ਨਾਲ ਜਾਣੇ ਨੇ।

ਸੋ ਯਾਦ ਦੇ ਵਿਚ ਫਸ ਕੇ, ਦਿਨ ਰਾਤ ਇਹਦਾ ਧਿਆਨ ਲਾ ਕੇ, ਸਾਨੂੰ ਮਨੁੱਖ ਜਾਮਾ ਨਹੀਂ ਮਿਲਦਾ, ਪ੍ਰੇਤ ਦਾ ਜਾਮਾ ਮਿਲਦਾ ਹੈ -

*ਧਾਰਨਾ - ਬਣਦੇ ਪ੍ਰੇਤ ਜੀ,*
*ਮੰਦਰਾਂ ਨਾਲ ਜੋੜ ਪ੍ਰੀਤਾਂ।*

ਸੋ ਮਾਨਸ ਜਨਮ ਦੀ ਗਰੰਟੀ ਨਹੀਂ ਹੈ ਸਾਧਸੰਗਤ ਜੀ। ਉਪਰ ਨੂੰ ਵੀ ਜਾ ਸਕਦੇ ਹਾਂ, ਹੇਠਾਂ ਨੂੰ ਵੀ ਜਾ ਸਕਦੇ ਹਾਂ। ਜਿਹੋ ਜਿਹੇ ਕਰਮ ਕਰਾਂਗੇ, ਜਿਹੋ ਜਿਹਾ ਸਮਾਂ ਲੇਖੇ ਵਿਚ ਲੱਗਿਆ ਹੈ, ਵੈਰ ਦੇ ਲੇਖੇ 'ਚ ਜੇ ਲੱਗਿਐ ਤਾਂ ਹੇਠਾਂ ਨੂੰ ਚਲੇ ਜਾਵਾਂਗੇ। ਨਿੰਦਿਆ ਦੇ ਲੇਖੇ 'ਚ ਲੱਗਿਐ, ਬਹੁਤ ਥੱਲੇ ਚਲੇ ਜਾਵਾਂਗੇ। ਪੱਥਰ ਬੰਨ੍ਹ ਲਵਾਂਗੇ। ਪਾਣੀ ਵਿਚ ਜੇ ਕੋਈ ਬੰਦਾ ਦੋ ਕੁਇੰਟਲ ਪੱਥਰ ਬੰਨ੍ਹ ਕੇ ਤਰੇ, ਪਾਣੀ ਤਾਂ ਡੋਬ ਦਏਗਾ ਉਹਨੂੰ ਥੱਲੇ। ਇਵੇਂ ਜਿਵੇਂ ਜੇ ਬੋਝ ਬੰਨ੍ਹ ਲਿਆ, ਪਾਪਾਂ ਦੀਆਂ ਗੱਠੜੀਆਂ ਜੇ ਸਿਰ 'ਤੇ ਚੁੱਕ ਲਈਆਂ, ਫੇਰ ਤਾਂ ਹੇਠਾਂ ਨੂੰ ਹੀ ਜਾਣਾ ਹੈ।

ਇਕ ਵਾਰੀ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ, ਆਪ ਦਾ ਦਰਬਾਰ ਲੱਗਿਆ ਹੋਇਐ। ਆਪ ਦੇ ਅੰਮ੍ਰਿਤ ਵੇਲੇ ਦੇ ਦਰਬਾਰ ਵਿਚ ਕੀਰਤਨ ਹੋਇਆ ਕਰਦਾ ਸੀ। ਕਥਾ ਹੋਇਆ ਕਰਦੀ ਹੈ। ਗੁਰੂ ਮਹਾਰਾਜ ਆਪ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਰੂਹਾਨੀ ਬਚਨ ਸੁਣਾਇਆ ਕਰਦੇ ਸੀ। ਜਦੋਂ ਤੀਸਰੇ ਪਹਿਰ ਦਾ ਦੀਵਾਨ ਲਗਦਾ ਉਸ ਵੇਲੇ ਵਿਚਾਰ ਹੁੰਦੀ

ਸੀ ਸਾਸ਼ਤਰਾਂ ਦੀ। ਪੁਰਾਣੇ ਸਾਸ਼ਤਰਾਂ ਦੀ ਵੀ ਵਿਚਾਰ ਹੁੰਦੀ। ਇਸੇ ਤਰ੍ਹਾਂ ਗੁਰੂ ਦਸਵੇਂ ਪਾਤਸ਼ਾਹ ਵੇਲੇ ਸੀ, ਦੋ-ਦੋ ਮਹੀਨੇ ਦਾ ਸਮਾਂ ਬੰਨ੍ਹਿਆ ਹੋਇਆ ਸੀ। ਪੁਰਾਣਾਂ ਦੀ ਵੀ ਵਿਚਾਰ ਕਰਦੇ ਸੀ, ਮਹਾਂਭਾਰਤ ਰਾਮਾਇਣ ਦੀ ਵੀ ਵਿਚਾਰ ਚਲਦੀ ਰਹਿੰਦੀ ਸੀ। ਦੇਵੀਆਂ ਦੇ ਪ੍ਰਸੰਗ ਵੀ ਚਲਦੇ ਸੀ। ਉਹਨਾਂ ਦਾ ਮੁੱਦਾ ਸੀ ਕਿ ਤੁਹਾਡੇ ਜਿਹੜੇ ਬਜ਼ੁਰਗ ਸੀ ਉਹ ਇਸ ਤਰ੍ਹਾਂ ਦੇ ਸੀ। ਆਹ ਉਹਨਾਂ ਦੀ culture (ਸਭਿਆਚਾਰ) ਸੀ। ਤੁਸੀਂ ਵੀ ਉਹਨਾਂ ਦੀ ਉਲਾਦ ਵਿਚੋਂ ਗੁਲਾਮ ਹੋਏ ਬੈਠੇ ਹੋਂ। ਉਹ ਅਣਖ ਨੂੰ ਜਗਾਉਣ ਵਾਸਤੇ ਸੀ -

*ਅਵਰ ਵਾਸਨਾ ਨਾਹਿ ਕੁਛ,*
*ਧਰਮ ਯੁੱਧ ਕਉ ਚਾਉ।*

ਬੰਦਿਆਂ ਨੂੰ ਉੱਚੇ ਕਰਨ ਵਾਸਤੇ ਸੀ।

*ਸਾਧ ਅਸਾਧ ਜਾਨੋ ਨਹੀ ਬਾਦ ਸੁਬਾਦ ਬਿਬਾਦਿ।*

ਕਹਿੰਦੇ ਅਸੀਂ ਝਗੜੇ 'ਚ ਨਹੀਂ ਪੈਂਦੇ ਕਿ ਉਹ ਸਾਧ ਸੀ ਕਿ ਅਸਾਧ ਸੀਗੇ, ਜਾਂ ਚੰਗੇ ਸੀ ਜਾਂ ਮਾੜੇ ਸੀ। ਇਹ ਝਗੜਾ ਨਹੀਂ ਸਾਡਾ। ਸਾਡਾ ਤਾਂ ਇਹ ਹੈ ਕਿ ਉਹਨਾਂ ਬਾਰੇ ਵਾਕਫੀਅਤ ਹਾਸਿਲ ਕੀਤੀ ਜਾਵੇ ਕਿ ਉਹ ਕੀ ਕਰਦੇ ਸੀ, ਕਿਵੇਂ ਰਹਿੰਦੇ ਸੀ? ਕਿਉਂਕਿ -

*ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ ॥*

*ਅੰਗ - ੯੫੧*

ਜਿਹੜੀਆਂ ਦਾਦਿਆਂ ਦੀਆਂ, ਲਕੜ ਦਾਦਿਆਂ ਦੀਆਂ, ਪੜਦਾਦਿਆਂ ਦੀਆਂ ਕਹਾਣੀਆਂ ਹੁੰਦੀਐ ਉਹਦਾ ਗੌਰਵ ਮਹਿਸੂਸ ਕਰਦੈ ਜਿਹੜਾ ਪੋਤਾ, ਪੜਪੋਤਾ ਹੁੰਦੈ ਕਿ ਸਾਡੇ ਬਜ਼ੁਰਗ ਇਸ ਤਰ੍ਹਾਂ ਸੀਗੇ। ਉਹ ਜਿਹੜੀ ਚੀਜ਼ ਹੈ, ਉਹ ਆਪਣੀ ਰਹਿਣੀ (culture) ਨੂੰ ਉੱਚਾ ਚੁੱਕਦੀ ਹੈ। ਉਹਨੂੰ ਜੋੜ ਕੇ ਰਖਦੀ ਹੈ ਕਿ ਤੁਸੀਂ ਆਹ ਸੀਗੇ। ਤੁਸੀਂ ਕਿੱਧਰ ਚਲੇ ਗਏ, ਕਿਉਂ ਰੁਲ ਗਏ, ਹੁਣ ਸੰਸਾਰ ਦੇ ਅੰਦਰ?

ਸੋ ਇਸ ਕਰਕੇ ਦੋ-ਦੋ ਮਹੀਨੇ ਦਾ ਪ੍ਰੋਗਰਾਮ ਹੁੰਦਾ। ਗੁਰੂ ਛੇਵੇਂ ਪਾਤਸ਼ਾਹ ਦੇ ਮਹਾਰਾਜ ਦੇ ਦੀਵਾਨ ਵਿਚ ਉਹਨਾਂ ਦਿਨਾਂ ਦੇ ਅੰਦਰ ਗਰੁੜ ਪੁਰਾਣ ਦੀ ਕਥਾ ਹੁੰਦੀ ਤੇ ਪੰਡਤ ਨਿਤਾਨੰਦ ਬਟਾਲੇ ਦੇ ਰਹਿਣ ਵਾਲੇ ਉਹ ਕਥਾ ਕਰਿਆ ਕਰਦੇ ਸੀ। ਇਕ ਦਿਨ ਕਥਾ ਆਈ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਅੰਗ- ੨੬੪*

ਜਿਹੜਾ ਪਰਲੋਕ ਦਾ ਰਸਤਾ ਹੈ ਉਹ ਸਵਾ ਸਾਲ ਵਿਚ ਤਹਿ ਹੁੰਦਾ ਹੈ। ਤੇ ਰਸਤੇ ਦੇ ਵਿਚ ਜਿਵੇਂ ਹਾਈਵੇ 'ਤੇ ਵਿਸ਼ਰਾਮ ਘਰ (rest area) ਹੁੰਦੇ ਨੇ, ਜਿਵੇਂ ਅਮਰੀਕਾ, ਇੰਗਲੈਂਡ' 'ਚ ਸਫਰ ਕਰੀਏ ਤਾਂ 50 ਕੁ ਮੀਲ ਤੋਂ ਬਾਅਦ ਅਰਾਮ ਘਰ (rest area) ਆ ਜਾਇਆ ਕਰਦੈ। ਜਿਥੇ ਜਾ ਕੇ ਤੁਸੀਂ ਅਰਾਮ ਕਰ ਸਕਦੇ ਹੋਂ, ਰੋਟੀ ਪਾਣੀ ਖਾ ਸਕਦੇ ਹੋਂ। ਜੇ ਪੈਟਰੋਲ ਮੁੱਕ ਗਿਆ, ਪੈਟਰੋਲ ਲੈ ਸਕਦੇ ਹੋਂ। ਬਾਥਰੂਮ ਵਗੈਰਾ ਸਭ ਬਣੇ ਹੁੰਦੇ ਨੇ। ਇਸੇ ਤਰ੍ਹਾਂ ਉਹਨਾਂ ਨੇ ਦਸਿਆ ਕਿ ਜਦੋਂ ਪਰਲੋਕ ਦੇ ਰਸਤੇ ਜਾਂਦੇ ਹਾਂ, ਸਵਾ ਸਾਲ ਦਾ ਰਸਤਾ ਹੁੰਦਾ ਹੈ ਤਾਂ ਰਸਤੇ ਵਿਚ 21 ਪੁਰੀਆਂ ਆਉਂਦੀਆਂ ਨੇ। ਉਹਨਾਂ ਪੁਰੀਆਂ ਦੇ ਉਤੇ ਜੀਵ ਨੂੰ ਲਿਜਾ ਕੇ ਠਹਿਰਾਉਂਦੇ ਨੇ, ਇਕ ਤੋਂ ਇਕ ਜਦੋਂ ਪੁਰੀ ਮੁਕਦੀ ਹੈ, ਰਸਤਾ ਉਸ ਤੋਂ ਵੀ ਵੱਧ ਖਤਰਨਾਕ ਸ਼ੁਰੂ ਹੋ ਜਾਂਦੈ।

ਇਕ ਵਾਰੀ ਸੁਲੇਮਾਨ ਪ੍ਰੇਤ, ਜਿਹਨੂੰ ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ ਵਾਲੇ) ਨੇ, ਮਨੁੱਖ ਦਾ ਜਾਮਾ ਦਿਵਾਇਆ ਸੀ। ਉਹਦੇ ਨਾਲ ਮੇਰੀ ਗੱਲ ਹੋ ਰਹੀ ਹੈ। ਮੈਂ ਪੁਰਾਣ ਵਿਚ ਪੜ੍ਹਿਆ ਸੀ ਕਿ ਇਕ ਰਸਤਾ ਹੁੰਦੈ, ਜਿਥੇ ਜਾ ਕੇ ਦਰਖ਼ਤਾਂ ਦੇ ਪੱਤੇ ਤਲਵਾਰਾਂ ਵਰਗੇ ਹੁੰਦੇ ਨੇ। ਉਹ ਬੰਦੇ ਦੇ ਸਿਰ 'ਚ ਲਗਦੇ ਨੇ ਸਿੱਧੇ ਹੀ ਆ ਕੇ। ਉਹ ਜਿਹੜਾ ਜੀਵ ਹੁੰਦੈ ਉਹ ਬਹੁਤ ਦੁਖੀ ਹੁੰਦੈ, ਉਹਦੇ ਸੂਖਸ਼ਮ ਸਰੀਰ ਨੂੰ ਬਹੁਤ ਦੁਖ ਪਹੁੰਚਦੈ। ਮੈਂ ਉਸ ਨੂੰ ਪੁੱਛਿਆ ਕਿ ਇਸ ਤਰ੍ਹਾਂ ਦਸ ਸੁਲੇਮਾਨ! ਬਈ ਹੋਰ ਤਾਂ ਤੂੰ ਗੱਲਾਂ ਦਸੀ ਜਾਂਦੈ ਸਾਰੀਆਂ। ਪਰ ਇਸ ਤਰ੍ਹਾਂ ਦਸ ਕਿ ਜਦੋਂ ਤੂੰ ਮਰਿਆ ਸੀ ਤਾਂ ਤੈਨੂੰ ਕਿਵੇਂ ਲੈ ਕੇ ਗਏ ਸੀ। ਰੋਣ ਲਗ ਗਿਆ। ਮੈਂ ਕਿਹਾ, ਰੋਂਦਾ ਕਿਉਂ ਹੈਂ? ਕਹਿੰਦਾ, ਮੇਰੇ ਯਾਦ ਨਾ ਕਰਾਓ। 999 ਸਾਲ ਹੋ ਗਏ, ਭੁੱਲੀ ਭੁਲਾਈ ਗੱਲ ਮੇਰੇ ਯਾਦ ਨਾ ਕਰਾਓ। ਮੈਂ ਕਿਹਾ, ਚਲ ਮਾੜਾ ਮੋਟਾ ਤਾਂ ਦਸ ਦੇ? ਉਹ ਕਹਿੰਦਾ, ਕੀ ਦੱਸਾਂ, ਜਿੰਨੇ ਤੁਸੀਂ ਦੁਨੀਆਂ 'ਚ ਦੁਖ ਗਿਣ ਸਕਦੇ ਹੋਂ, ਉਹ ਸਾਰੇ ਰਸਤੇ ਵਿਚ ਸੀ ਸਾਰੇ -

*ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥*

*ਅੰਗ- ੫੨੦*

ਜੀਵ ਕੂਕਾਂ, ਚੀਕਾਂ ਮਾਰਦੇ ਜਾਂਦੇ ਨੇ। ਫੇਰ ਰੋਣ ਲਗ ਗਿਆ। ਮੈਂ ਕਿਹਾ, ਕੀ ਹੋਇਆ? ਕਹਿੰਦੇ, ਮੇਰੇ ਯਾਦ ਆਇਆ, ਜਦੋਂ ਮੈਂ ਜੰਗਲ ਵਿਚੋਂ ਲੰਘਿਆ

ਤੇ ਉਥੇ ਦਰਖ਼ਤਾਂ ਦੇ ਪੱਤੇ ਤਲਵਾਰਾਂ ਵਰਗੇ ਸੀ, ਜਿਵੇਂ ਸੂਏ ਹੁੰਦੇ ਨੇ। ਜਦੋਂ ਟੁੱਟ ਕੇ ਗਿਰਨ, ਸਿਰ ਵਿਚ ਲੱਗਣ। ਉਹ ਦੁੱਖ ਮੇਰੇ ਹੁਣ ਤਕ ਯਾਦ ਹੈ। ਉਹ ਰਸਤਾ ਮੈਂ ਮਸਾਂ ਮੁਕਾਇਆ ਸੀ। ਇਸ ਤਰ੍ਹਾਂ ਦੀਆਂ ਗੱਲਾਂ ਉਹਨੇ ਕਾਫੀ ਦੱਸੀਆਂ।

ਸੋ ਪੰਡਤ ਜੀ ਨੇ ਸਾਰਾ ਹਾਲ ਦਸ ਦਿਤਾ ਇਕੱਲਾ-ਇਕੱਲਾ ਕਿ ਇਸ ਪੁਰੀ 'ਚ ਆ ਹੁੰਦੈ, ਇਸ 'ਚ ਆਹ, ਇਥੇ ਆ ਕੇ ਜੀਵ ਨੂੰ ਹੋਰ ਲਾਹਨਤਾਂ ਪੈਂਦੀਆਂ ਨੇ। ਉਥੇ ਜੀਵ ਫੇਰ ਹੋਰ ਔਖਾ ਹੁੰਦੈ। ਗੁਰਸਿੱਖ ਸੁਣ ਰਹੇ ਸੀ। ਚਾਰ ਗੁਰਸਿੱਖ ਸੀ ਇਕ ਭਾਈ ਮਯੀਆ, ਭਾਈ ਲਾਲ ਸੀ, ਭਾਈ ਸੁੰਦਰ ਸੀ, ਜਿਸ ਵਕਤ ਉਹ ਕਥਾ ਕਰ ਹਟਿਆ, ਗ੍ਰੰਥ ਨੂੰ ਸੰਤੋਖਣ ਲੱਗਿਆ ਤਾਂ ਭਾਈ ਮਯੀਆ ਜੀ ਕਹਿਣ ਲੱਗੇ, ਕਿਉਂ ਭਾਈ ਲਾਲ, ਕਿੰਨੀ ਦੇਰ ਦਾ ਰਸਤਾ ਹੈ। ਇਹ ਸੁਣਿਆ ਹੈ ਕਿੰਨਾ ਔਖਾ ਹੈ। ਉਹ ਕਹਿੰਦਾ, ਮੈਂ ਤਾਂ ਕਹਿੰਦੇ, ਇਹ ਪਹਿਰ ਵਿਚ ਚਲਿਆ ਜਾਵਾਂਗਾ। ਪੰਡਤ ਜੀ ਨੇ ਜਦੋਂ ਇਹ ਗੱਲ ਸੁਣੀ ਤਾਂ ਉਹਦੇ ਚਿਹਰੇ ਵਲ ਦੇਖਿਆ ਕਿ ਇਸ ਸਿੱਖ ਨੂੰ ਤਾਂ ਸ਼ਰਧਾ ਹੀ ਨਹੀਂ ਹੈ ਸਾਡੇ ਗ੍ਰੰਥ ਦੇ ਉਤੇ। ਉਸ ਤੋਂ ਬਾਅਦ ਭਾਈ ਸੁੰਦਰ ਕਹਿਣ ਲੱਗਿਆ ਕਿ ਉਹ ਕਿਹੜਾ ਬਹੁਤਾ, ਮੈਂ ਤਾਂ ਇਕ ਘੰਟੇ ਵਿਚ 'ਚ ਚਲਿਆ ਜਾਵਾਂਗਾ। ਉਸ ਤੋਂ ਬਾਅਦ ਤੀਸਰਾ ਸਿੱਖ ਕਹਿਣ ਲੱਗਿਆ ਕਿ ਮੈਂ ਸਾਢੇ 24 ਮਿੰਟ, ਇਕ ਘੜੀ ਦੇ ਵਿਚ ਜਾ ਸਕਦਾ ਹਾਂ। ਭਾਈ ਮਯੀਆ ਜੀ ਚੁਟਕੀ ਮਾਰ ਕੇ ਕਹਿਣ ਲੱਗੇ ਕਿ ਅਸੀਂ ਤਾਂ ਐਨੇ ਚਿਰ 'ਚ ਚਲੇ ਜਾਈਏ। ਪੰਡਤ ਜੀ ਦੇ ਮਨ ਵਿਚ ਬਹੁਤ ਤਰਕ ਆਈ। ਇਹਨੇ ਕਿਹਾ ਕਿ ਇਹਨਾਂ ਸਿੱਖਾਂ ਨੇ ਤਾਂ ਸਿੱਧੇ ਤਰੀਕੇ ਨਾਲ ਸਾਡੇ ਗ੍ਰੰਥ ਦੇ ਉਤੇ ਤਰਕ ਕਰ ਦਿਤੀ। ਜਿਥੇ ਕੋਈ ਬੰਦਾ ਤਰਕ ਕਰਨ ਵਾਲਾ ਹੋਵੇ ਉਥੇ ਕਹਿੰਦੇ, ਕਦੇ ਵੀ ਗੱਲ ਨਹੀਂ ਕਰਨੀ ਚਾਹੀਦੀ। ਬਿਨਾਂ ਗਾਹਕ ਤੋਂ ਗੁਣ ਜੇ ਵੇਚਿਆ ਜਾਵੇ ਤਾਂ -

*ਵਿਣੁ ਗਾਹਕ ਗੁਣ ਵੇਚੀਐ ਤਉ ਗੁਣੁ ਸਹਘੋ ਜਾਇ ॥*
*ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ ॥*

*ਅੰਗ- ੧੦੮੬*

ਜੇ ਗਾਹਕੁ ਹੋਵੇ ਤਾਂ ਲੱਖ ਦਾ ਵਿਕ ਜਾਂਦਾ ਹੈ। ਜੇ ਗਾਹਕ ਨਾ ਹੋਵੇ ਤਾਂ ਐਵੇਂ ਹੀ ਚਲਿਆ ਜਾਂਦਾ ਹੈ। ਹੀਰੇ ਕੌਡੀਆਂ ਦੇ ਭਾਅ ਜਾਂਦੇ ਨੇ -

*ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ ॥*
*ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ ॥*

*ਅੰਗ- ੧੩੭੨*

ਕਹਿੰਦੇ, ਐਸੀ ਗੱਲ ਦੇਖੀ ਕਿ ਇਕ ਹੱਟੀ ਦੇ ਉਤੇ ਹੀਰਾ ਵਿਕਦੈ। ਕਹਿੰਦੇ, ਖਰੀਦਦਾਰ ਹੈ ਨਹੀਂ ਸੀ ਕਉਡੀ ਦੇ ਭਾਅ ਵੇਚ ਦਿਤਾ ਉਸ ਨੇ। ਸੋ ਗੁਣ ਦੀ ਬਾਤ ਹੁੰਦੀ ਹੈ। ਉਸ ਨੇ ਕਿਹਾ ਕਿ ਮੈਨੂੰ ਤਾਂ ਇਥੇ ਕਥਾ ਨਹੀਂ ਕਰਨੀ ਚਾਹੀਦੀ। ਗੁਰੂ ਮਹਾਰਾਜ ਕੋਲ ਮੈਂ ਸ਼ਿਕਾਇਤ ਲਾ ਦੇਣੀ ਹੈ ਕਿ ਇਹ ਸਿੱਖ ਤਾਂ ਅਧਿਕਾਰੀ ਨਹੀਂ ਹਨ ਕਥਾ ਸੁਣਨ ਦੇ। ਪੁਰਾਣੇ ਜ਼ਮਾਨਿਆਂ ਵਿਚ ਹਰ ਗ੍ਰੰਥ ਦੇ ਵਿਚ ਲਿਖਿਆ ਹੁੰਦਾ ਸੀ, ਪਹਿਲਾਂ ਹੁੰਦਾ ਅਨੁਵੰਦ, ਫੇਰ ਹੁੰਦਾ ਉਦੇਸ਼, ਫੇਰ ਹੁੰਦਾ ਸੀ ਕੌਣ ਹੈ ਅਧਿਕਾਰੀ ਇਸ ਗ੍ਰੰਥ ਨੂੰ ਸੁਣਨ ਦਾ। ਉਹਨੂੰ ਕਿਹੜੇ-ਕਿਹੜੇ ਕੰਮ ਕਰਨੇ ਚਾਹੀਦੇ ਨੇ। ਫੇਰ ਜੇ ਇਹ ਚੀਜ਼ ਪ੍ਰਾਪਤ ਹੋ ਗਈ ਫੇਰ ਇਹ ਅਧਿਕਾਰੀ ਹੈ। ਫੇਰ ਹੁੰਦਾ ਵਿਸ਼ਾ। ਚਾਰ ਚੀਜ਼ਾਂ ਲਿਖੀਆਂ ਹੁੰਦੀਆਂ ਸੀ ਹਰ ਗ੍ਰੰਥ 'ਚ, ਪੜ੍ਹ ਕੇ ਦੇਖ ਲਈਦਾ ਸੀ ਕਿ ਇਹਦੇ ਵਿਚ ਮੈਂ ਨਹੀਂ ਅਧਿਕਾਰੀ, ਫੇਰ ਸਮਾਂ ਬਰਬਾਦ ਨਹੀਂ ਸੀ ਕਰਦੇ ਕਿ ਮੈਂ ਅਧਿਕਾਰੀ ਹੀ ਨਹੀਂ, ਮੈਂ ਗ੍ਰੰਥ ਕਿਉਂ ਪੜ੍ਹਨੈਂ। ਮੇਰੀ ਉਮਰ 'ਚ ਹਾਲੇ ਮਲ ਵੀ ਹੈਗੀ, ਵਿਖਸ਼ੇਪ ਵੀ ਹੈਗੀ। ਇਹ ਗ੍ਰੰਥ ਹੈ ਜਿਸ ਦੀ ਮਲ ਤੇ ਵਿਖਸ਼ੇਪ ਦੂਰ ਹੋ ਜਾਵੇ, ਕੇਵਲ ਜਿਹਦੇ ਉਤੇ ਪੜਦਾ ਰਹਿ ਜਾਵੇ, ਆਵਰਨ ਰਹਿ ਜਾਵੇ, ਉਹ ਪੜ੍ਹ ਸਕਦੈ। ਸੋ ਪੰਡਤ ਜੀ ਨੇ ਕਿਹਾ ਕਿ ਇਹ ਤਾਂ ਅਧਿਕਾਰੀ ਨਹੀਂ ਹੈ, ਮੈਂ ਤਾਂ ਸਾਸ਼ਤਰ ਦੇ ਵਿਰੁੱਧ ਕੰਮ ਕਰ ਰਿਹਾ ਹਾਂ। ਦੂਸਰੇ ਦਿਨ ਕਥਾ ਕਰਨ ਨਾ ਆਏ। ਗੁਰੂ ਮਹਾਰਾਜ ਜੀ ਨੇ ਕਿਹਾ ਕਿ ਕੀ ਗੱਲ ਅੱਜ ਪੰਡਤ ਜੀ ਕਥਾ ਨਹੀਂ ਕਰ ਰਹੇ? ਕਹਿੰਦੇ, ਮਹਾਰਾਜ ਆਏ ਨਹੀਂ। ਕਈ ਵਾਰੀ ਜਾ ਚੁੱਕੇ ਹਾਂ, ਪਰ ਉਹ ਆਉਂਦੇ ਨਹੀਂ ਹੈਗੇ। ਮਹਾਰਾਜ ਕਹਿੰਦੇ, ਜਾਓ ਬੁਲਾ ਕੇ ਲਿਆਓ। ਭਾਈ ਬਿਧੀ ਚੰਦ ਜੀ ਤੁਸੀਂ ਜਾਓ। ਬਿਧੀ ਚੰਦ ਜੀ ਜਾ ਕੇ ਕਹਿਣ ਲੱਗੇ, ਪੰਡਤ ਜੀ! ਗੁਰੂ ਮਹਾਰਾਜ ਨੇ ਕਿਹੈ ਕਿ ਤੁਸੀਂ ਆ ਜਾਓ। ਨਾਲੇ ਮੈਨੂੰ ਕਿਹੈ ਕਿ ਜ਼ਰੂਰ ਲੈ ਕੇ ਆਈ। ਪੰਡਤ ਨੇ ਕਿਹਾ ਕਿ ਐਵੇਂ ਹੀ ਨਾ ਬਾਂਹ ਫੜ ਕੇ ਧੂਹੀ ਜਾਵੇ। ਕਹਿੰਦੇ, ਚਲੋ ਮੈਂ ਚਲਦਾ ਹਾਂ। ਕਹਿੰਦੇ, ਗ੍ਰੰਥ ਲੈ ਚੱਲਿਓ ਨਾਲ ਹੀ। ਗ੍ਰੰਥ ਲੈ ਲਿਆ ਨਾਲ। ਮਹਾਰਾਜ ਕਹਿੰਦੇ, ਪੰਡਤ ਜੀ! ਕੀ ਗੱਲ? ਕਹਿੰਦਾ, ਸੱਚੇ ਪਾਤਸ਼ਾਹ! ਆਪ ਦੇ ਹੁਕਮ ਦੇ ਮੁਤਾਬਿਕ ਮੈਂ ਕਥਾ ਕਰਦਾ ਹਾਂ। ਲੇਕਿਨ ਇਹ ਜਿਹੜੇ ਸਿੱਖ ਨੇ ਇਹ ਅਧਿਕਾਰੀ ਨਹੀਂ ਹੈਗੇ। ਮੈਂ ਕੱਲ੍ਹ ਨਰਕਪੁਰੀ ਦਾ ਰਸਤਾ ਦਸਦਾ ਸੀ ਕਿ ਸਵਾ ਸਾਲ 'ਚ ਜੀਵ

ਉਥੇ ਪਹੁੰਚਦੈ। ਫੇਰ ਮਹਾਰਾਜ ਤੁਹਾਡੇ ਸਿੱਖਾਂ ਨੇ ਮਖੌਲ ਉਡਾਇਆ। ਇਕ ਨੇ ਕਿਹਾ ਮੈਂ ਤਾਂ ਪਹਿਰ 'ਚ ਪਹੁੰਚ ਜਾਵਾਂਗਾ, ਇਕ ਨੇ ਕਿਹਾ ਕਿ ਮੈਂ ਘੰਟੇ 'ਚ ਪਹੁੰਚ ਜਾਵਾਂਗਾ, ਇਕ ਨੇ ਕਿਹਾ ਘੜੀ 'ਚ, ਇਕ ਗੁਰਸਿੱਖ ਨੇ ਚੁਟਕੀ ਮਾਰ ਕੇ ਕਿਹਾ ਕਿ ਮੈਂ ਐਨੀ ਦੇਰ 'ਚ ਪਹੁੰਚ ਜਾਵਾਂਗਾ।

ਮਹਾਰਾਜ ਮੁਸਕਰਾ ਪਏ ਕਹਿੰਦੇ, ਪੰਡਤ ਜੀ! ਮੇਰੇ ਸਿੱਖ ਠੀਕ ਕਹਿੰਦੇ ਨੇ।

ਸੱਚੇ ਪਾਤਸ਼ਾਹ! ਫੇਰ ਸਾਸ਼ਤਰ ਝੂਠਾ ਹੈ?

ਕਹਿੰਦੇ, ਨਾ ਤੇਰਾ ਸਾਸ਼ਤਰ ਵੀ ਸੱਚਾ, ਮੇਰੇ ਸਿੱਖ ਵੀ ਸੱਚੇ।

ਕਹਿੰਦਾ, ਪਾਤਸ਼ਾਹ! ਫੇਰ ਮੈਨੂੰ ਸਮਝਾ ਦਿਓ, ਮੇਰਾ ਵੀ ਸ਼ੰਕਾ ਦੂਰ ਹੋ ਜਾਏ।

ਮਹਾਰਾਜ ਕਹਿਣ ਲੱਗੇ, ਇਸ ਸੰਸਾਰ ਦੇ ਵਿਚ ਛੇ ਕਿਸਮ ਦੇ ਬੰਦੇ ਨੇ। ਉਹਨਾਂ ਦੀ ਛੇ ਕਿਸਮ ਦੀ ਹੀ ਗਤੀ ਹੁੰਦੀ ਹੈ। ਪਹਿਲੇ ਤਾਂ ਉਹ ਅਣਜਾਣ ਤੇ ਮਨਮੁਖ, ਬੇਮੁਖ ਬੰਦੇ ਨੇ ਜਿਨ੍ਹਾਂ ਨੇ ਨਾ ਕਦੇ ਗੁਰੂ ਧਾਰਨ ਕੀਤੈ, ਨਾ ਸਤਿਸੰਗ 'ਚ ਆਉਣ, ਨਾ ਸੇਵਾ ਕਰਨ, ਨਾ ਦਾਨ ਕਰਨ ਨਾ ਕਿਸੇ ਦਾ ਭਲਾ ਕਰਨ। ਉਹ ਆਪਣੇ ਵਾਸਤੇ ਜਿਉਣ ਵਾਲੇ ਬੰਦੇ ਹੁੰਦੇ ਨੇ। ਦੂਜੇ ਦਾ ਨੁਕਸਾਨ ਕਰਕੇ ਆਪਣਾ ਸੰਵਾਰਦੇ ਨੇ। ਦੂਜਿਆਂ ਦਾ ਧਨ ਲੁੱਟਦੇ ਨੇ, ਦੂਜਿਆਂ ਦੇ ਪਰਿਵਾਰਾਂ 'ਚ ਲੜਾਈ ਝਗੜੇ ਖੜ੍ਹੇ ਕਰਦੇ ਨੇ। ਦੁਨੀਆਂ ਨੂੰ ਦੁਖਾਂ ਵਿਚ ਪ੍ਰਵਿਰਤ ਕਰਾਉਂਦੇ ਨੇ। ਵਿਸ਼ੇ-ਵਿਕਾਰਾਂ 'ਚ ਪੈਂਦੇ ਨੇ, ਲੁਕ ਕੇ ਪਾਪ ਕਰਦੇ ਨੇ, ਬੰਦਿਆਂ ਨੂੰ ਮਾਰਦੇ ਨੇ, ਚੋਰੀਆਂ ਕਰਦੇ ਨੇ, ਡਾਕੇ ਮਾਰਦੇ ਨੇ, ਕਹਿੰਦੇ ਇਹਨਾਂ ਸਾਰਿਆਂ ਨੂੰ ਪਾਪੀ ਕਿਹਾ ਜਾਂਦਾ ਹੈ। ਪਾਪੀਆਂ ਦੀ ਗਤੀ ਜੋ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਲਿਖੀ ਹੈ, ਉਹ ਇਵੇਂ ਜਿਵੇਂ ਲਿਖੀ ਹੈ ਜਿਵੇਂ ਤੁਸੀਂ ਸੁਣਾਉਂਦੇ ਹੋਂ। ਬਾਕੀ ਜਿਹੜਾ ਰਸਤਾ ਤੁਸੀਂ ਕਹਿੰਦੇ ਹੋਂ, ਰਸਤਾ ਵੀ ਗੁਰੂ ਮਹਾਰਾਜ ਨੇ ਇਸੇ ਤਰ੍ਹਾਂ ਲਿਖਿਆ ਹੈ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਅੰਗ- ੨੬੪*

ਤੁਸੀਂ ਤਾਂ ਅਜੇ ਦਸ ਹੀ ਦਿਤਾ ਕਿ 96 ਹਜ਼ਾਰ ਜੋਜਨ ਹੈ। ਲੇਕਿਨ ਗੁਰੂ ਮਹਾਰਾਜ ਕਹਿੰਦੇ, ਇਥੇ ਮਿਣਿਆ ਨਹੀਂ ਕਿਸੇ ਨੇ ਰਸਤਾ, ਇਹ ਤਾਂ ਗਿਣਿਆ ਹੀ ਨਹੀਂ ਜਾ ਸਕਦਾ। ਐਡੀ ਦੂਰ ਹੈ। ਸੋ ਤੁਹਾਨੂੰ ਤਾਂ ਤਰਕ ਕਰਨੀ ਨਹੀਂ ਚਾਹੀਦੀ। ਜਿਹੜਾ ਤੁਸੀਂ ਗਰੁੜ ਪੁਰਾਣ ਪੜ੍ਹ ਰਹੇ ਹੋਂ ਇਹ ਕੇਵਲ ਪਾਪੀਆਂ ਨਾਲ ਗੱਲਬਾਤ (deal) ਕਰਦੈ। ਦੁਨੀਆਂ ਨਾਲ ਨਹੀਂ ਕਰਦਾ, ਭਗਤਾਂ ਨਾਲ ਨਹੀਂ ਕਰਦਾ। ਕਾਰਕਾਂ ਨਾਲ ਨਹੀਂ ਕਰਦਾ, ਬ੍ਰਹਮ ਗਿਆਨੀਆਂ ਨਾਲ ਨਹੀਂ ਕਰਦਾ। ਇਹ ਤਾਂ ਕੇਵਲ ਪਾਪੀਆਂ ਦੀ ਗਤੀ ਦੀ ਬਾਤ ਕਰਦੈ। ਸੋ ਪਾਪੀ ਦੀ ਗਤੀ ਬਾਰੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਵੀ ਇਸ ਤਰ੍ਹਾਂ ਫੁਰਮਾਨ ਕਰਿਐ ਕਿ ਪਾਪੀ ਜਦੋਂ ਸੰਸਾਰ ਤੋਂ ਜਾਂਦੇ ਨੇ ਦੁਖੀ ਹੁੰਦੇ ਨੇ-

*ਆਪੀਨੈ ਭੋਗ ਭੋਗਿ ਕੈ*
*ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅੰਗ- ੪੬੪*

ਮਹਾਰਾਜ ਕਹਿੰਦੇ, ਜੀਵ ਜਾਂਦਾ ਨਹੀਂ ਹੈ। ਫੇਰ ਇਸ ਜੀਵ ਨੂੰ ਫੜਨ ਵਾਸਤੇ ਜਮਦੂਤ ਆਉਂਦੇ ਨੇ। ਜਦੋਂ ਇਹ ਕਹਿੰਦਾ ਹੈ ਕਿ ਮੇਰੇ ਪੁੱਤ, ਪੋਤੇ ਨੇ ਮੈਂ ਛੱਡ ਕੇ ਕਿਵੇਂ ਜਾਵਾਂ? ਰੂਹ ਨਿਕਲ ਜਾਂਦੀ ਹੈ ਪਰ ਤੁਰਦੀ ਨਹੀਂ ਨਾਲ। ਫੇਰ ਜਿਵੇਂ ਪਸ਼ੂ ਦੇ ਗਲ 'ਚ ਸੰਗਲ ਪਾ ਲੈਂਦੇ ਨੇ, ਇਸੇ ਤਰ੍ਹਾਂ ਉਹਦੇ ਗਲ 'ਚ ਸੰਗਲ ਪਾ ਲੈਂਦੇ ਨੇ -

*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅੰਗ- ੪੬੪*

ਜਦੋਂ ਸੰਗਲ ਪੈ ਜਾਂਦੈ ਸਾਧਸੰਗਤ ਜੀ! ਫੇਰ ਕੋਈ ਨਹੀਂ ਬਹੁੜਦਾ। ਘਰਵਾਲਿਆਂ ਨੂੰ ਤਾਂ ਦਿਸਦਾ ਹੀ ਨਹੀਂ ਸੰਗਲ ਪਿਆ ਹੋਇਆ। ਇਹ ਜਿਹੜੀਆਂ ਸੂਖਸ਼ਮ ਰੂਹਾਂ ਨੇ, ਉਹਨਾਂ ਨੂੰ ਹੀ ਦਿਸਦਾ ਹੈ। ਉਹਨਾਂ ਨਾਲ ਅਸੀਂ ਬਣਾਈ ਨਹੀਂ। ਮਹਾਰਾਜ ਸਵਾਲ ਕਰਦੇ ਇਸ ਤਰ੍ਹਾਂ ਦੇ ਨਾਲ -

*ਧਾਰਨਾ - ਦਰਗਾਹ ਵਿਚ ਓ ਸੰਗਲ ਪੈਣਗੇ,*
*ਉਥੇ ਕੌਣ ਛੁਡਾਊ ਤੇਰਾ ਦਰਦੀ।*

***'ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥ '*** ਜਾਂਦਾ ਨਹੀਂ ਹੈ, ਸੰਗਲ ਪਾ ਲਿਆ ਪਸ਼ੂਆਂ ਵਾਂਗਣ, ਖਿੱਚੀਂ ਤੁਰੇ ਜਾਂਦੇ ਨੇ। ਕਹਿੰਦੇ, ਇਸੇ ਤਰ੍ਹਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਵੀ ਲਿਖਿਆ ਹੈ ਪੰਡਤ ਜੀ। ਉਥੇ ਜਾ ਕੇ ਦੁਖ ਵੀ ਲਿਖੇ ਨੇ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*
*ਅੰਗ- ੧੪੨੫*

ਸੋ ਪਾਪੀ ਜਿਹੜੇ ਨੇ ਉਹਨਾਂ ਦਾ ਧਰਮਰਾਜ

ਕੋਲ ਜਾਣਾ ਜ਼ਰੂਰੀ ਹੋਇਆ ਕਰਦੈ –

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*
*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥*

*ਅੰਗ- ੩੮*

ਜਿਨ੍ਹਾਂ ਨੇ ਨਾ ਗੁਰੂ ਕੋਈ ਬਣਾਇਆ ਹੈ, ਨਾ ਕਿਸੇ ਮਹਾਂਪੁਰਸ਼ ਨੂੰ ਆਪਣਾ ਬਣਾਇਆ ਹੈ। ਫੇਰ ਉਹ ਤਾਂ ਜਾ ਕੇ ਔਖੇ ਹੀ ਹੁੰਦੇ ਨੇ –

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥*

*ਅੰਗ- ੧੨੮੧*

ਜੇ ਬੇਲੀ ਹੀ ਨਹੀਂ ਕੋਈ ਬਣਾਇਆ। ਤਾਂ ਤਾਂ ਉਥੇ ਕੋਈ ਮਦਦ ਨਹੀਂ ਕਰਦਾ। ਪਾਪੀ ਆਦਮੀ ਦੀ ਕੋਈ ਮਦਦ ਨਹੀਂ ਕਰਦਾ –

*ਚੋਰ ਕੀ ਹਾਮਾ ਭਰੇ ਨ ਕੋਇ ॥*
*ਚੋਰੁ ਕੀਆ ਚੰਗਾ ਕਿਉ ਹੋਇ ॥* *ਅੰਗ- ੬੬੨*

ਚੋਰੀਆਂ ਕਰਦੈ ਤੇ ਗੁਰੂ ਕੋਲ ਲਿਆ ਕੇ ਦਸਵੰਧ ਕੱਢਦੈ। ਤੇਰੀ ਤਾਂ ਹਾਮਾ ਨਹੀਂ ਕੋਈ ਭਰਦਾ। ਆਪੇ ਹੀ ਪਾਪ ਕਮਾ ਤੇ ਆਪੇ ਹੀ ਤੈਨੂੰ ਭੁਗਤਣੇ ਪੈਣੇ ਨੇ –

*ਧਾਰਨਾ – ਤੇਰਾ ਕੋਈ ਨਾ ਬੇਲੀ ਹੋਣਾ,*
*ਪਾਪ ਕਮਾਵਦਿਆਂ।*
*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥ ੧ ॥ ਰਹਾਉ ॥*

*ਅੰਗ- ੬੫੬*

ਕਹਿੰਦੇ, ਕਿਸੇ ਨੇ ਨਹੀਂ ਤੇਰਾ ਸਾਥ ਦੇਣਾ, ਉਥੇ ਹਾਮੀ ਨਹੀਂ ਭਰਨੀ ਕਿਸੇ ਨੇ।

ਬਾਲਮੀਕ ਨੂੰ ਜਦੋਂ ਸੰਤਾਂ ਨੇ ਭੇਜਿਆ, ਕਹਿਣ ਲੱਗੇ ਬਾਲਮੀਕ! ਤੂੰ ਸਾਨੂੰ ਮਾਰ ਲੈ, ਲੁੱਟ ਲੈ, ਜੋ ਕਰਨਾ ਕਰ ਲੈ ਪਰ ਇਹ ਪੈਸੇ ਤੂੰ ਕੀ ਕਰੇਂਗਾ। ਕਹਿੰਦਾ, ਮੈਂ ਆਪਣੇ ਬਾਲ-ਬੱਚਿਆਂ ਨੂੰ ਦੇਂਦਾ ਹਾਂ। ਘਰਵਾਲੀ ਨੂੰ ਦਿੰਦਾ ਹਾਂ, ਮਾਂ ਨੂੰ ਦਿੰਦਾ ਹਾਂ। ਕਹਿੰਦੇ, ਪ੍ਰੇਮੀਆਂ! ਤੂੰ ਫੇਰ ਇਕ ਗੱਲ ਕਰ, ਬਈ ਪੁੱਛ ਆ, ਜਦੋਂ ਤੂੰ ਧਰਮਰਾਜ ਹਜ਼ੂਰ ਖੜ੍ਹਾ ਹੋਏਂਗਾ ਕਟਹਿਰੇ ਦੇ ਵਿਚ, ਫੇਰ ਇਹ ਤੇਰੀ ਸਹਾਇਤਾ ਕਰਨਗੇ ਕਿ ਨਹੀਂ ਕਰਨਗੇ? ਐਨੀਓਂ ਗੱਲ ਪੁੱਛ ਲੈ। ਕਹਿੰਦਾ, ਸੰਤ ਜੀ! ਮੈਂ ਤਾਂ ਨਰਕ ਸੁਰਗ ਮੰਨਦਾ ਹੀ ਨਹੀਂ ਹਾਂ। ਕਹਿੰਦੇ, ਤੇਰੇ ਮੰਨਣ-ਨਾ ਮੰਨਣ ਨਾਲ ਕੋਈ ਫਰਕ ਨਹੀਂ ਪੈਂਦਾ। ਜੇ ਤੂੰ ਕਹੇਂ ਕਿ ਮੈਂ ਸੂਰਜ ਨੂੰ ਮੰਨਦਾ ਹੀ ਨਹੀਂ, ਨਾ ਮੰਨ ਤੂੰ। ਸੂਰਜ ਤਾਂ ਹੈਗਾ। ਸੂਰਜ ਨੂੰ ਨਾ ਮੰਨਣ ਵਾਲਾ ਕੌਣ ਹੈ ਦੁਨੀਆਂ 'ਚ? ਉਹਨੂੰ ਉੱਲੂ ਕਹਿੰਦੇ ਨੇ। ਕਿਉਂਕਿ ਉੱਲੂ ਨੂੰ ਸੂਰਜ ਦਿਸਦਾ ਨਹੀਂ ਹੈ ਤੇ ਉਹ ਕਹਿੰਦਾ ਹੈ ਕਿ ਹੈ ਨਹੀਂ ਸੂਰਜ, ਰਾਤ ਦਾ ਉਸ ਨੂੰ ਪਤਾ ਹੈ ਕਿ ਤਾਰੇ ਹੈਗੇ, ਸਭ ਕੁਛ ਹੈਗਾ। ਕਹਿੰਦੇ, ਤੇਰੇ ਨਾ ਮੰਨਣ ਨਾਲ ਨਹੀਂ ਕੁਛ ਹੁੰਦਾ। ਕਹਿੰਦਾ, ਮੈਨੂੰ ਤੁਸੀਂ ਦਿਖਾ ਸਕਦੇ ਹੋਂ? ਮਹਾਤਮਾ ਨੇ ਦਿਖਾ ਦਿਤਾ। ਛਟੀ ਰਖ ਦਿਤੀ ਸਿਰ 'ਤੇ, ਸਾਰੇ ਦਿਖਾ ਦਿਤੇ –

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ॥*

*ਅੰਗ- ੧੪੨੫*

ਰੌਰਵ ਨਰਕ ਦਿਖਾ ਦਿਤਾ, ਕੁੰਭੀ ਨਰਕ ਦਿਖਾ ਦਿਤਾ ਤੇ ਅੰਨ੍ਹਾ ਖੂਹ ਦਿਖਾ ਦਿਤਾ, ਸਾਰੇ ਨਰਕ ਦਿਖਾ ਦਿਤੇ। ਕੰਬਣ ਲਗ ਗਿਆ। ਕਹਿੰਦਾ ਬਸ-ਬਸ ਮੇਰੇ ਤੋਂ ਹੋਰ ਨਹੀਂ ਦੇਖੇ ਜਾਂਦੇ। ਕਹਿੰਦੇ, ਆਹ ਤੇਰਾ ਹਾਲ ਹੋਣਾ ਹੈ, ਦਸ? ਜਾਹ ਘਰ ਪੁੱਛ ਕੇ ਆ। ਘਰ ਪੁੱਛਣ ਚਲਿਆ ਗਿਆ –

*ਕੋੜਮੜਾ ਚਉਖੰਨੀਐ ਕੋਇ ਨ ਬੇਲੀ ਕਰਦੇ ਝਾੜਾ।*

*ਭਾਈ ਗੁਰਦਾਸ ਜੀ*

ਕਹਿੰਦੇ, ਦੇਖ, ਮਾਂ ਕਹਿਣ ਲੱਗੀ ਕਿ ਮੈਂ ਤੈਨੂੰ ਜਨਮ ਦਿਤਾ ਹੈ ਤੇ ਤੈਨੂੰ ਪਾਲਿਆ ਹੈ। ਹੁਣ ਤੇਰਾ ਫਰਜ਼ ਹੈ ਕਿ ਸਾਡੇ ਉਪਰ ਹੁਣ ਬੁਢੇਪਾ ਆ ਗਿਆ, ਤੂੰ ਸਾਨੂੰ ਪਾਲ। ਚਾਹੇ ਚੋਰੀਆਂ ਕਰ ਕੇ ਪਾਲ, ਚਾਹੇ ਡਾਕੇ ਮਾਰ ਕੇ ਪਾਲ। ਚਾਹੇ ਮਜ਼ਦੂਰੀ ਕਰਕੇ ਪਾਲ। ਘਰਵਾਲੀ ਨੂੰ ਪੁੱਛਿਆ ਤਾਂ ਉਹ ਕਹਿਣ ਲੱਗੀ ਕਿ ਮੇਰੀ ਮਾਂ ਨੇ ਤੇਰੇ ਪਿੱਛੇ ਮੈਨੂੰ ਲਾ ਦਿਤਾ ਤੇ ਮੈਂ ਤਾਂ ਰੋਟੀ ਖਾਣੀ ਹੈ, ਕੱਪੜਾ ਪਹਿਨਣਾ ਹੈ। ਜਿਥੋਂ ਜੀਅ ਕਰਦਾ ਹੈ ਲਿਆ। ਬੱਚਿਆਂ ਨੂੰ ਪੁੱਛਿਆ, ਉਹ ਕਹਿੰਦੇ, ਸਾਨੂੰ ਤੂੰ ਪਾਲਣਾ ਹੈ, ਠੀਕ ਹੈ ਅਸੀਂ ਇਹਦਾ ਬਦਲਾ ਦੇ ਦੇਵਾਂਗੇ, ਜਦੋਂ ਤੂੰ ਬੁੱਢਾ ਹੋਏਂਗਾ, ਅਸੀਂ ਪਾਲ ਦੇਵਾਂਗੇ। ਬਾਕੀ ਆਹ ਜਿਹੜੇ ਤੂੰ ਲੇਖੇ ਪੱਤੇ ਦੀ ਗੱਲ ਕਰਦਾ ਹੈਂ, ਇਹਦੇ ਵਿਚ ਅਸੀਂ ਜ਼ਿੰਮੇਵਾਰ ਨਹੀਂ ਹਾਂ। ਇਹ ਆਪੇ ਹੀ ਕਰ ਤੇ ਆਪੇ ਹੀ ਭੋਗ। ਆਪਣਾ ਕੀਤਾ ਹੋਇਆ ਆਪ ਹੀ ਭੋਗਣਾ ਪੈਂਦਾ ਹੈ।

ਕੋਈ ਦੂਜਾ ਨਹੀਂ ਇਹਦੇ ਵਿਚ ਸਹਾਈ ਹੁੰਦਾ।

ਵਾਪਸ ਆ ਗਿਆ। ਕੁਹਾੜਾ ਸੁੱਟ ਦਿਤਾ। ਕਹਿੰਦਾ, ਮਹਾਰਾਜ! ਕੋਈ ਨਹੀਂ ਬੇਲੀ ਹੁੰਦਾ। ਇਕੱਲੇ ਨੂੰ ਹੀ ਝੱਲਣਾ ਪੈਣੈ, ਕੀ ਛੁਡਾ ਸਕਦੇ ਹੋਂ ਤੁਸੀਂ? ਮਹਾਤਮਾ ਨੇ ਨਾਮ ਦੀ ਦਾਤ ਦੇ ਕੇ ਛੁਡਾ ਦਿਤਾ।

ਸੋ ਮਹਾਰਾਜ ਕਹਿੰਦੇ –

*ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ ॥*
*ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ॥*

*ਅੰਗ– ੫੪੬*

ਗਲਤ ਗੱਲਾਂ ਵਿਚ ਪਿਆ ਹੋਇਆ ਹੈਂ ਤੈਨੂੰ ਪਤਾ ਨਹੀਂ ਕਿ ਰਸਤਾ ਬਹੁਤ ਮਾੜਾ ਹੈ, ਜਿਥੋਂ ਦੀ ਤੂੰ ਜਾਣਾ ਹੈ।

*ਕੋਏ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ ॥ ਅੰਗ– ੫੪੬*

ਕਹਿੰਦੇ, ਫੇਰ ਹਮੇਸ਼ਾ ਹੀ ਪਛਤਾਈ ਜਾਏਗਾ, ਪਛਤਾਈ ਜਾਏਗਾ ਕਿ ਮੈਂ ਬੜਾ ਮਾੜਾ ਕੰਮ ਕਰਿਆ–

*ਗੁਨ ਗੁਪਾਲ ਨ ਜਪਹਿ ਰਸਨਾ*
*ਫਿਰਿ ਕਦਹੁ ਸੇ ਦਿਹ ਆਵਹੇ ॥ ਅੰਗ– ੫੪੬*

ਹੁਣ ਨਾ ਭਜਨ ਕੀਤਾ ਹੈ। ਨਾ ਰਸਨਾ ਦੇ ਨਾਲ ਪ੍ਰਮੇਸ਼ਰ ਦਾ ਨਾਮ ਜਪਿਆ ਹੈ। ਨਾ ਕੀਰਤਨ ਦੇ ਵਿਚ, ਰਸਨਾ ਦੇ ਨਾਲ ਬੋਲਿਆ ਹੈ। ਮਹਾਰਾਜ ਕਹਿੰਦੇ, ਫੇਰ ਇਹ ਦਿਨ ਆ ਜਾਏਗਾ ਕੀ, ਜਿਹੜਾ ਹੁਣ ਤੁਸੀਂ ਬੈਠੇ ਹੋਂ? ਇਹ ਤਾਂ ਪੱਤੇ ਝੜ ਗਏ ਦਰਖ਼ਤ ਦੇ ਉਤੋਂ ਮੁੜ ਕੇ ਨਹੀਂ ਇਹ ਜੁੜਨੇ। ਸਮਾਂ ਲੰਘ ਗਿਆ, ਮੁੜ ਇਹ ਸਮਾਂ ਨਹੀਂ ਦੁਬਾਰਾ ਬਣਨਾ।

*ਤਰਵਰ ਵਿਛੁੰਨੇ ਨਹ ਪਾਤ ਜੁੜਤੇ*
*ਜਮ ਮਗਿ ਗਉਨੁ ਇਕੇਲੀ ॥ ਅੰਗ– ੫੪੬*

ਕਹਿੰਦੇ, ਦਰਖ਼ਤ ਤੋਂ ਪੱਤੇ ਗਿਰ ਗਏ ਹੁਣ ਕੀ ਜੋੜ ਲਵੋਂਗੇ ਤੁਸੀਂ ਦੁਬਾਰਾ? ਤੇਰੀ ਜਿੰਦ ਨੇ ਇਕੱਲੀ ਨੇ ਜਾਣੈ ਜਮਾਂ ਦੇ ਰਸਤੇ –

*ਬਿਨਵੰਤ ਨਾਨਕ ਬਿਨੁ ਨਾਮ ਹਰਿ ਕੇ*
*ਸਦਾ ਫਿਰਤ ਦੁਹੇਲੀ ॥ ਅੰਗ– ੫੪੬*

ਨਾਮ ਤੋਂ ਬਗੈਰ ਔਖਾ ਹੋ ਕੇ ਸੰਸਾਰ ਦੇ ਵਿਚ ਫਿਰੇਂਗਾ।

ਸੋ ਮਹਾਰਾਜ ਕਹਿਣ ਲੱਗੇ, ਪੰਡਤ ਜੀ! ਕੋਈ ਵੀ ਬੰਦਾ ਪਾਪ ਕਰਦੈ। ਉਹ ਜੋ ਰਸਤਾ ਤੁਸੀਂ ਦਸਿਐ ਉਸ ਨੂੰ ਉਸ ਰਸਤੇ ਜਾਣਾ ਪੈਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫੁਰਮਾਨ ਕੀਤਾ ਹੈ –

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥*
*ਜਿਹ ਪੈਡੈ ਮਹਾ ਅੰਧ ਗੁਬਾਰਾ ॥*
*ਹਰਿ ਕਾ ਨਾਮੁ ਸੰਗਿ ਉਜੀਆਰਾ ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥*

*ਅੰਗ– ੨੬੪*

ਜੇ ਤਾਂ ਨਾਮ ਜਪਿਆ ਹੋਇਆ ਹੈ ਫੇਰ ਤਾਂ ਕੁਛ ਮਿਲ ਜਾਂਦਾ ਹੈ, ਨਹੀਂ ਤਾਂ ਭੁੱਖਾ ਮਰਦਾ ਹੈ।

ਇਥੇ ਹੀ ਚੰਡੀਗੜ੍ਹ ਜਦੋਂ ਅਸੀਂ 34 ਸੈਕਟਰ ਰਹਿੰਦੇ ਸੀ। ਇਕ ਬੀਬੀ ਸੀ ਇਥੇ ਉਹ 34 ਸੈਕਟਰ ਦੇ ਗੁਰਦੁਆਰੇ ਨੂੰ ਪੋਟਲੀਆਂ ਬੰਨ੍ਹ ਕੇ ਲਿਜਾਇਆ ਕਰੇ। ਇਕ ਬੀਬੀ ਜੀ ਤੁਹਾਡੇ ਕਹਿਣ ਲੱਗੇ, ਕਹਿੰਦੇ, ਭੈਣ! ਇਹ ਪੋਟਲੀਆਂ ਜਿਹੀਆਂ ਕੀ ਚੁਕਦੀ ਹੁੰਦੀ ਹੈਂ? ਕਹਿੰਦੀ, ਬਹਿ ਜਾਓ, ਮੇਰੇ ਤੋਂ ਗੱਲ ਸੁਣ ਲਓ। ਕਹਿੰਦੀ, ਮੈਂ ਮਰ ਗਈ ਸੀ, ਮੈਨੂੰ ਲੈ ਗਏ ਸੀ। ਪਾਠ ਤਾਂ ਮੈਂ ਕਰਦੀ ਹੁੰਦੀ ਸੀ, ਗੁਰਦੁਆਰੇ ਵੀ ਆਉਂਦੀ ਹੁੰਦੀ ਸੀ। ਜਮਦੂਤ ਤਾਂ ਨਹੀਂ ਆਏ, ਬੰਦੇ ਤਾਂ ਸੀਗੇ ਪਰ ਓਪਰੇ ਸੀਗੇ। ਕਹਿੰਦੀ, ਮੈਨੂੰ ਰਸਤੇ ਵਿਚ ਬਹੁਤ ਪਿਆਸ ਲੱਗੀ – ***' ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥'*** ਬਹੁਤ ਪਿਆਸ ਲਗਦੀ ਹੈ। ਜੇ ਤਾਂ ਨਾਮ ਜਪਿਆ ਹੁੰਦਾ ਫੇਰ ਤਾਂ ਅੰਮ੍ਰਿਤ ਵਰਸਦਾ। ਦਾਨ ਕਰਿਆ ਹੁੰਦਾ, ਤਾਂ ਵੀ ਪਾਣੀ ਮਿਲ ਜਾਂਦਾ। ਕਹਿੰਦੀ, ਜਦੋਂ ਮੈਂ ਬਾਰ–ਬਾਰ ਬੇਨਤੀਆਂ ਕਰੀਆਂ ਪਾਣੀ ਆ ਗਿਆ। ਬੜੇ ਕਿਸਮ ਦਾ ਪਾਣੀ ਆ ਗਿਆ। ਜਿਹੜੇ ਬਰਤਨ ਨੂੰ ਮੈਂ ਹੱਥ ਲਾਵਾਂ, ਉਸ 'ਚੋਂ ਪਾਣੀ ਸੁੱਕ ਜਾਵੇ। ਦੂਜੇ ਨੂੰ ਫੜਿਆ ਉਹ ਵੀ ਸੁੱਕ ਜਾਵੇ, ਤੀਜੇ ਨੂੰ ਫੜਾਂ ਉਹ ਵੀ ਸੁੱਕ ਜਾਵੇ। ਕਹਿੰਦੀ, ਮੈਂ ਬੇਨਤੀ ਕਰੀ ਕਿ ਭਾਈ! ਮੈਨੂੰ ਬਹੁਤ ਪਿਆਸ ਲੱਗੀ ਹੋਈ ਹੈ। ਕੋਈ ਬੰਦੋਬਸਤ ਕਰੋ, ਇਹ ਤਾਂ ਪਾਣੀ ਸੁੱਕ ਜਾਂਦੈ ਜਦੋਂ ਮੈਂ ਹੱਥ ਲਾਉਂਦੀ ਹਾਂ। ਉਹ ਕਹਿੰਦੇ, ਬੀਬੀ ਤੂੰ ਕਦੇ ਕਿਸੇ ਨੂੰ ਪਾਣੀ ਪਿਲਾਇਆ ਸੀ, ਜਦੋਂ ਤੂੰ ਸੰਸਾਰ ਵਿਚ ਸਰੀਰ ਵਿਚ ਸੀ। ਇਥੇ ਤਾਂ ਬੀਜਿਆ ਹੋਇਆ ਹੀ ਵੱਢਣਾ ਪੈਂਦਾ ਹੈ। ਜੇ ਤੂੰ ਬੀਜਿਆ ਹੀ ਨਹੀਂ ਹੈ ਤਾਂ ਇਥੇ ਕੀ

ਖਾਵੇਂਗੀ। ਇਥੇ ਕੁਛ ਨਹੀਂ ਮਿਲਦਾ। ਤੈਨੂੰ ਨਹੀਂ ਪਾਣੀ ਮਿਲਣਾ।

ਸ਼ਹਿਰ 'ਚ ਤਾਂ ਕੋਈ ਬੰਦੋਬਸਤ ਹੀ ਨਹੀਂ ਕਿ ਅਸੀਂ ਪਾਣੀ ਪਿਲਾ ਦੇਈਏ ਕਿਸੇ ਨੂੰ। ਆਹ ਪਸ਼ੂਆਂ ਨੂੰ ਵੀ ਨਹੀਂ ਪਿਲਾ ਸਕਦੇ। ਆਹ ਪੰਛੀਆਂ ਵਾਸਤੇ ਵੀ ਨਹੀਂ ਕਿ ਕੋਈ ਬਰਤਨ ਰੱਖ ਦੇਈਏ, ਭਰ ਕੇ ਕਿ ਐਨੇ ਪੰਛੀ ਨੇ, ਸਾਡੇ ਨਾਲ ਦੀ ਜ਼ਿੰਦਗੀ ਹੈ ਇਨ੍ਹਾਂ ਦੀ ਵੀ। ਚਿੜੀਆਂ ਨੇ, ਗਟਾਰਾਂ ਨੇ, ਹੋਰ ਪੰਛੀਆਂ ਨੇ ਪਾਣੀ ਪੀਣੈ, ਐਨਾ ਕੁ ਤਾਂ ਕਰ ਲਓ, ਸਾਡੇ ਹੱਥ ਵਿਚ ਪਾਣੀ ਹੈ। ਇਕ ਬਰਤਨ ਭਰ ਕੇ ਰੱਖ ਦੇਈਏ। ਪਿਆ ਰਹੇ। ਉਨ੍ਹਾਂ ਨੂੰ ਪਿਲਾਇਆ ਹੋਇਆ ਪਾਣੀ ਹੀ, ਰਾਹ 'ਚ ਬੇਅੰਤ ਪਾਣੀ ਮਿਲ ਜਾਣੈ। ਉਹ ਪ੍ਰਮੇਸ਼ਰ ਦੇ ਜੀਅ ਨੇ। ਵਾਹਿਗੁਰੂ ਉਨ੍ਹਾਂ 'ਤੇ ਵੀ ਦਇਆਲ ਹੈ, ਉਹਨਾਂ ਦੀ ਵੀ ਰਾਖੀ ਕਰਦੈ-

*ਜਬ ਹੀ ਸਰਨਿ ਗਹੀ ਕਿਰਪਾ ਨਿਧਿ*
*ਗਜ ਗਰਾਹ ਤੇ ਛੂਟਾ ॥*
*ਮਹਮਾ ਨਾਮ ਕਹਾ ਲਉ ਬਰਨਉ*
*ਰਾਮ ਕਹਤ ਬੰਧਨ ਤਿਹ ਤੂਟਾ ॥* *ਅੰਗ- ੬੩੨*

ਹਾਥੀ ਨੇ ਜਦੋਂ ਪ੍ਰਮੇਸ਼ਰ ਨੂੰ ਯਾਦ ਕਰਿਆ ਮਹਾਰਾਜ ਆ ਗਏ ਉਹਨੂੰ ਛੁਡਾਉਣ ਵਾਸਤੇ ਕਿਉਂਕਿ ਉਹ ਤਾਂ ਸਾਰਿਆਂ ਦੀ ਜ਼ਿੰਦਗੀ ਦਾ ਮਾਲਕ ਹੈ। ਅਸੀਂ ਕਹਿੰਦੇ ਹਾਂ ਕਿ ਸਾਡਾ ਹੀ ਹੈ ਰੱਬ, ਬਾਕੀਆ ਦਾ ਤਾਂ ਨਹੀਂ ਹੈ। ਇਹ ਸਾਡੀ ਬੜੀ ਭਾਰੀ ਭੁੱਲ ਹੈ, ਰੱਬ ਦੀ ਤਾਂ ਸਾਰੀ ਸ੍ਰਿਸ਼ਟੀ ਹੈ ਸਭ ਨੂੰ ਪਿਆਰ ਕਰਦਾ ਹੈ। ਸਭ ਦਾ ਉਸ ਨੂੰ ਧਿਆਨ ਹੈ, ਸਭ ਨੂੰ ਰੋਜ਼ੀ ਦਿੰਦਾ ਹੈ।

ਸੋ ਇਸ ਤਰ੍ਹਾਂ ਕਹਿਣ ਲੱਗੇ ਕਿ ਪਾਣੀ ਪਿਲਾਇਆ ਕਿਸੇ ਨੂੰ ਤੂੰ? ਕਹਿੰਦੀ, ਨਹੀਂ। ਸ਼ਹਿਰ 'ਚ ਤਾਂ ਰਿਵਾਜ਼ ਹੀ ਨਹੀਂ ਹੈ ਕਿ ਪਾਣੀ ਕਿਤੇ ਰੱਖਿਆ ਜਾਵੇ ਪੀਣ ਵਾਸਤੇ। ਅੱਗੇ ਜਾ ਕੇ ਮੈਨੂੰ ਬਹੁਤ ਭੁੱਖ ਲਗ ਗਈ, ਤੁਰਿਆ ਨਾ ਜਾਵੇ। ਮੈਂ ਕਿਹਾ, ਭਾਈ ਮੈਨੂੰ ਤਾਂ ਬਹੁਤ ਭੁੱਖ ਲੱਗੀ ਹੋਈ ਹੈ। ਮੇਰੇ ਤੋਂ ਡਿੰਗ ਨਹੀਂ ਪੁੱਟ ਹੁੰਦੀ। ਥਾਲ ਆ ਗਏ ਖਾਣੇ ਦੇ, ਜਿਹਨੂੰ ਮੈਂ ਚੁੱਕਣ ਲੱਗਾਂ ਮੇਰੇ ਸਿਰ ਤੋਂ ਉੱਚਾ ਹੋ ਜਾਵੇ, ਹੱਥ ਵਿਚ ਆਵੇ ਹੀ ਨਾ। ਕਹਿੰਦੀ, ਮੈਂ ਕਿਹਾ ਥਾਲ ਤਾਂ ਹੱਥ ਵਿਚ ਨਹੀਂ ਆਂਦੇ। ਕਹਿੰਦੇ, ਫੇਰ ਬੀਬੀ! ਕਿਸੇ ਲੰਗਰ ਵਿਚ ਰਾਸ਼ਨ ਪਾਇਆ? ਕਹਿੰਦੇ, ਕਿਸੇ ਭੁੱਖੇ ਨੂੰ ਅੰਨ੍ਹ ਛਕਾਇਐ? ਜਦੋਂ ਕਰਿਆ ਹੀ ਨਹੀਂ ਕੁਛ? ਫੇਰ ਇਥੇ ਵੱਢਣ ਨੂੰ ਹੈ ਕੀ? ਇਥੇ ਤਾਂ ਫੇਰ ਖਾਲੀ ਹੀ ਰਹਿਣਾ ਪੈਂਦਾ ਹੈ।

ਮਹਾਰਾਜ ਕਹਿੰਦੇ, ਤੁਸੀਂ ਐਸੀ ਚੀਜ਼ ਬੀਜੋ। ਜਿਹੜੀ ਮੁੱਕੇ ਹੀ ਨਾ। ਉਹ ਹੈ ਪ੍ਰਮੇਸ਼ਰ ਦਾ ਨਾਮ। ਜੇ ਅਸੀਂ ਬੀਜ ਲਈਏ ਫੇਰ ਨਹੀਂ ਉਹ ਮੁੱਕਦਾ। ਉਹ ਫੇਰ ਨਾਲ ਜਾਂਦਾ ਹੈ - '***ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥***' ਨਾਮ ਦਾ ਸਾਡੇ ਕੋਲ ਸਿੱਕਾ ਹੋ ਜਾਣੈ। ਉਹਦੇ ਨਾਲ ਜੋ ਮੁੱਲ ਲੈਣਾ ਹੈ ਲੈ ਲਓ। ਪਹਿਲੀ ਗੱਲ ਤਾਂ ਨਾਮ ਜਪਣ ਵਾਲੇ ਨੂੰ ਜਮਾਂ ਦੇ ਰਸਤੇ ਜਾਣਾ ਹੀ ਨਹੀਂ ਪੈਂਦਾ। ਇਹ ਸਿਰਫ ਕਰਮ ਧਰਮ ਕਰਨ ਵਾਲਿਆਂ ਨੂੰ ਜਾਣਾ ਪੈਂਦਾ ਹੈ -

*ਕਰਮ ਧਰਮ ਪਾਖੰਡ ਜੋ ਦੀਸਹਿ*
*ਤਿਨ ਜਮੁ ਜਾਗਾਤੀ ਲੂਟੈ ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ*
*ਨਿਮਖ ਸਿਮਰਤ ਜਿਤੁ ਛੂਟੈ ॥* *ਅੰਗ- ੭੪੭*

ਅੱਖ ਦੇ ਝਮਕਣ ਜਿੰਨੇ ਚਿਰ 'ਚ ਵੀ ਜੇ ਤੁਹਾਡੀ ਬਿਰਤੀ ਲਗ ਗਈ। ਉਹਦੇ ਨਾਲ ਹੀ ਛੁਟਕਾਰਾ ਹੋ ਜਾਣੈ। ਸੋ ਇਸ ਤਰ੍ਹਾਂ ਆਪ ਨੇ ਫੁਰਮਾਨ ਕਰਿਆ ਕਿ ਪੰਡਤ ਜੀ! ਸ੍ਰੀ ਗੁਰੂ ਨਾਨਕ ਦੇਵ ਜੀ ਵੀ ਇਹੀ ਕਹਿੰਦੇ ਨੇ -

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਜਹ ਮਹਾ ਭਇਆਨ ਦੂਤ ਜਮ ਦਲੈ ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥* *ਅੰਗ- ੨੬੪*

ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਇਲਾਜ ਦਸੀ ਜਾਂਦੇ ਨੇ। ਤੁਸੀਂ ਇਕੱਲਾ ਰਸਤਾ ਦਸੀ ਜਾਂਦੇ ਓਂ, ਬਸ ਫਰਕ ਐਨਾ ਹੀ ਹੈ। ਸੋ ਇਹ ਜਿਹੜੇ ਗੁਰਸਿੱਖ ਨੇ ਸਾਡੇ ਇਹ ਕੋਈ ਪਾਪ ਨਹੀਂ ਕਰਦਾ। ਕਰਮ ਵੀ ਜਿਹੜੇ ਕਰਦੇ ਨੇ ਉਹ ਸਾਰੇ ਨਿਸ਼ਕਾਮ ਕਰਦੇ ਨੇ। ਇਹ ਫਲ ਦੀ ਵਾਸ਼ਨਾ ਨਹੀਂ ਰਖਦੇ। ਨਿਸ਼ਕਾਮ ਕਰਮ ਕਰਕੇ ਰੋਜ਼ ਅਰਦਾਸ ਕਰਦੇ ਨੇ ਕਿ ਹੇ ਪਾਤਸ਼ਾਹ! ਅੰਮ੍ਰਿਤ ਵੇਲੇ ਤੋਂ ਜੋ ਬਾਣੀ ਪੜ੍ਹੀ, ਜੋ ਤੇਰਾ ਭਜਨ ਕਰਿਆ, ਉਸ ਨੂੰ ਸੋਧ ਕੇ ਆਪਣੇ ਖਜ਼ਾਨੇ ਵਿਚ ਦਾਖਲ ਕਰ ਲਈਂ। ਆਪਣੇ ਕੋਲ ਤਾਂ ਰੱਖਿਆ ਨਾ ਅਸੀਂ। ਜੇ ਆਪਣੇ ਕੋਲ ਰੱਖਾਂਗੇ, ਸਾਡੇ 'ਚ ਰਿੱਧੀ ਸਿੱਧੀ ਆ ਜਾਏਗੀ। ਫੇਰ ਅਸੀਂ ਇਥੇ ਹੀ ਚਮਤਕਾਰੇ ਦਿਖਾਉਣੇ ਸ਼ੁਰੂ ਕਰ ਦੇਵਾਂਗੇ। ਅਸੀਂ ਗੁਰੂ ਦੇ ਬੈਂਕ ਵਿਚ ਜਮ੍ਹਾਂ ਕਰਵਾ ਦਿੰਦੇ ਹਾਂ, ਆਪਣੇ

ਕੋਲ ਨਹੀਂ ਰਖਦੇ। ਇਸ ਕਰਕੇ ਮੇਰੇ ਜਿਹੜੇ ਗੁਰਸਿੱਖ ਨੇ, ਨਾ ਤਾਂ ਉਹਨਾਂ ਨੂੰ ਵਾਸ਼ਨਾ ਹੈ ਸਵਰਗ ਲੋਕ 'ਚ ਜਾਣ ਦੀ, ਨਰਕ ਵਿਚ ਉਹ ਵੈਸੇ ਹੀ ਨਹੀਂ ਜਾਂਦੇ ਕਿਉਂਕਿ ਗੁਰੂ ਦੇ ਬਣ ਗਏ। ਜਿਹੜਾ ਗੁਰੂ ਦਾ ਬਣ ਗਿਆ, ਉਹਨੂੰ ਨਰਕ ਦਾ ਕੰਮ ਹੀ ਨਹੀਂ। ਨਰਕ 'ਚ ਉਹਨਾਂ ਨੇ ਜਾਣਾ ਹੈ -

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥*

*ਅੰਗ- ੩੮*

ਜਿਨ੍ਹਾਂ ਨੇ ਗੁਰੂ ਨਹੀਂ ਧਾਰਿਆ, ਨਿਗੁਰੇ ਪੁਰਸ਼ ਨੇ, ਉਹਨਾਂ ਨੇ ਨਰਕਾਂ ਵਿਚ ਜਾਣਾ ਹੈ, ਜਿਨ੍ਹਾਂ ਨੇ ਗੁਰੂ ਦਾ ਸ਼ਬਦ ਲੈ ਕੇ ਗੁਰੂ ਦੇ ਸ਼ਬਦ ਦੀ ਕਮਾਈ ਕਰੀ ਹੈ, ਸੇਵਾ ਕਰੀ ਹੈ, ਭਜਨ ਕਰਿਆ ਹੈ, ਬਾਣੀ ਪੜ੍ਹੀ ਹੈ, ਨਾਮ ਜਪਿਆ ਹੈ ਬੈਠ ਕੇ, ਉਹ ਨਰਕ ਵਿਚ ਨਹੀਂ ਜਾਂਦੇ। ਉਹਨਾਂ ਨੂੰ ਤਾਂ ਗਾਈਡ ਲੈਣ ਆਉਂਦੇ ਨੇ ਉਹ ਲੈ ਕੇ ਜਾਂਦੇ ਨੇ। ਸੋ ਮਹਾਰਾਜ ਕਹਿਣ ਲੱਗੇ, ਪੰਡਤ ਜੀ! ਇਹ ਤਾਂ ਗਤੀ ਹੋ ਗਈ ਪਾਪੀਆਂ ਦੀ। ਦੂਜੀ ਹੁੰਦੀ ਹੈ ਪੁੰਨੀਆਂ ਦੀ ਜਿਹੜੇ ਪੁੰਨ ਕਰਦੇ ਨੇ। ਜਿਹੋ ਜਿਹਾ ਪੁੰਨ ਕਰਿਆ ਹੈ ਉਹੋ ਜਿਹਾ ਫਲ ਹੁੰਦੈ। ਜਿਹੜੇ ਬਹੁਤਾ ਪੁੰਨ ਕਰਦਾ ਹੈ ਉਹਨੂੰ ਬਿਵਾਨ ਲੈਣ ਵਾਸਤੇ ਆਉਂਦੇ ਨੇ ਕਿਉਂਕਿ ਉਹਦੇ ਕੋਲ ਬੇਅੰਤ ਧਨ ਹੋ ਗਿਆ ਖਰਚਣ ਨੂੰ। ਜਿਵੇਂ ਜਿਹਦੇ ਕੋਲ ਬਹੁਤਾ ਪੈਸਾ ਹੈ ਉਹ ਹਵਾਈ ਜਹਾਜ਼ ਵਿਚ ਜਾਂਦਾ ਹੈ। ਜਿਹਦੇ ਕੋਲ ਨਹੀਂ ਹੈਗਾ ਉਹ ਪੈਦਲ ਤੁਰਿਆ ਫਿਰਦਾ ਹੈ, ਨੰਗੇ ਪੈਰੀਂ। ਇਸੇ ਤਰ੍ਹਾਂ ਜਿਨ੍ਹਾਂ ਨੇ ਪੁੰਨ ਦਾਨ, ਨੇਕੀਆਂ ਇਥੇ ਕੀਤੀਆਂ ਨੇ ਉਹ ਜਦੋਂ ਸੰਸਾਰ ਤੋਂ ਜਾਂਦੇ ਨੇ ਉਹਨਾਂ ਨੂੰ ਪੈਦਲ ਵੀ ਨਹੀਂ ਤੁਰਨਾ ਪੈਂਦਾ, ਉਹਨਾਂ ਬਿਵਾਨਾਂ 'ਚ ਲੈ ਕੇ ਜਾਂਦੇ ਨੇ। ਕਹਿੰਦੇ, ਉਹ ਫੇਰ ਸਵਰਗ ਲੋਕਾਂ ਵਿਚ ਜਾਂਦੇ ਨੇ। ਸਵਰਗ ਲੋਕ ਗੰਧਰਭ ਲੋਕ ਤੋਂ ਸ਼ੁਰੂ ਹੁੰਦੇ ਨੇ। ਦੇਵ ਗੰਧਰਭ ਲੋਕ, ਪਿੱਤਰ ਲੋਕ, ਸਵਰਗ ਲੋਕ, ਇੰਦਰ ਲੋਕ, ਕਰਮ ਦੇਵ ਲੋਕ, ਅਜਾਨ ਦੇਵ ਲੋਕ, ਪਰਜਾਪਤ ਲੋਕ। ਇਸ ਤੋਂ ਆਗਾਂਹਾਂ ਫੇਰ ਬ੍ਰਹਮ ਲੋਕ ਚਲ ਪੈਂਦੈ। ਪੁੰਨੀ ਉਥੇ ਤਕ ਨਹੀਂ ਪਹੁੰਚਦੇ, ਬ੍ਰਹਮ ਲੋਕ ਤਕ, ਹੇਠਾਂ ਰਹਿੰਦੇ ਨੇ। ਫੇਰ ਕਹਿੰਦੇ, ਇਹ ਗਤੀ ਹੁੰਦੀ ਹੈ ਪੁੰਨੀਆਂ ਦੀ। ਬਿਵਾਨਾਂ 'ਚ ਜਾਂਦੇ ਨੇ, ਸੁਖ ਮਿਲਦਾ ਹੈ, ਬੇਅੰਤ ਸੁਖ ਦੀ ਉਥੇ ਪ੍ਰਾਪਤੀ ਹੁੰਦੀ ਹੈ। ਕੀਤੇ ਹੋਏ ਇਕ-ਇਕ ਪੁੰਨ ਦਾ 70-70 ਗੁਣਾਂ, ਲੱਖ-ਲੱਖ ਗੁਣਾਂ ਵੀ ਫਲ ਮਿਲਦੈ। ਕਿਉਂਕਿ -

*ਖੇਤੁ ਪਛਾਣੈ ਬੀਜੈ ਦਾਨੁ ॥* *ਅੰਗ-੧੪੧੧*

ਜਿਹਨੇ ਵਧੀਆ ਖੇਤ ਪਛਾਣ ਕੇ ਦਾਨ ਬੀਜ ਦਿਤਾ। ਜਿਥੇ ਲੰਗਰ ਚਲਦੇ ਨੇ, ਪ੍ਰਮੇਸ਼ਰ ਦਾ ਭਜਨ ਹੁੰਦੈ, ਹਰ ਵਕਤ ਬੰਦਗੀ ਹੁੰਦੀ ਹੈ, ਜਿਥੇ ਕੋਈ ਰਾਜਸੀ ਗੱਲਾਂ ਨਹੀਂ ਹੁੰਦੀਆਂ, ਕੋਈ ਉਥੇ ਗੜਬੜਾਂ ਨਹੀਂ ਹੁੰਦੀਆਂ। ਸਾਰੇ ਹੀ ਭਜਨ ਕਰਦੇ ਨੇ। ਉਥੇ ਦਾ ਬੀਜਿਆ ਹੋਇਆ ਲੱਖ ਗੁਣਾਂ ਵਧਦਾ ਹੈ। ਬਾਕੀ ਆਮ ਬੀਜਿਆ ਹੋਇਆ 70 ਗੁਣਾਂ ਵਧਦਾ ਹੈ। ਦੁਨੀਆਂ ਵਿਚ ਬੀਜਿਆ ਹੋਇਆ 10 ਗੁਣਾਂ ਵਧ ਜਾਇਆ ਕਰਦੈ। ਸੋ ਮਹਾਰਾਜ ਕਹਿੰਦੇ, ਬਹੁਤਾ ਪੁੰਨ ਜਿਨ੍ਹਾਂ ਨੇ ਕਰਿਆ ਹੈ ਉਹ ਬਿਵਾਨਾਂ 'ਚ ਚੜ੍ਹ ਕੇ ਜਾਂਦੇ ਨੇ। ਸੋ ਤੀਸਰੇ ਉਹ ਹੁੰਦੇ ਨੇ ਜਿਨ੍ਹਾਂ ਨੇ ਗੁਰੂ ਤਾਂ ਧਾਰਨ ਕਰ ਲਿਆ, ਨਾਮ ਵੀ ਜਪਣ ਲਗ ਗਏ, ਬਾਣੀ ਵੀ ਪੜ੍ਹਨ ਲਗ ਗਏ, ਸੇਵਾ ਵੀ ਕਰਨ ਲਗ ਗਏ, ਪਾਠ ਵੀ ਕਰਨ ਲਗ ਗਏ। ਉਹ ਜਦੋਂ ਜਾਂਦੇ ਨੇ, ਉਹਨਾਂ ਨੂੰ ਗਾਈਡ ਵੀ ਲੈਣ ਨਹੀਂ ਆਉਂਦੇ, ਉਹਨਾਂ ਨੂੰ ਸੇਵਾਦਾਰ ਲੈਣ ਆਉਂਦੇ ਨੇ ਤੇ ਬਿਵਾਨਾਂ 'ਚ ਸਵਾਰੀ ਚੜ੍ਹਾ ਕੇ ਉਹਨਾਂ ਨੂੰ ਲੈਣ ਆਉਂਦੇ ਨੇ। ਕਿਉਂਕਿ ਅਜੇ ਪੂਰਾ ਹੋਇਆ ਨਹੀਂ ਹੁੰਦਾ। ਜੇ ਅਜੇ ਸਵਰਗ ਦੀ ਵਾਸ਼ਨਾ ਮਨ ਵਿਚ ਹੈ, ਦੋ ਕਿਸਮ ਦੇ ਹੁੰਦੇ ਨੇ ਬੰਦੇ ਇਕ ਕਹਿੰਦੇ ਨੇ ਕਿ ਰਹਿ ਗਏ ਅਧੂਰੇ। ਹੇ ਪਾਤਸ਼ਾਹ! ਕਿਸੇ ਚੰਗੇ ਘਰ 'ਚ ਜਨਮ ਦੇ ਦੇ ਮੈਨੂੰ। ਉਹਨੂੰ ਤਾਂ ਮਿਲ ਜਾਂਦਾ ਹੈ ਜਨਮ ਤੇ ਨਾਲ ਨਿਸ਼ਾਨੀ ਉਹਦੀ ਇਹ ਹੁੰਦੀ ਹੈ ਕਿ ਉਹ 4-5 ਸਾਲ ਦਾ ਹੀ ਕਹਿਣ ਲਗ ਜਾਂਦਾ ਹੈ ਕਿ ਮੈਂ ਗੁਰੂ ਧਾਰਨ ਕਰਨੈ, ਸੰਤਾਂ ਦੇ ਅੰਮ੍ਰਿਤ ਛਕਣੈ, ਸਤਿਸੰਗ ਜਾਣੈ। ਉਹ ਬੱਚਾ ਪਿਛਲੇ ਜਨਮ ਦੇ ਅੰਦਰ ਬਹੁਤ ਕੁਛ ਕਰਕੇ ਆਇਆ ਹੁੰਦੈ। ਉਹਨੂੰ ਫੇਰ ਗੁਰੂ ਇੰਤਜਾਮ ਕਰਦੇ ਨੇ, ਮਹਾਤਮਾ ਮਿਲਣ ਦਾ ਤੇ ਗੁਰੂ ਮਿਲਣ ਦਾ। ਸੋ ਜੇ ਇਹਦੇ ਮਨ ਵਿਚ ਹੋਵੇ ਕਿ ਮੈਂ ਕੋਈ ਸੁਖ ਭੋਗ ਲਵਾਂ। ਕਹਿੰਦੇ, ਫੇਰ ਬ੍ਰਹਮ ਲੋਕ ਵਿਚ ਚਲਿਆ ਜਾਂਦੈ ਉਹ। ਉਥੇ ਲੱਖਾਂ ਸਾਲ ਸੁਖ ਭੋਗਣ ਤੋਂ ਬਾਅਦ ਮੁੜ ਕੇ ਫੇਰ ਮਨੁੱਖ ਜੂਨੀ ਵਿਚ ਆਉਂਦੈ, ਫੇਰ ਨਾਮ ਜਪਣਾ ਪੈਂਦਾ ਹੈ ਉਹਨੂੰ। ਇਹ ਹੈਗੀ ਤੀਸਰੀ ਗਤੀ। ਇਹਨੂੰ ਯੋਗ ਭ੍ਰਿਸ਼ਟਾਂ ਦੀ ਗਤੀ ਕਹਿੰਦੇ ਨੇ। ਚੌਥੀ ਹੋਇਆ ਕਰਦੀ ਹੈ ਭਗਤਾਂ ਦੀ ਗਤੀ। ਭਗਤ ਉਹ ਨੇ ਜਿਹੜੇ ਪ੍ਰਭੂ ਨੂੰ ਪਿਆਰ ਕਰਦੇ ਨੇ -

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥*
*ਅੰਗ- ੫੧੭*

ਜਿਹੜੇ ਅੰਦਰ ਗੁਰੂ ਦੀ ਆਰਾਧਣਾ ਕਰਦੇ ਨੇ, ਨੇਤਰਾਂ ਦੇ ਨਾਲ ਗੁਰੂ ਦੇ ਦਰਸ਼ਨ ਕਰਦੇ ਨੇ। ਕੰਨਾਂ ਦੇ ਨਾਲ ਗੁਰੂ ਦੀ ਬਾਣੀ ਸਰਵਣ ਕਰਦੇ ਨੇ। ਜਿਹਬਾ ਦੇ ਨਾਲ ਉਹਦਾ ਨਾਮ ਜਪਦੇ ਨੇ ਤੇ ਜਿਹੜੇ ਫੇਰ ਪਿਆਰ ਦੇ ਵਿਚ ਆਉਂਦੇ ਨੇ, ਉਹ ਫੇਰ ਨਿਰੰਕਾਰ ਦੀ ਖਾਸ ਦਰਗਾਹ ਵਿਚ ਜਾਂਦੇ ਨੇ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ - ਦਰਗਹ ਮਿਲਦੈ ਥਾਉਂ,*
*ਗੁਰਾਂ ਨਾਲ ਰੱਤਿਆਂ-ਗੁਰਾਂ ਨਾਲ ਰੱਤਿਆਂ।*

ਇਹ ਭਗਤਾਂ ਦੀ ਗਤੀ ਹੈ। ਸਰੀਰ ਛੱਡਣ ਤੋਂ ਬਾਅਦ ਆਪ ਵਾਰ-ਏ-ਗਾਹ-ਖੁਦਾ, ਨਿਰੰਕਾਰ ਦੀ ਦਰਗਾਹ ਦੇ ਵਿਚ ਜਾਇਆ ਕਰਦੇ ਨੇ।

ਸੋ ਇਸ ਤੋਂ ਬਾਅਦ ਮਹਾਰਾਜ ਕਹਿਣ ਲੱਗੇ ਕਿ ਪੰਜਵੀਂ ਗਤੀ ਹੋਇਆ ਕਰਦੀ ਹੈ ਕਾਰਕਾਂ ਦੀ। ਕਾਰਕ ਪੁਰਸ਼ ਉਹ ਹੁੰਦੇ ਨੇ ਜਦੋਂ ਦੁਨੀਆਂ ਦਾ ਇੰਤਜ਼ਾਮ ਵਿਗੜ ਜਾਵੇ। ਧਰਮ ਜਿਹੜਾ ਹੈ ਉਹਦੀਆਂ ਜੜ੍ਹਾਂ ਹਿੱਲ ਜਾਣ ਤੇ ਅਧਰਮ ਦਾ ਪਸਾਰਾ ਹੋ ਜਾਵੇ, ਉਸ ਵੇਲੇ ਕਾਰਕ ਪੁਰਸ਼ ਆਇਆ ਕਰਦੇ ਨੇ ਸੰਸਾਰ ਦੀ ਮਰਿਆਦਾ ਕਾਇਮ ਕਰਨ ਵਾਸਤੇ। ਉਹ ਵੱਡੇ-ਵੱਡੇ ਅਵਤਾਰ ਹੋਇਆ ਕਰਦੇ ਨੇ। ਉਹ ਆ ਕੇ ਮਰਿਆਦਾ ਕਾਇਮ ਕਰਨ ਤੋਂ ਬਾਅਦ ਫੇਰ ਚਲੇ ਜਾਂਦੇ ਨੇ। ਉਹਨਾਂ ਨੂੰ ਕਿਸੇ ਕਰਮ ਦਾ ਲੇਪ ਨਹੀਂ ਹੁੰਦਾ। ਨਾ ਕੋਈ ਉਹਨਾਂ ਨੂੰ ਪੁੰਨ ਹੁੰਦੈ ਨਾ ਕੋਈ ਪਾਪ ਹੁੰਦੈ। ਉਹ ਤਾਂ ਮੁਕਤ ਆਤਮਾਵਾਂ ਆਪਣੀ ਮਰਜ਼ੀ ਦੇ ਨਾਲ ਆਉਂਦੀਆਂ ਨੇ, ਮਰਜ਼ੀ ਨਾਲ ਹੀ ਸੰਸਾਰ ਤੋਂ ਚਲਿਆ ਜਾਇਆ ਕਰਦੀਆਂ ਨੇ। ਸੋ ਉਹ ਨਿਰੰਕਾਰ ਦੀ ਦਰਗਾਹ ਵਿਚ ਰਹਿੰਦੀਆਂ ਨੇ।

ਛੇਵੀਂ ਗਤੀ ਉਹਨਾਂ ਦੀ ਹੁੰਦੀ ਹੈ ਜਿਨ੍ਹਾਂ ਨੇ ਸੰਸਾਰ ਦੇ ਅੰਦਰ ਆ ਕੇ ਆਪਣਾ ਸਰੂਪ ਪਛਾਣ ਲਿਆ ਕਿ ਮੈਂ ਆਤਮਾ ਹਾਂ। ਨਿਹਚੇਪੂਰਵਕ ਪਛਾਣ ਲਿਆ। ਉਸ ਤੋਂ ਬਾਅਦ ਉਹਦਾ ਪ੍ਰਮੇਸ਼ਰ ਦੇ ਨਾਲ ਹੋ ਗਿਆ ਮਿਲਾਪ –

*ਆਤਮਾ ਪਰਾਤਮਾ ਏਕੋ ਕਰੈ ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ ॥ ਅੰਗ- ੬੬੧*

ਜਦੋਂ ਪ੍ਰਮੇਸ਼ਰ ਦੇ ਨਾਲ ਮਿਲਾਪ ਹੋ ਗਿਆ ਫੇਰ ਉਹ ਪ੍ਰਮੇਸ਼ਰ ਦਾ ਰੂਪ ਹੋ ਜਾਂਦੇ ਨੇ। ਉਹਨਾਂ ਦਾ ਆਉਣਾ ਜਾਣਾ ਖਤਮ ਹੋ ਜਾਂਦਾ ਹੈ। ਜਿਵੇਂ ਪ੍ਰਮੇਸ਼ਰ ਸਾਰੇ ਪ੍ਰੀਪੂਰਨ ਹੈ, ਇਸ ਤਰ੍ਹਾਂ ਉਹ ਸਾਰੇ ਪ੍ਰੀਪੂਰਨ ਹੋ ਜਾਂਦੇ ਨੇ। ਰੱਬ ਦਾ ਰੂਪ ਬਣ ਕੇ ਰੱਬ ਵਿਚ ਹੀ ਸਮਾਅ ਜਾਂਦੇ ਨੇ –

*ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥*
*ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥*
*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ- ੮੪੬*

ਜਿਵੇਂ ਸੂਰਜ ਦੀ ਕਿਰਨ, ਕਿਰਨ ਨਾਲ ਮਿਲ ਜਾਂਦੀ ਹੈ। ਉਹ ਇਸ ਤਰ੍ਹਾਂ ਮਿਲ ਜਾਂਦੇ ਨੇ। ਸੋ ਉਹਨਾਂ ਦਾ ਆਉਣਾ ਜਾਣਾ ਨਹੀਂ ਹੁੰਦਾ।

ਸੋ ਪੰਡਤ ਜੀ! ਇਹ ਜਿਹੜੀ ਗੁਰਸਿੱਖਾਂ ਨੇ ਗੱਲ ਕਹੀ ਹੈ ਉਹ ਇਹਨਾਂ ਗਤੀਆਂ 'ਚ ਆਉਂਦੇ ਨੇ। ਜਿਨ੍ਹਾਂ ਨੇ ਚੁਟਕੀ ਮਾਰੀ ਹੈ ਉਹ ਬ੍ਰਹਮਗਿਆਨੀ ਨੇ। ਸੋ ਬ੍ਰਹਮ ਗਿਆਨੀ ਕਿਤੇ ਆਉਂਦਾ ਜਾਂਦਾ ਨਹੀਂ। ਉਹਦੇ ਪ੍ਰਾਣ ਨਹੀਂ ਕਿਤੇ ਵੀ ਆਉਂਦੇ ਜਾਂਦੇ, ਦੂਜਿਆਂ ਦੇ ਜਿਨ੍ਹਾਂ ਨੇ ਕਿਹਾ, ਉਹਨਾਂ ਦੇ ਪ੍ਰਾਣ ਜ਼ਰੂਰ ਆਉਂਦੇ ਨੇ। ਪਰ ਉਹ ਐਨਾ ਸਮਾਂ ਨਹੀਂ ਲਾਉਂਦੇ ਕਿ ਲੰਘਦੇ ਜਾਂਦੇ ਉਹਨਾਂ ਬਹੁਤ ਸਮਾਂ ਲੰਘੇ। ਉਹ ਮਾਮੂਲੀ ਸਮਾਂ ਲਗਦੈ ਜਿੰਨਾਂ ਇਹਨਾਂ ਨੇ ਦਸਿਐ।

ਉਸ ਵੇਲੇ ਪੰਡਤ ਜੀ ਨੇ ਗੁਰੂ ਮਹਾਰਾਜ ਦੇ ਚਰਨ ਫੜ ਲਏ ਕਿ ਸੱਚੇ ਪਾਤਸ਼ਾਹ! ਕ੍ਰਿਪਾ ਕਰਕੇ ਮੈਨੂੰ ਵੀ ਦਿਖਾ ਸਕਦੇ ਹੋਂ। ਮੈਂ ਵੀ ਇਹ ਚੀਜ਼ਾਂ ਦੇਖ ਲਵਾਂ ਆਪਣੀਆਂ ਅੱਖਾਂ ਨਾਲ? ਮਹਾਰਾਜ ਨੇ ਨਾਮ ਦੀ ਦਾਤ ਦੇ ਦਿਤੀ। ਕਮਾਈ ਕਰੀ, ਕਮਾਈ ਕਰਦੇ-ਕਰਦੇ ਇਕ ਦਿਨ ਆਇਆ, ਜਦੋਂ ਆ ਕੇ ਚਰਨ ਫੜ ਲਏ।

''ਸੱਚੇ ਪਾਤਸ਼ਾਹ! ਆਪ ਦੀ ਕ੍ਰਿਪਾ ਹੋ ਗਈ, ਜੋ ਬਚਨ ਆਪ ਨੇ ਉਸ ਦਿਨ ਕੀਤੇ ਸੀ ਮੈਂ ਸਾਰੇ ਅੱਖਾਂ ਦੇ ਨਾਲ ਦੇਖ ਲਏ।

*(ਵੀਡੀਓ ਫਿਲਮ ਦੀਵਾਨ ਨੰ: 117)*

*'ਚਲਦਾ................।'*

# ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀਂ ਭਗਵੰਤ॥

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ।*
*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥ ੧ ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ- ੬੯੪*

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮੁ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਸਦਕੇ ਆਪ ਸਤਿਸੰਗ ਸਮਾਗਮ ਦੇ ਵਿਚ ਦੂਰ-ਦਰਾਜ਼ ਤੋਂ ਆ ਕੇ ਸਸ਼ੋਭਿਤ ਹੋਏ ਹੋਂ। ਬੇਨਤੀ ਕੀਤੀ ਹੈ ਕਿ ਹੇ ਪ੍ਰਭੂ! ਆਹ ਜਨਮ ਜੋ ਸਾਡਾ ਹੈ, ਇਹਨੂੰ ਲੇਖੇ ਵਿਚ ਲਾ ਲਉ ਕਿਉਂਕਿ ਪਹਿਲੇ ਜਨਮ ਜਿਹੜੇ ਸਾਡੇ ਨੇ ਉਹ ਲੇਖਿਆਂ ਵਿਚ ਨਹੀਂ ਲੱਗੇ। ਉਹ ਅਸੀਂ ਭਟਕਦੇ ਫਿਰਦੇ ਰਹੇ ਹਾਂ। ਜੇ ਤੇਰੇ ਲੇਖੇ ਵਿਚ ਲੱਗਿਆ ਹੁੰਦਾ ਤਾਂ ਅਸੀਂ ਤੇਰੇ ਦਰਬਾਰ ਹੁਣ ਬੈਠੇ ਹੁੰਦੇ। ਭਟਕਦੇ ਫਿਰੀ ਗਏ ਹਾਂ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ੧ ॥ ਰਹਾਉ ॥*
*ਕਈ ਜਨਮ ਸੈਲ ਗਿਰਿ ਕਰਿਆ ॥*
*ਕਈ ਜਨਮ ਗਰਭ ਹਿਰਿ ਖਰਿਆ ॥*
*ਕਈ ਜਨਮ ਸਾਖ ਕਰਿ ਉਪਾਇਆ ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ ॥ ੨ ॥ ਅੰਗ- ੧੭੬*

ਬੜਾ ਲੰਮਾ ਚੱਕਰ ਸਾਨੂੰ ਪਿਆ ਹੈ ਸਾਰਿਆਂ ਨੂੰ। ਕਿਸੇ ਨੂੰ ਯਾਦ ਹੈ ਕਿਸੇ ਨੂੰ ਨਹੀਂ ਯਾਦ। ਜਨਮ-ਦਰ-ਜਨਮ ਲੰਘਦੇ ਤੁਰੇ ਜਾ ਰਹੇ ਨੇ। ਪੜ੍ਹਦੇ ਹਾਂ, ਲਿਖਦੇ ਹਾਂ, ਜਾਨਣ ਦੀ ਕੋਸ਼ਿਸ਼ ਕਰਦੇ ਹਾਂ। ਗੱਲ ਸਮਝ ਵਿਚ ਵੀ ਪੈ ਜਾਂਦੀ ਹੈ, ਪਰ ਫੇਰ ਜਨਮ ਲੰਘ ਜਾਂਦਾ ਹੈ, ਅਜੀਬ ਬਾਤ ਹੈ। ਸੋ ਐਨੇ ਮਸਲੇ ਨੇ, ਉਹਨਾਂ ਦੇ ਲੇਖਿਆਂ ਵਿਚ ਸਮਾਂ ਲੰਘ ਰਿਹਾ ਹੈ। ਬੱਚਿਆਂ ਦਾ, ਕਿਸੇ ਦਾ ਪੈਸਾ ਕਮਾਉਣ 'ਚ, ਕਿਸੇ ਦਾ ਮੁਕਦਮੇ ਬਾਜ਼ੀ 'ਚ, ਕਿਸੇ ਦਾ ਬਿਮਾਰੀ ਵਿਚ, ਕਿਸੇ ਇਲੈਕਸ਼ਨਾਂ ਵਿਚ। ਸਮਾਂ ਸਭ ਦਾ ਲੰਘ ਜਾਣਾ ਹੈ ਪਰ ਲੰਘਿਆ ਹੋਇਆ ਮੁੜ ਕੇ ਨਹੀਂ ਆਉਂਦਾ-

*ਇਹ ਠਹਿਰਨ ਜਾਚ ਨ ਜਾਣਦਾ।*
*ਲੰਘ ਗਿਆ ਨਾ ਮੁੜ ਕੇ ਆਂਵਦਾ॥ ਭਾਈ ਵੀਰ ਸਿੰਘ ਜੀ*

ਕਰਿਆ ਕੀ ਜਾਵੇ? ਆਦਮੀ ਬੱਚਾ ਹੁੰਦੈ, ਜਵਾਨ ਹੁੰਦੈ, ਫੇਰ ਬੁਢਾਪਾ ਆ ਜਾਂਦੈ। ਬਚਪਨ ਨੂੰ ਜਵਾਨੀ ਖਾ ਜਾਂਦੀ ਹੈ, ਨਾਮ-ਨਿਸ਼ਾਨ ਨਹੀਂ ਰਹਿਣ ਦਿੰਦੀ। ਜਵਾਨੀ ਨੂੰ ਬੁਢਾਪਾ ਖਾ ਜਾਂਦੈ। ਹੈਰਾਨ ਹੋ ਜਾਂਦਾ ਹਾਂ ਜਦੋਂ ਮੈਂ ਆਪ ਦੇ ਸਾਥੀਆਂ ਨੂੰ ਦੇਖਦਾ ਹਾਂ ਕਿ ਤੁਹਾਨੂੰ ਕੀ ਹੋ ਗਿਆ? ਤੁਸੀਂ ਤਾਂ ਐਨੇ ਮਜ਼ਬੂਤ ਸੀ। ਕੋਈ ਤੁਹਾਡੇ ਸਾਮ੍ਹਣੇ ਨਹੀਂ ਸੀ ਆਉਂਦਾ। ਆਹ ਕੀ ਹਾਲ ਹੋਇਆ ਪਿਐ? ਕਿਉਂਕਿ ਬੁਢਾਪੇ ਨੇ ਜਵਾਨੀ ਖਾ ਲਈ। ਹੁਣ ਬੁਢਾਪੇ ਨੂੰ ਖਾ ਰਹੀ ਹੈ ਮੌਤ। ਛੋਟੀਆਂ-ਛੋਟੀਆਂ ਬੁਰਕੀਆਂ ਕਰਦੀ ਹੈ। ਖਾਂਦੀ ਚਲੀ ਜਾ ਰਹੀ ਹੈ। ਬੁਢਾਪੇ 'ਚ ਆਦਮੀ ਦੁਬਾਰਾ ਤਕੜਾ ਨਹੀਂ ਹੁੰਦਾ ਕਿ ਫੇਰ ਉਹੋ ਜਿਹਾ ਹੋ ਜਾਏ। ਉਹ ਤਾਂ ਕਾਲ ਦੀ ਗਰਾਹੀ ਬਣਨ ਵਾਸਤੇ ਪਲ-ਪਲ ਘਟਦਾ ਚਲਿਆ ਜਾ ਰਿਹਾ ਹੈ। ਮਹਾਰਾਜ ਕਹਿੰਦੇ ਆਪਣੀ ਪਛਾਣ ਕਰ ਤੂੰ ਪਿਆਰਿਆ! ਤੇਰਾ ਸਮਾਂ ਕਿਵੇਂ ਲੰਘ ਰਿਹੈ -

*ਧਾਰਨਾ - ਜਿਵੇਂ ਫੁਟੜ ਘੜੇ ਦਾ ਪਾਣੀ,*
*ਅਉਧ ਤੇਰੀ ਜਾਵੇ ਬੀਤਦੀ।*

*ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥*

*ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥ ੧ ॥ ਰਹਾਉ ॥*
*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*
*ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ ੧ ॥*
*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥ ੨ ॥੧ ॥*
*ਅੰਗ- ੭੨੬*

ਲੇਖੇ ਵਿਚ ਨਹੀਂ ਲਗ ਰਿਹਾ ਸਮਾਂ। ਮਹਾਰਾਜ ਕਹਿੰਦੇ, ਜੇ ਵਾਹਿਗੁਰੂ ਦੇ ਲੇਖੇ ਵਿਚ ਲਾਉਣਾ ਹੈ ਤਾਂ ਹੁਣੇ ਹੀ ਲਗ ਜਾ ਏਸ ਵੇਲੇ ਤੋਂ। ਕਿਉਂਕਿ ਤੇਰੀ ਜਿਹੜੀ ਉਮਰ ਹੈ ਜਿਵੇਂ ਟੁੱਟਿਆ ਹੋਇਆ ਘੜਾ ਹੋਵੇ, ਉਹਦੇ ਵਿਚ ਕੋਈ ਨਿੱਕਾ ਜਿਹਾ ਸੁਰਾਖ ਹੋਵੇ। ਉਹਦੇ ਵਿਚੋਂ ਜਿਵੇਂ ਪਾਣੀ ਨਿਕਲਦੈ ਇਸ ਤਰ੍ਹਾਂ ਨਿਕਲ ਜਾਣੈ। 24000 ਸਵਾਸ ਤੇਰਾ ਰੋਜ਼ ਦੀ ਰੋਜ਼ ਜ਼ਾਇਆ ਚਲੇ ਜਾਂਦੈ। ਕਿੰਨੇ ਸਵਾਸ ਮਿਲੇ ਨੇ? 100 ਸਾਲ ਦੀ ਉਮਰ ਵਾਲਾ ਹੋਵੇ, 88 ਕਰੋੜ 66 ਲੱਖ ਸਵਾਸ ਹੁੰਦੈ। ਜੇ 75 ਸਾਲ ਦੀ ਉਮਰ ਵਾਲਾ ਹੈ ਤਾਂ ਉਸ ਨੂੰ 66 ਕਰੋੜ 44 ਲੱਖ ਸਵਾਸ ਮਿਲਿਆ ਕਰਦੈ। ਸਵਾਸ ਦੀ ਕੀਮਤ ਦਾ ਪਤਾ ਨਹੀਂ ਹੈ। ਨਾ ਪਤਾ ਹੋਣ ਕਰਕੇ ਅਸੀਂ ਅਜਾਈਂ ਗਵਾਉਂਦੇ ਤੁਰੇ ਜਾ ਰਹੇ ਹਾਂ। ਧੱਕੇ ਨਾਲ ਹੀ ਜਾ ਰਹੇ ਨੇ। ਅਸੀਂ ਚਾਹੁੰਦੇ ਨਹੀਂ ਹਾਂ ਕਿ ਸਾਡਾ ਸਮਾਂ ਨਸ਼ਟ ਹੋ ਜਾਵੇ। ਉਲਝਣਬਾਜ਼ੀਆਂ ਹੀ ਐਨੀਆਂ ਜ਼ਬਰਦਸਤ ਨੇ। ਕਿਸੇ ਨੂੰ ਓਲਾਦ ਦੀ ਉਲਝਣਬਾਜ਼ੀ ਹੈ, ਕਿਸੇ ਨੂੰ ਸਰੀਰ ਦੀ ਉਲਝਣਬਾਜ਼ੀ ਹੈ। ਕਿਸੇ ਨੇ ਪੈਸਾ ਦੇਣਾ ਹੈ, ਕਿਸੇ ਨੇ ਕਰਜ਼ਾ ਦੇਣਾ ਹੈ ਉਹਦੀ ਉਲਝਣਬਾਜ਼ੀ ਹੈ, ਕਿਸੇ ਦਾ ਕੰਮ ਨਹੀਂ ਚੱਲ ਰਿਹਾ, ਉਹਦੀ ਉਲਝਣਬਾਜ਼ੀ ਹੈ, ਕਿਸੇ ਦੀ ਰਿਸ਼ਤੇਦਾਰਾਂ 'ਚ ਬਣਦੀ ਨਹੀਂ, ਉਹਦੀ ਉਲਝਣਬਾਜ਼ੀ ਹੈ, ਘਰਵਾਲੀ ਦੀ ਪਤੀ ਨਾਲ ਨਹੀਂ ਬਣਦੀ, ਰੌਲਾ-ਰੱਪਾ ਦਿਮਾਗ ਵਿਚ ਫਤੂਰ ਪਿਆ ਰਹਿੰਦੈ, ਮਹਾਰਾਜ ਕਹਿੰਦੇ। ਉਹ ਜਿਹੜਾ ਭਜਨ ਕਰਨ ਨੂੰ ਤੈਨੂੰ ਸਮਾਂ ਮਿਲਿਆ ਸੀ, ਅਰ ਮੌਕਾ ਕਿੰਨੀ ਦੇਰ ਬਾਅਦ ਆਇਆ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ- ੬੩੧*

ਇਕ-ਅੱਧਾ ਯੁੱਗ ਨਹੀਂ, ਸੈਂਕੜੇ ਯੁੱਗ। ਹੁਣ ਕਿਵੇਂ ਸਮਝਾਵੇ ਮਨੁੱਖ ਨੂੰ। ਉਹ ਨਹੀਂ ਸਮਝਦਾ। ਉਹਦੇ ਦਿਮਾਗ 'ਚ ਨਹੀਂ ਬੈਠਦੀ ਗੱਲ। ਮਹਾਰਾਜ ਨੇ ਕਿਹਾ ਹੈ ਕਿ - ***'ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥'*** ਐਡਾ ਤੂੰ ਮੂਰਖ ਤੇ ਅਗਿਆਨੀ ਹੈਂ। ਪ੍ਰਭੂ ਦਾ ਸਿਮਰਨ ਨਹੀਂ ਕਰਦਾ, ਨਾਮ ਨਹੀਂ ਜਪਦਾ। ਉਮਰ ਤੇਰੀ ਵਿਅਰਥ ਸੋਚਾਂ ਵਿਚ ਜਾ ਰਹੀ ਹੈ। ਇਕ ਪਾਸੇ ਤਾਂ ਭਜਨ ਕਰ ਰਿਹੈ। ਇਕ ਪਾਸੇ ਵਿਅਰਥ ਸੋਚ ਰਿਹੈ। ਜਿਨ੍ਹਾਂ ਗੱਲਾਂ ਦਾ ਕੋਈ ਮਤਲਬ ਨਹੀਂ, ਉਹਦਾ। ਐਵੇਂ ਸੋਚੀ ਜਾਂਦੈ ਕਿ ਮੇਰੇ ਨਾਲ ਇਸ ਤਰ੍ਹਾਂ ਹੋ ਜਾਏਗਾ, ਮੈਨੂੰ ਲੋਕ ਅੱਛਾ ਨਹੀਂ ਸਮਝਦੇ, ਮੈਨੂੰ ਕੋਈ ਵੀ ਚੰਗਾ ਨਹੀਂ ਸਮਝਦਾ। ਫਜ਼ੂਲ ਗੱਲਾਂ ਸੋਚ-ਸੋਚ ਕੇ ਸਮਾਂ ਬਰਬਾਦ ਕਰ ਲੈਂਦੈ। ਇਕ ਉਹ ਨੇ ਜਿਹੜੇ Eat drink and be merry for we Shall have to die. ਜਾਣਦੇ ਤਾਂ ਹੈਗੇ ਕਿ ਮਰ ਜਾਣੈ, ਪਰ ਕਹਿੰਦੇ ਖਾ ਪੀ ਕੇ ਮਰੋ। ਉਹਨਾਂ ਨੂੰ ਇਹ ਨਹੀਂ ਪਤਾ ਕਿ ਇਹ ਮਰਨ ਦੇ ਨਾਲ ਜੀਵਨ ਖਤਮ ਨਹੀਂ ਹੋਣਾ। ਜਿਹੋ ਜਿਹਾ ਜੀਵਨ ਬਣਾ ਲਿਆ ਉਹੋ ਜਿਹਾ ਹੀ ਉਹਨੂੰ ਅੱਗੇ ਜਨਮ ਮਿਲ ਜਾਏਗਾ।

ਬੰਦਾ ਸਿੰਘ ਬਹਾਦਰ ਦੇ ਪਹਿਲੇ ਗੁਰੂ ਔਘੜ ਨਾਥ ਦੀ ਅੰਤ ਦੇ ਸਮੇਂ ਸੁਰਤ ਬਿੱਲ ਵਿਚ ਰਹਿ ਗਈ ਸੀ। ਕਿੰਨੇ ਹੀ ਜਨਮ ਉਹ ਕੀੜਾ ਬਣਦਾ ਰਿਹਾ।

ਇਕ ਸੰਤ ਸੀਗੇ ਕੇਸਵਾਨੰਦ, ਬੜੇ ਮਸ਼ਹੂਰ ਸੰਤ ਹੋਏ ਨੇ ਤੁਲਸੀਦਾਸ ਦੇ ਸਮਕਾਲੀ। ਉਸੇ ਤਰ੍ਹਾਂ ਰਾਮਾਇਣ ਲਿਖਦੇ ਸੀ, ਉਸੇ ਤਰ੍ਹਾਂ ਗਾਉਂਦੇ ਸੀ। ਉਵੇਂ ਜਿਵੇਂ ਮਸ਼ਹੂਰ ਸੀ। ਉਹ ਮਰ ਕੇ ਪ੍ਰੇਤ ਬਣ ਗਿਆ, ਬੜਾ ਹੀ ਖਤਰਨਾਕ। ਉਹਦਾ ਕੰਮ ਸੀਗਾ, ਬੀਬੀਆਂ ਦੇ ਕੱਪੜੇ ਪਾੜ ਦਿੰਦਾ ਸੀ। ਰਸਤਾ ਛੁੱਟ ਗਿਆ। ਕੋਈ ਓਧਰੋਂ ਨਾ ਜਾਵੇ। ਤੁਲਸੀ ਦਾਸ ਜੀ ਨੂੰ ਬੁਲਾਇਆ। ਉਹਨਾਂ ਨੇ ਕੀਰਤਨ ਕਰਿਆ। ਸਾਰੇ ਨਗਰ ਨੇ ਬੇਨਤੀ ਕਰੀ ਕਿ ਮਹਾਰਾਜ ਸਾਡਾ ਰਸਤਾ ਬੰਦ ਹੋ ਗਿਆ। ਕਹਿੰਦੇ ਕੀ ਗੱਲ? ਕਹਿੰਦੇ, ਉਥੇ ਕੋਈ ਪ੍ਰੇਤ ਰਹਿੰਦੈ। ਸੋ ਉਹ ਪ੍ਰੇਤ ਜਿਹੜਾ ਹੈ ਉਹ ਬੀਬੀਆਂ ਦੇ ਕੱਪੜੇ ਪਾੜ ਦਿੰਦੈ। ਭਾਈ ਵੀ ਡਰਦੇ ਨੇ ਉਸ ਤੋਂ। ਉਹ ਕਹਿੰਦੇ, ਦੇਖੋ ਅਸੀਂ ਪ੍ਰੇਤ ਕੱਢਣ ਦਾ ਤਾਂ ਨਹੀਂ ਅਸੀਂ ਜਾਣਦੇ। ਸਾਨੂੰ ਐਨਾ ਪਤਾ ਹੈ ਕਿ ਰਾਮ ਦਾ ਨਾਮ ਜਪਣ 'ਤੇ ਸਭ ਠੀਕ ਹੋ ਜਾਂਦੈ। ਕਿਉਂਕਿ ਸਭ ਸ਼੍ਰੋਮਣੀ ਮਹਾਂ ਮੰਤਰ ਹੈ ਵਾਹਿਗੁਰੂ ਮੰਤਰ। ਇਸ ਤੋਂ ਘੱਟ ਹੀ ਨੇ ਸਾਰੇ। ਜੇ ਕਿਸੇ ਨੂੰ ਭੂਤ, ਚੁੜੈਲ ਲੱਗੀ ਹੋਈ ਹੈ, ਜਿੰਨ ਲੱਗਿਆ ਹੋਇਐ। ਉਹ ਨਾਮ ਜਪੇ, ਵਾਹਿਗੁਰੂ-ਵਾਹਿਗੁਰੂ ਕਰੇ, ਅੰਮ੍ਰਿਤ ਛਕ ਕੇ। ਫੇਰ ਹਟੇ ਨਾ। ਉਹ ਹਟ ਜਾਏਗਾ। ਫੇਰ ਤਾਂ ਜਮਦੂਤ ਵੀ ਨਹੀਂ ਆਉਂਦੇ -

*ਨਾਮੁ ਸੁਣਤ ਜਮੁ ਦੂਰਹੁ ਭਾਗੈ ॥* *ਅੰਗ- ੧੧੫੦*

ਜਮ ਵੀ ਨੱਠ ਜਾਂਦੈ। ਸੋ ਇਸ ਤਰ੍ਹਾਂ ਕਹਿਣ ਲੱਗੇ ਕਿ ਚਲੋ ਰਾਮ ਦੇ ਨਾਮ ਦਾ ਕੀਰਤਨ ਕਰਦੇ ਹਾਂ। ਉਥੇ ਆ ਕੇ ਉਸ ਬੋਹੜ ਦੇ ਦਰਖਤ ਦੇ ਥੱਲੇ ਬੈਠ ਗਏ। ਕੀਰਤਨ ਸ਼ੁਰੂ ਹੋਇਆ ਤਾਂ ਕੀ ਦੇਖਦੇ ਨੇ ਕਿ ਇਕ ਪ੍ਰੇਤ ਰੂਹ ਆ ਗਈ। ਓਨੀ ਡਰਾਉਣੀ ਨਹੀਂ ਹੈ। ਉਹਨਾਂ ਨੇ ਪਛਾਣ ਲਿਆ ਕਿ ਇਹ ਤਾਂ ਸੰਤ ਨੇ ਮੇਰੇ ਨਾਲ ਦੇ ਕੇਸਵਾਨੰਦ। ਮਸ਼ਹੂਰ ਸੰਤ ਸੀ। ਕਹਿੰਦੇ, ਬਾਬਾ ਜੀ! ਇਹ ਤੁਹਾਡਾ ਕੀ ਹਾਲ ਹੋ ਗਿਆ? ਕਹਿੰਦਾ, ਮੇਰੀ ਸੁਰਤੀ ਨੇ ਮੇਰਾ ਇਹ ਹਾਲ ਕਰ ਦਿਤਾ। ਰਾਮਾਇਣ ਲਿਖ ਰਿਹਾ ਸੀ, ਰਾਜੇ ਦਸ਼ਰਥ ਦੇ ਦਰਬਾਰ ਦੀ ਜੋ ਸਥਿਤੀ ਸੀ, ਉਹ ਮਨ 'ਚ ਵਸਾ ਕੇ ਲਿਖ ਰਿਹਾ ਸੀ। ਨਾਚੀਆਂ ਦੇ ਕੱਪੜੇ ਮੈਂ ਸੁਰਤੀ ਨਾਲ ਪੁਆ ਰਿਹਾ ਸੀ। ਦਿਲ ਫੇਲ੍ਹ ਹੋ ਗਿਆ ਕਿਉਂਕਿ ਬਿਰਤੀ ਓਹੋ ਜਿਹੀ ਸੀ, ਮੈਂ, ਕਹਿੰਦੇ ਪ੍ਰੇਤ ਬਣ ਗਿਆ। ਪ੍ਰੇਤ ਬਣ ਕੇ ਕੱਪੜੇ ਹੀ ਲਾਹੁਣ ਲਗ ਗਿਆ। ਐਡੀ ਮੱਤ ਮਾਰੀ ਗਈ। ਅੱਜ ਤੁਹਾਡਾ ਕੀਰਤਨ ਸੁਣ ਕੇ ਮੈਨੂੰ ਸ਼ਾਂਤੀ ਆਈ ਹੈ। ਤੁਲਸੀ ਦਾਸ ਜੀ ਨੇ ਕ੍ਰਿਪਾ ਕੀਤੀ ਪ੍ਰੇਤ ਦੇ ਪਿੰਜਰ ਵਿਚੋਂ ਰੂਹ ਛੁਡਾ ਦਿਤੀ।

ਸੋ ਜਿਹੜਾ ਕਹਿੰਦਾ ਹੈ ਨਾ ਕਿ ਖਾਓ, ਪੀਓ, ਐਸ਼ ਕਰੋ ਤੇ ਆਖਿਰ ਮਰ ਜਾਣਾ ਹੈ। ਮਰ ਕੇ ਕਿਤੇ ਤੈਨੂੰ ਤਖ਼ਤ ਦੇ ਉਤੇ ਬਿਠਾ ਦੇਣਗੇ? ਉਹਨਾਂ ਦਾ ਮੱਤ ਹੈ ਕਿ ਜਿਵੇਂ ਦੀਵਾ ਬੁਝ ਜਾਂਦਾ ਹੈ, ਬਾਕੀ ਕੁਛ ਵੀ ਨਹੀਂ ਰਹਿੰਦਾ, ਇਵੇਂ ਜਿਵੇਂ ਦਾਣਾ ਪਾਣੀ ਮੁੱਕ ਜਾਂਦਾ ਹੈ, ਸਰੀਰ ਗਿਰ ਜਾਂਦਾ ਹੈ, ਦਿਮਾਗ ਫੇਲ੍ਹ ਹੋ ਜਾਂਦਾ ਹੈ, ਖਤਮ ਹੋ ਜਾਂਦਾ ਹੈ ਸਭ। ਜੇ ਤਾਂ ਐਨਾ ਹੀ ਹੁੰਦਾ ਫੇਰ ਤਾਂ ਠੀਕ ਸੀ। ਪਰ ਇਹ ਹੈ ਕਿ ਇਸ ਜੀਵਨ ਤੋਂ ਬਾਅਦ ਹੋਰ ਜੀਵਨ ਹੈ। ਉਹ ਲੇਖੇ ਪੱਤੇ ਦੇਣੇ ਪੈਂਦੇ ਨੇ। ਸੋ ਜਿਨ੍ਹਾਂ ਨੂੰ ਲਗਨ ਲਗ ਗਈ –

*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥* *ਅੰਗ- ੧੭੬*

ਕਿ ਤੇਰੀ ਵਾਰੀ ਆਈ ਹੋਈ ਹੈ ਮਿਲਣ ਦੀ। ਬੜੀ ਦੇਰ ਤੋਂ ਬਾਅਦ ਤੈਨੂੰ ਇਹ ਦੇਹੀ ਪ੍ਰਾਪਤ ਹੋਈ ਹੈ। ਉਹ ਮਿਲਣ ਦਾ ਯਤਨ ਕਰਦੈ। ਲੇਕਿਨ ਛੋਟਾ ਰਸਤਾ (shortcut) ਤਾਂ ਕਿਸੇ ਨੂੰ ਵੀ ਨਹੀਂ ਪਤਾ ਹੁੰਦਾ। ਲੰਮੇ ਰਸਤੇ 'ਚ ਪਾ ਦਿੰਦੇ ਨੇ।

ਇਕ ਐਸਾ ਹੀ ਜੋੜਾ, ਬਹੁਤ ਅਮੀਰ ਸੀ, ਬੇਅੰਤ ਦੌਲਤ, ਜਾਇਦਾਦ ਸੀ ਉਹਨਾਂ ਕੋਲ। ਦੋਨੋਂ ਹੀ ਬਹੁਤ ਸੋਹਣੇ-ਸੁਨੱਖੇ ਸੀ। ਰਾਗ ਦੇ ਜਾਨਣ ਵਾਲੇ ਸੀ। ਮਾਇਆ ਪ੍ਰਮੇਸ਼ਰ ਨੇ ਦਿਤੀ ਹੋਈ ਸੀ, ਵਿਹਲੇ ਸਮੇਂ ਦੇ ਅੰਦਰ ਫੁੱਲ ਉਗਾਉਂਦੇ ਸੀ, ਆਪਣੀਆਂ ਫੁਲਵਾੜੀਆਂ ਦੇ ਅੰਦਰ। ਉਹ ਫੇਰ ਤੋੜ ਕੇ ਦੇਵਤੇ ਨੂੰ ਭੇਟਾ ਕਰਦੇ ਸੀ। ਬੜੀ ਸੋਹਣੀ ਫੁੱਲਾਂ ਦੀ ਵਿਦਿਆ ਜਾਣਦੇ ਸੀ। ਕੁਰੁੱਤੇ ਫੁੱਲ ਉਗਾਉਣੇ ਉਹਨਾਂ ਨੇ। ਪਰ ਉਹਨਾਂ ਨੂੰ ਰਸਤੇ ਦਾ ਪਤਾ ਨਹੀਂ ਸੀ, ਕੋਈ ਕੱਚਾ ਮਿਲਿਆ, ਉਹਨੇ ਕਿਹਾ ਕਿ ਤੁਸੀਂ ਇਸ ਤਰ੍ਹਾਂ ਕਰਿਆ ਕਰੋ, ਠਾਕੁਰ ਦੀ ਪੂਜਾ ਕਰਿਆ ਕਰੋ। ਧੂਫ ਦਿਆ ਕਰੋ ਦੇਵਤੇ ਨੂੰ। ਪ੍ਰਿਤਮਾ ਲੈ ਆਓ, ਉਹਦੇ ਸਾਮ੍ਹਣੇ ਰਾਗ ਗਾਇਆ ਕਰੋ, ਧੂਪ-ਦੀਪ ਦੇਵੋ, ਨਮਸ਼ਕਾਰ ਕਰਿਆ ਕਰੋ। ਪੂਜਾ ਕਰੋ, ਅਰਚਾ ਕਰੋ। ਇਸ ਤੋਂ ਅਗਾਂਹਾਂ ਨਹੀਂ ਸੀ ਉਹ ਸਿਖਾ ਸਕਿਆ।

ਇਹਨਾਂ ਨੇ ਅੰਮ੍ਰਿਤ ਵੇਲੇ ਉਠਣਾ। ਪ੍ਰਿਤਮਾ ਦਾ ਇਸ਼ਨਾਨ ਕਰਾਉਣਾ, ਉਸ ਤੋਂ ਬਾਅਦ ਸੁੱਚਾ ਜਲ ਲੈਣ ਵਾਸਤੇ ਖੂਹ 'ਤੇ ਜਾਣਾ। ਉਥੋਂ ਬਰਤਨ ਵਿਚ ਪਾ ਕੇ ਫੇਰ ਚਰਨਾਮ੍ਰਿਤ ਲੈਣਾ। ਫੇਰ ਸਿਤਾਰ ਲੈ ਕੇ ਉਹਦੇ ਮੂਹਰੇ ਗਾਉਣਾ ਸ਼ੁਰੂ ਕਰਨਾ। ਬੜੇ ਪਿਆਰ ਨਾਲ ਗਾਉਣਾ। ਪਰ ਇਹ ਨਹੀਂ ਸੀ ਪਤਾ ਕਿ ਰੱਬ ਕਿੱਥੇ ਰਹਿੰਦਾ ਹੈ, ਉਹਨੂੰ ਕਿਵੇਂ ਮਿਲੀਦੈ। ਤਰੀਕਾ ਨਹੀਂ ਸੀ ਪਤਾ। ਜੁਗਤ ਤੋਂ ਬਗੈਰ ਸਾਧਸੰਗਤ ਜੀ, ਕੋਈ ਗੱਲ ਸਿਰੇ ਨਹੀਂ ਚੜ੍ਹਿਆ ਕਰਦੀ –

*ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥*
*ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥*
*ਅੰਗ- ੪੯੧*

ਤਰੀਕਾ ਨਹੀਂ ਸੀ ਆਉਂਦਾ ਕਿ ਕੀ ਤਰੀਕਾ ਹੈ। ਇਹ ਤਰੀਕਾ ਠੀਕ ਹੈ ਕਿ ਭਗਤੀ ਦਾ ਇਕ ਅੰਗ ਹੈ ਇਹ। ਉਹਦੇ ਮੁਤਾਬਿਕ ਉਹ ਕਰਦੇ ਸੀ। ਇਥੇ ਨੇੜੇ ਦੇ ਹੀ ਰਹਿਣ ਵਾਲੇ ਸੀ, ਰਾਏਪੁਰ ਰਾਣੀ, ਰਾਣੀ ਦੇ ਨਾਮ 'ਤੇ ਰਾਏਪੁਰ ਨਾਮ ਸੀ ਨਗਰ ਦਾ। ਰਾਣੀ ਨੇ ਬੜੀ ਦੇਰ ਰਾਜ ਕਰਿਆ। ਉਹਦਾ ਨਾਮ ਰਾਏਪੁਰ ਰਾਣੀ ਪੈ ਗਿਆ। ਜੰਗਲ ਸੀ ਆਲੇ-ਦੁਆਲੇ, ਉਚੀਆਂ ਨੀਵੀਆਂ ਜ਼ਮੀਨਾਂ ਸੀ, ਬਹੁਤ ਦੂਰ ਤਕ ਜੰਗਲ ਸੀ। ਗੁਰੂ ਦਸ਼ਮੇਸ਼ ਪਿਤਾ ਜੀ ਨਾਲ ਜਦੋਂ ਰਾਜਾ ਭੀਮਸੈਨ ਨੇ ਅਕਾਰਨ ਹੀ ਵੈਰ ਸ਼ੁਰੂ ਕਰ ਲਿਆ ਤਾਂ ਮਾਤਾ ਜੀ ਨੇ ਵੀ ਵਿਚਾਰ ਕਰੀ, ਹੋਰ ਸਿੰਘਾਂ ਨੇ ਵੀ ਵਿਚਾਰ ਕਰੀ ਕਿ ਮਹਾਰਾਜ! ਖਾਹਮਖਾਹ ਲੜਾਈ ਕਰਦਾ ਹੈ ਇਹ, ਕਾਰਨ ਕੋਈ ਨਹੀਂ ਹੈ। ਬਿਨਾਂ ਕਾਰਨ ਤੋਂ ਹੀ ਯੁੱਧ ਕਰਨ ਨੂੰ ਤਿਆਰ ਹੋ ਜਾਂਦਾ ਹੈ। ਫੌਜ ਚਾੜ੍ਹਦਾ ਹੈ, ਬੜਾ

ਹੀ ਗਲਤ ਕੰਮ ਹੋ ਰਿਹੈ, ਚਲੋ ਆਪਾਂ ਸ੍ਰੀ ਅਨੰਦਪੁਰ ਸਾਹਿਬ ਨੂੰ ਚਲਦੇ ਹਾਂ।

ਰਾਜਾ ਮੇਦਨੀ ਪ੍ਰਕਾਸ਼ ਆ ਗਿਆ, ਨਾਹਨ ਦਾ ਰਾਜਾ, ਉਹਦਾ ਫਤਹਿ ਚੰਦ ਰਾਜੇ ਨਾਲ ਵੈਰ ਸੀ। ਉਹਨੇ ਕਿਹਾ ਕਿ ਜੇ ਗੁਰੂ ਸਾਹਿਬ ਮੇਰੇ ਕੋਲ ਆ ਜਾਣਗੇ ਤਾਂ ਉਹ ਡਰ ਜਾਏਗਾ। ਗੁਰੂ ਮਹਾਰਾਜ ਜੀ ਨੂੰ ਮਨਾ ਕੇ ਲੈ ਗਿਆ। ਮਹਾਰਾਜ ਜੀ ਵੀ ਜਾਣਾ ਚਾਹੁੰਦੇ ਸੀ। ਮਹਾਰਾਜ ਜੀ ਜਦੋਂ ਜਮੁਨਾ ਦੇ ਕੰਢੇ ਗਏ, ਉਥੇ ਥਾਂ ਪਸੰਦ ਕੀਤਾ ਗਿਆ। ਜੰਗਲ ਬਹੁਤ ਸੀ ਚਾਰੋਂ ਪਾਸੇ। ਉਥੇ ਮਹਾਰਾਜ ਜੀ, ਥੋੜ੍ਹੇ ਮਕਾਨ ਬਣਾਉਣੇ ਸ਼ੁਰੂ ਕਰ ਲਏ। ਪੱਥਰ ਇਕੱਠੇ ਕਰਕੇ ਕਿਲ੍ਹਾ ਚਿਣਨਾ ਸ਼ੁਰੂ ਕਰ ਲਿਆ। ਰਾਖੀ ਦਾ ਪ੍ਰਬੰਧ ਪੂਰਾ ਕਰ ਲਿਆ। ਉਥੇ ਹੀ 50 ਲਿਖਾਰੀ, 52 ਕਵੀ। ਕਵੀ ਦਰਬਾਰ ਉਹਦੇ ਕੰਢੇ 'ਤੇ ਲੱਗਿਆ ਕਰਦਾ ਸੀ ਰੋਜ਼, ਕਵਿਤਾਵਾਂ ਬਣਾਉਣੀਆਂ, ਉਸ ਤੋਂ ਬਾਅਦ ਮਹਾਰਾਜ ਜੀ ਨੇ ਜਮੁਨਾ ਦੇ ਕੰਢੇ 'ਤੇ ਆ ਕੇ ਬੈਠ ਜਾਣਾ। ਬਹੁਤ ਗ੍ਰੰਥਾਂ ਦਾ ਅਨੁਵਾਦ ਸ਼ੁਰੂ ਕਰਾ ਦਿਤਾ ਮਹਾਰਾਜ ਜੀ ਨੇ। ਆਪ ਖੁਦ ਲਿਖਣਾ ਸ਼ੁਰੂ ਕਰ ਦਿਤਾ। ਇਧਰ ਦੀ ਜਿਹੜੀ ਸੰਗਤ ਸੀ, ਦੂਰ-ਦਰਾਜ ਸੀ, ਉਹ ਸ੍ਰੀ ਅਨੰਦਪੁਰ ਸਾਹਿਬ ਜਾਣ ਦੀ ਬਿਜਾਏ, ਉਹਨੇ ਪਾਉਂਟੇ ਸਾਹਿਬ ਜਾਣਾ ਸ਼ੁਰੂ ਕਰ ਦਿਤਾ। ਪਾਉਂਟਾ ਸਾਹਿਬ ਦੂਰ ਤਕ ਜੰਗਲ 'ਚੋਂ ਲੰਘਣਾ ਪੈਂਦਾ ਸੀ। ਅਬਾਦੀ ਬਹੁਤ ਹੀ ਘੱਟ ਸੀ, ਕਿਤੇ-ਕਿਤੇ ਕੋਈ ਸ਼ਹਿਰ ਆਉਂਦਾ ਸੀ, ਕੋਈ ਗਰਾਂ ਆਉਂਦਾ ਸੀ। ਇਥੋਂ ਜਥੇ ਬਣਾ ਕੇ, ਬੀਬੀਆਂ, ਬੱਚੇ, ਬਜ਼ੁਰਗ, ਮਹਾਰਾਜ ਜੀ ਦੇ ਦਰਸ਼ਨ ਕਰਨ ਜਾਇਆ ਕਰਦੇ ਸਨ। ਭੇਟਾ ਚਾੜ੍ਹਦੇ ਹੁੰਦੇ। ਇਹਨਾਂ ਗੱਲਾਂ ਦਾ ਚੋਰਾਂ-ਚਕਾਰਾਂ ਨੂੰ ਵੀ ਪਤਾ ਸੀ ਕਿ ਇਥੋਂ ਗੁਰੂ ਦੇ ਸਿੱਖ ਜਾਂਦੇ ਨੇ ਤੇ ਉਹਨਾਂ ਦੇ ਕੋਲ ਦਸਵੰਧ ਹੁੰਦੈ, ਉਹ ਲੁੱਟ ਲਿਆ ਕਰਦੇ ਸੀ। ਅੱਜ ਚਾਰ ਬੱਚੇ, ਚਾਰ ਬੀਬੀਆਂ, ਦੋ ਸਿੰਘ, ਬਿਰਧ ਅਵਸਥਾ ਦੇ, ਇਕੱਠੇ ਹੋ ਕੇ ਜੰਗਲ ਵਿਚੋਂ ਲੰਘ ਰਹੇ ਸੀ। ਉਸ ਵੇਲੇ 7-8 ਡਾਕੂ, ਬਰਛੇ ਲੈ ਕੇ, ਤਲਵਾਰਾਂ ਲੈ ਕੇ, ਗੰਡਾਸੇ ਲੈ ਕੇ ਆ ਗਏ, ਦੂਰੋਂ ਆਵਾਜ਼ ਦਿੰਦੇ ਨੇ ਕਿ ਰੁਕ ਜਾਓ। ਹੈਰਾਨ ਹੋ ਗਏ ਇਥੇ ਤਾਂ ਹੁਣ ਕੋਈ ਰਾਖਾ ਹੈ ਹੀ ਨਹੀਂ ਸਾਡਾ। ਕੌਣ ਹੈ ਜਿਹੜਾ ਸਾਡੀ ਰਾਖੀ ਕਰੇਗਾ। ਇਸ ਤਰ੍ਹਾਂ ਦੇ ਨਾਲ ਆਪ ਦੇ ਭਾਵ ਪ੍ਰਗਟ ਕਰਦੇ ਨੇ, ਪੜ੍ਹੋ ਪਿਆਰ ਦੇ ਨਾਲ-

*ਧਾਰਨਾ - ਤੇਰੇ ਬਿਨਾਂ ਨਾ ਜਗਤ ਉਤੇ ਕੋਈ,*
*ਜਿਹੜਾ ਹੁਣ ਕਰੇ ਰੱਖਿਆ।*

*ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥*
*ਕਿਉ ਨ ਮਰੀਜੈ ਰੋਇ ਜਾ ਲਗੁ ਚਿਤਿ ਨ ਆਵਹੀ ॥*
*ਅੰਗ- ੭੯੨*

*ਸਗਲ ਦੁਆਰ ਕਉ ਛਾਡਿ ਕੈ*
*ਗਹਿਓ ਤੁਹਾਡੋ ਦੁਆਰ।*
*ਬਾਂਹਿ ਗਹੇ ਕੀ ਲਾਜ ਅਸ*
*ਗੋਬਿੰਦ ਦਾਸ ਤੁਹਾਰ।*

ਹੇ ਪ੍ਰਭੂ! ਹੇ ਗੁਰੂ ਮਹਾਰਾਜ ਸੱਚੇ ਪਾਤਸ਼ਾਹ! ਜੰਗਲ 'ਚ ਘਿਰ ਗਏ। ਜਿਵੇਂ ਤੁਸੀਂ ਦਰੋਪਤੀ ਦੀ ਆ ਕੇ ਲਾਜ ਰੱਖੀ ਸੀ, ਹਾਥੀ ਨੂੰ ਤੰਦੂਏ ਤੋਂ ਬਚਾਇਆ ਸੀ -

*ਜਬ ਹੀ ਸਰਨਿ ਗਹੀ ਕਿਰਪਾ ਨਿਧਿ*
*ਗਜ ਗਰਾਹ ਤੇ ਛੂਟਾ ॥*
*ਮਹਮਾ ਨਾਮ ਕਹਾ ਲਉ ਬਰਨਉ*
*ਰਾਮ ਕਹਤ ਬੰਧਨ ਤਿਹ ਤੂਟਾ ॥ ਅੰਗ- ੬੩੨*

ਕ੍ਰਿਪਾ ਕਰੋ, ਬੱਚੇ ਨੇ ਸਾਡੇ ਨਾਲ, ਬੀਬੀਆਂ ਨੇ। ਅਸੀਂ ਦੋ ਬਿਰਧ ਪੁਰਸ਼ ਹਾਂ। ਤੇਰਾ ਦਸਵੰਧ ਲੈ ਕੇ ਆ ਰਹੇ ਸੀ ਪਾਤਸ਼ਾਹ। ਜਦੋਂ ਆਵਾਜ਼ ਗੂੰਜੀ ਜੰਗਲ ਦੇ ਵਿਚ, ਦੂਰੋਂ ਆਵਾਜ਼ ਆਈ ਕਿ ਠਹਿਰ ਜਾਓ, ਮੈਂ ਆ ਰਿਹਾ ਹਾਂ। ਜਿਹੜੇ ਡਾਕੂ ਸੀ ਉਹ ਵੀ ਠਠੰਬਰ ਕੇ ਆਲੇ-ਦੁਆਲੇ ਦੇਖਣ ਲਗ ਗਏ। ਕੀ ਦੇਖਦੇ ਨੇ ਕਿ ਇਕ ਗੁਰਸਿੱਖ, ਨੈਣਾਂ 'ਚ ਮਸਤੀ, ਚਾਲ ਦੇ ਵਿਚ ਮਸਤੀ, ਮਹਾਨ ਅਨੰਦ ਦੇ ਵਿਚ ਮਖਮੂਰ, ਆ ਕੇ ਕਹਿਣ ਲੱਗਿਆ ਕਿ ਓ ਪ੍ਰੇਮੀਓ! ਤੁਹਾਨੂੰ ਮਾਨਸ ਜਨਮ ਮਿਲਿਆ ਹੈ, ਕਿਉਂ ਇਹਨੂੰ ਬਰਬਾਦ ਕਰਦੇ ਹੋਂ। ਚੋਰੀਆਂ ਕਰਦੇ ਹੋਂ, ਡਾਕੇ ਮਾਰਦੇ ਹੋਂ। ਆਹ, ਗੁਰੂ ਦੇ ਦਰ 'ਤੇ ਜਾ ਰਹੇ ਨੇ, ਤੁਸੀਂ ਇਹਨਾਂ ਨੂੰ ਲੁੱਟਣ ਦੀਆਂ ਤਿਆਰੀਆਂ ਕਰ ਰਹੇ ਹੋਂ। ਕਹਿੰਦੇ, ਤੂੰ ਵੀ ਵਿਚੇ ਆ ਜਾ। ਤੈਨੂੰ ਵੀ ਦੇਖ ਲਵਾਂਗੇ। ਉਸ ਵੇਲੇ ਉਹਨਾਂ ਸ੍ਰੀ ਸਾਹਿਬ ਕੱਢੀ, ਯੁੱਧ ਕਰਿਆ, ਦੋ ਤਿੰਨ ਡਾਕੂ ਜ਼ਖਮੀ ਕਰ ਦਿਤੇ। ਉਹ ਦੌੜ ਗਏ ਲੇਕਿਨ ਆਪ ਦੇ ਐਨਾ ਕਰਾਰਾ ਜ਼ਖਮ ਲੱਗਿਆ ਕਿ ਖੂਨ ਬੰਦ ਨਾ ਹੋਵੇ। ਪਾਣੀ ਦੀ ਤਲਾਸ਼ ਦੇ ਵਿਚ ਪੂਰੇ ਜ਼ੋਰ ਨਾਲ ਦੌੜੇ, ਰਾਏਪੁਰ ਵਲ ਨੂੰ। ਉਥੇ ਜਾ ਕੇ ਦੇਖਦੇ ਨੇ ਕਿ ਇਕ ਜੋੜਾ ਜਲ ਲਈਂ ਜਾ ਰਿਹੈ। ਸਿੰਘ ਨੇ ਆਵਾਜ਼ ਦਿਤੀ ਕਿ ਪਿਆਰਿਓ! ਮੇਰੇ ਬਹੁਤ ਜ਼ਖਮ ਲੱਗੇ ਹੋਏ ਨੇ, ਕ੍ਰਿਪਾ ਕਰੋ, ਮੈਨੂੰ ਪਾਣੀ ਦੀਆਂ ਦੋ ਘੁੱਟਾਂ ਪਿਲਾ ਦਿਓ।

ਕਿਉਂਕਿ ਉਹਨਾਂ ਨੇ ਪਰਉਪਕਾਰ ਕਰਿਆ ਸੀ, ਸਾਧਸੰਗਤ ਜੀ! ਪਰਉਪਕਾਰ ਗੁਰੂ ਘਰ ਦੇ ਅੰਦਰ, ਆਪਣੇ ਵਾਸਤੇ ਤਾਂ ਸਾਰੇ ਹੀ ਜਿਉਂਦੇ ਨੇ,

ਲੇਕਿਨ ਜਿਹੜਾ ਪਰਉਪਕਾਰੀ ਜੀਵਨ ਹੈ, ਉਸ ਨੂੰ ਲੇਖੇ ਵਿਚ ਗਿਣਿਆ ਗਿਆ ਹੈ। ਲੇਖੇ ਵਿਚ ਪੈਂਦਾ ਹੈ ਉਹ-

*ਉਮਰ ਓਹਾ ਵਿਚ ਲੇਖੇ ਦੇ*
*ਜੋ ਯਾਦ ਸਾਂਈ ਵਿਚ ਗੁਜਰੇ,*
*ਪੈਂਦੀ ਮੁਜਰੇ।*
*ਨਹੀਂ ਤਾਂ ਸਾਨੂੰ ਹਾਸਲ ਕੀ ਹੈ*
*ਇਸ ਵਿਚ ਨੀਲੇ ਹੁਜਰੇ*
*ਸੰਝ ਤੇ ਫਜ਼ਰੇ।* *ਭਾਈ ਵੀਰ ਸਿੰਘ ਜੀ*

ਦੂਸਰਾ ਇਹ ਹੈ ਕਿ ਜਿਸ ਸਰੀਰ ਦੇ ਅੰਦਰ, ਦੂਸਰੇ ਦਾ ਕੰਮ ਸੰਵਾਰਨ ਦੀ ਭਾਵਨਾ ਨਹੀਂ ਹੈ, ਪਰਉਪਕਾਰ ਨਹੀਂ ਕਰ ਸਕਦਾ। ਮਹਾਰਾਜ ਕਹਿੰਦੇ, ਉਹਦਾ ਤਾਂ ਜੀਵਨ ਹੀ ਮਿਥਿਆ ਹੈ -

*ਮਿਥਿਆ ਚਰਨ ਪਰ ਬਿਕਾਰ ਕਉ ਧਾਵਹਿ ॥*
*ਮਿਥਿਆ ਮਨ ਪਰ ਲੋਭ ਲੁਭਾਵਹਿ ॥*
*ਮਿਥਿਆ ਤਨ ਨਹੀ ਪਰਉਪਕਾਰਾ ॥*
*ਮਿਥਿਆ ਬਾਸੁ ਲੇਤ ਬਿਕਾਰਾ ॥* *ਅੰਗ- ੨੬੯*

ਪਰਉਪਕਾਰ ਨਹੀਂ ਹੈ ਤਾਂ ਮਹਾਰਾਜ ਕਹਿੰਦੇ, ਸਰੀਰ ਜਿਹੜਾ ਹੈ, ਤੇਰਾ ਮਿਥਿਆ ਹੈ।

ਮਹਾਰਾਜ ਜੀ ਇਹਦੇ ਬਾਰੇ ਦਸਦੇ ਨੇ ਕਿ ਜੋ ਸੇਵਾ ਕਰਦੇ ਨੇ ਇਹ ਪਰਉਪਕਾਰ ਹੈ, ਜੋੜੇ ਸਾਂਭਦੇ ਨੇ, ਪਰਉਪਕਾਰ ਹੈ, ਪੋਥੀਆਂ ਲਿਖਦੇ ਨੇ, ਪਰਉਪਕਾਰ ਹੈ, ਸਤਿਸੰਗ 'ਤੇ ਚਲ-ਚਲ ਕੇ ਆਉਂਦੇ ਨੇ, ਇਕ ਮਾਹੌਲ ਪੈਦਾ ਕਰਦੇ ਨੇ ਸੰਸਾਰ ਦੀ ਸ਼ਾਂਤੀ ਦਾ, ਉਹ ਪਰਉਪਕਾਰ ਕਰ ਰਹੇ ਨੇ। ਸੇਵਾ ਕਰਨ ਵਾਲੇ ਨੂੰ ਮਹਾਰਾਜ ਨੇ ਬਹੁਤ ਮਹਾਨਤਾ ਦਿਤੀ ਹੈ। ਚਾਹੇ ਉਹ ਜਿੰਨੀ ਸਮਰੱਥਾ ਹੈ ਓਨੀ ਕਰੇ, ਚਾਹੇ ਸਰੀਰ ਭੇਟ ਕਰਕੇ ਕਰੇ। ਹੈ ਸੇਵਾ ਹੀ ਇਕ ਦੂਜੇ ਦੇ ਉਤੇ ਪਰਉਪਕਾਰ ਕਰਨਾ, ਤੇ ਉਹਦੇ ਬਾਰੇ ਮਹਾਰਾਜ ਕਹਿੰਦੇ-

*ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥* *ਅੰਗ- ੨੭੩*

ਉਹਦੇ ਅੰਦਰ ਉਮਾਹ ਹੁੰਦੈ।

ਇਕ ਵਾਰੀ ਐਸਾ ਹੋਇਆ, ਗਰਮੀ ਦਾ ਮਹੀਨਾ ਸੀ। ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਦਾ ਜੋ ਚੌਰ ਬਰਦਾਰ ਸੀ, ਥੋੜ੍ਹੀ ਦੇਰ ਚੌਰ ਰੱਖ ਕੇ ਕਿਤੇ ਕੰਮ ਗਿਆ ਸੀ। ਮਹਾਰਾਜ ਜੀ ਦੇ ਮੁਖਾਰਬਿੰਦ ਤੋਂ ਨਿਕਲਿਆ ਜਲ। ਇਧਰ ਉਧਰ ਦੇਖਿਆ, ਚੌਰ ਬਰਦਾਰ ਨੇੜੇ ਨਹੀਂ ਸੀ। ਇਕ ਬੱਚਾ ਬੈਠਾ ਸੀ ਬਹੁਤ ਸੋਹਣਾ। ਕਿਸੇ ਅਮੀਰ ਦਾ ਲੜਕਾ। ਉਠਿਆ, ਜਾ ਕੇ ਬਰਤਨ ਸਾਫ ਕਰਿਆ, ਉਸ ਤੋਂ ਬਾਅਦ ਉਹਨੇ ਜਲ ਲਿਆ ਕੇ, ਹਥੇਲੀ 'ਤੇ ਰੱਖ ਕੇ ਮਹਾਰਾਜ ਅੱਗੇ ਕੌਲ ਕਰ ਦਿਤਾ। ਕੌਲ ਹੁੰਦੇ, ਗਿਲਾਸ ਨਹੀਂ ਸੀ ਹੁੰਦੇ ਉਦੋਂ। ਛੰਨੇ ਹੁੰਦੇ। ਸੋ ਉਹਨੇ ਕੌਲ ਲਿਆ ਕੇ ਮਹਾਰਾਜ ਜੀ ਦੇ ਅੱਗੇ ਕਰ ਦਿਤਾ। ਮਹਾਰਾਜ ਨੇ ਕੌਲ ਫੜ ਲਿਆ, ਕੌਲ ਫੜਨ ਤੋਂ ਬਾਅਦ ਉਹਦੇ ਹੱਥ 'ਤੇ ਨਿਗ੍ਹਾ ਚਲੀ ਗਈ ਆਪ ਦੀ। ਮਹਾਰਾਜ ਕਹਿੰਦੇ, ਉਰੇ ਆ, ਬੇਟਾ! ਕਹਿੰਦੇ, ਤੇਰੇ ਹੱਥ ਬੜੇ ਨਰਮ ਨੇ। ਕਹਿੰਦਾ, ਸੱਚੇ ਪਾਤਸ਼ਾਹ! ਮੈਂ ਅਮੀਰ ਦਾ ਲੜਕਾ ਹਾਂ, ਤੁਹਾਡੀ ਦਿਤੀ ਦੌਲਤ ਬਹੁਤ ਹੈ ਘਰ ਵਿਚ। ਸੋ ਸਾਨੂੰ ਹੱਥਾਂ ਨਾਲ ਕੰਮ ਕਰਨ ਦੀ ਲੋੜ ਨਹੀਂ ਪੈਂਦੀ, ਨੌਕਰ ਚਾਕਰ ਬੜੇ ਰੱਖੇ ਹੋਏ ਨੇ, ਉਹ ਕਰਦੇ ਰਹਿੰਦੇ ਨੇ।

ਕਹਿਣ ਲੱਗੇ ਕਿ ਕਦੇ ਸੰਗਤਾਂ ਦੀ ਸੇਵਾ ਕਰੀ ਹੋਵੇ?

ਕਹਿੰਦਾ, ਨਾ ਮਹਾਰਾਜ।

ਜਲ ਪਿਲਾਇਆ ਹੋਵੇ?

ਕਹਿੰਦਾ, ਨਹੀਂ ਮਹਾਰਾਜ!

ਪੱਖਾ ਝੱਲਿਆ ਹੋਵੇ?

ਕਹਿੰਦਾ, ਨਹੀਂ ਮਹਾਰਾਜ।

ਕਦੇ ਦਰੀਆਂ ਝਾੜੀਆਂ ਹੋਣ?

ਕਹਿੰਦਾ, ਨਹੀਂ ਮਹਾਰਾਜ।

ਕਦੇ ਕੋਈ ਰਸਤਾ ਸੰਵਾਰਿਆ ਹੋਵੇ, ਕਿਸੇ ਮੰਦਰ, ਮਸਜਿਦ ਕਿਤੇ ਵੀ ਜਾ ਕੇ?

ਕਹਿੰਦਾ, ਨਹੀਂ ਮਹਾਰਾਜ, ਨੌਕਰ ਚਾਕਰ ਦਿਤੇ ਹੋਏ ਬਹੁਤ ਨੇ, ਸਾਨੂੰ ਲੋੜ ਨਹੀਂ ਪੈਂਦੀ।

ਮਹਾਰਾਜ ਨੇ ਪਾਣੀ ਡੋਲ੍ਹ ਦਿਤਾ। ਸਾਰਿਆਂ ਦਾ ਧਿਆਨ ਓਧਰ ਚਲਿਆ ਗਿਆ। ਸ਼ਬਦ ਦੀ ਸਮਾਪਤੀ ਤੋਂ ਬਾਅਦ ਮਹਾਰਾਜ ਨੇ ਪੁੱਛਿਆ ਕਿ ਪਿਆਰਿਓ! ਤੁਹਾਡੇ ਮਨ ਵਿਚ ਕੀ ਗੱਲ ਹੈ? ਕਹਿੰਦੇ, ਸੱਚੇ ਪਾਤਸ਼ਾਹ! ਆਪ ਨੂੰ ਪਾਣੀ ਦੀ ਪਿਆਸ ਲੱਗੀ ਹੋਣੀ ਹੈ ਤੇ ਇਹ ਬੱਚਾ ਜਲ ਲੈ ਕੇ ਆ ਗਿਆ। ਤੁਸੀਂ ਕੋਈ ਬਚਨ ਕੀਤੇ, ਉਸ ਤੋਂ ਬਾਅਦ ਜਲ ਡੋਲ੍ਹ ਦਿਤਾ। ਸਾਨੂੰ ਕਾਫੀ ਸੰਸਾ ਪੈਦਾ ਹੋ ਗਿਆ ਕਿ ਪਤਾ ਨਹੀਂ ਮਹਾਰਾਜ ਨੇ ਕਿਉਂ ਜਲ ਡੋਲ੍ਹ ਦਿਤਾ?

ਮਹਾਰਾਜ ਕਹਿੰਦੇ, ਗੱਲ ਤਾਂ ਸਿੱਧੀ ਹੈ, ਤੁਸੀਂ ਕਦੇ ਕਿਸੇ ਨੇ ਮੁਰਦੇ ਨਾਲ ਛੋਹਿਆ ਹੋਇਆ ਜਲ ਪੀਤੈ?

ਕਹਿੰਦੇ, ਨਾ ਮਹਾਰਾਜ। ਮੁਰਦੇ ਨਾਲ ਛੋਹਿਆ ਹੋਇਆ ਤਾਂ ਕੀ, ਜੇ ਮੁਰਦੇ ਦੇ ਪਿੱਛੇ ਵੀ ਚਲੇ ਜਾਈਏ ਸ਼ਮਸ਼ਾਨ ਭੂਮੀ ਤਕ, ਜਦੋਂ ਤਕ ਪੰਜ ਇਸ਼ਨਾਨਾ ਜਾਂ ਇਸ਼ਨਾਨ ਕਰਕੇ ਕੱਪੜੇ ਨਹੀਂ ਬਦਲ ਲੈਂਦੇ, ਕੁਝ ਨਹੀਂ ਖਾਂਦੇ ਪੀਂਦੇ। ਹੈ ਤਾਂ ਸੀ ਗੱਲ ਬਹੁਤ ਸਾਇੰਟੇਫਿਕ ਜ਼ਬਰਦਸਤ, ਪਰ ਇਹਨੂੰ ਵਹਿਮ-ਵਹਿਮ ਕਰਕੇ ਅਸੀਂ ਅਸਲੀ ਬਾਤ ਸਮਝੀ ਨਹੀਂ ਹੈ, ਹੁਣ ਪਤਾ ਲਗਦੈ ਕਿ ਪਿੱਛੇ ਜਾਣ ਨਾਲ, ਉਹ ਜਿਹੜੀ ਹਵਾ ਹੈ, ਉਹਦੇ ਵਿਚੋਂ ਕਈ ਬਿਮਾਰੀਆਂ ਨਿਕਲ ਆਉਂਦੀਆਂ ਨੇ। ਉਹਦੇ ਵਾਸਤੇ ਉਹ ਕਹਿੰਦੇ ਸੀ ਕਿ ਇਸ਼ਨਾਨ ਕਰੋ। ਜੇ ਇਸ਼ਨਾਨ ਨਹੀਂ ਕਰ ਸਕਦੇ, ਪੰਜ ਇਸ਼ਨਾਨਾ ਕਰੋ। ਵਸਤਰ ਬਦਲੋ। ਧੋਵੋ ਵਸਤਰ। ਉਹ ਪ੍ਰਦੂਸ਼ਨ ਦੀ ਗੱਲ ਸੀ। ਹੁਣ ਗੱਲ ਸਮਝ ਵਿਚ ਆਈ ਹੈ ਸਾਡੇ ਕਿ ਪ੍ਰਦੂਸ਼ਨ ਹੁੰਦੈ, ਸ਼ਮਸ਼ਾਨ ਭੂਮੀ 'ਚ ਜਾਂਦੇ ਹਾਂ, ਪਿੱਛੇ ਜਾਂਦੇ ਹਾਂ, ਪਤਾ ਨਹੀਂ ਕੀ ਬਿਮਾਰੀ ਹੈ, ਹਵਾ ਦੇ ਨਾਲ ਛੂੰਹਦੀ ਕਿਹੜੇ ਕਟਾਣੂ ਸਾਡੇ ਅੰਦਰ ਲੰਘ ਰਹੇ ਨੇ। ਉਸ ਵੇਲੇ ਤਰੀਕਾ ਸੀਗਾ ਸਿੱਧਾ ਹੀ, ਗੁਰਦੁਆਰੇ ਜਾ ਕੇ ਹੱਥ ਪੈਰ ਧੋਵੇ, ਉਥੇ ਨਾਹੁੰਣ ਦੇ ਬੰਦੋਬਸਤ ਹੁੰਦੇ। ਉਸ ਤੋਂ ਅਰਦਾਸ ਕਰੋ, ਕੜਾਹ ਪ੍ਰਸ਼ਾਦ ਛਕੋ, ਫੇਰ ਘਰ 'ਚ ਜਾਓ। ਟੀ.ਬੀ ਵਾਲੇ ਮਰੀਜ਼ ਦੇ ਪਿੱਛੇ ਚਲੇ ਜਾਓ, ਜਰਮ ਹੁੰਦੇ ਨੇ। ਪਲੇਗ ਵਾਲੇ ਦੇ ਪਿੱਛੇ ਚਲੇ ਜਾਓ, ਜਰਮ ਹੁੰਦੇ ਨੇ। ਹੈਜ਼ੇ ਵਾਲੇ ਦੇ, ਟਾਈਫਾਈਡ ਵਾਲੇ ਦੇ ਪਿੱਛੇ ਚਲੇ ਜਾਓ, ਜਰਮ ਨਾਲ ਹੁੰਦੇ ਨੇ। ਇਸ ਕਰਕੇ ਕਿਹਾ ਜਾਂਦਾ ਸੀ ਕਿ ਭਾਈ ਇਸ਼ਨਾਨ ਕਰੋ, ਪੰਜ ਇਸ਼ਨਾਨਾ ਕਰੋ। ਵਹਿਮ ਨਹੀਂ ਸੀਗਾ ਇਹ।

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਭਾਈ! ਤੁਸੀਂ ਮੁਰਦੇ ਨਾਲ ਛੁਹਿਆ ਹੋਇਆ ਪਾਣੀ ਨਹੀਂ ਪੀਂਦੇ। ਤੁਸੀਂ ਤਾਂ ਪਿੱਛੇ ਜਾ ਕੇ ਵੀ ਨਹੀਂ ਪੀਂਦੇ। ਕਹਿੰਦੇ, ਹਾਂ ਮਹਾਰਾਜ। ਫੇਰ ਕਹਿੰਦੇ, ਅਸੀਂ ਮੁਰਦੇ ਤੋਂ ਕਿਉਂ ਪਾਣੀ ਪੀਈਏ। ਸਾਰੇ ਹੈਰਾਨ ਹੋ ਗਏ ਕਿ ਜਿਉਂਦਾ ਹੈ, ਸੋਹਣਾ ਸੁਨੱਖਾ ਬੱਚਾ ਹੈ। ਮੁਰਦਾ ਤਾਂ ਇਹ ਹੈ ਨਹੀਂ ਕਿ ਗੁਰੂ ਮਹਾਰਾਜ ਦਾ ਕੀ ਭਾਵ ਹੋਇਆ? ਕਿਸੇ ਦੀ ਸਮਝ ਵਿਚ ਨਹੀਂ ਆਉਂਦਾ। ਕਹਿਣ ਲੱਗੇ, ਮਹਾਰਾਜ! ਇਹ ਤਾਂ ਬੜਾ ਅਮੀਰ ਬੱਚਾ ਹੈ, ਜਿਵੇਂ ਰੱਬ ਨੇ ਖਾਸ ਬਣਾਇਆ ਹੁੰਦੈ। ਇਹ ਤਾਂ ਮੁਰਦਾ ਨਹੀਂ ਹੈ? ਮਹਾਰਾਜ ਕਹਿੰਦੇ, ਤੁਹਾਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਭੁੱਲ ਗਈ? ਕਿਸੇ ਦੇ ਧਿਆਨ ਵਿਚ ਨਹੀਂ ਆ ਰਹੀ, ਕਿਹੜੀ ਬਾਣੀ ਵਲ ਇਸ਼ਾਰਾ ਹੈ।

ਕਹਿਣ ਲੱਗੇ, ਸੱਚੇ ਪਾਤਸ਼ਾਹ! ਆਪ ਹੀ ਕ੍ਰਿਪਾ ਕਰਕੇ ਦੱਸੋ?

ਉਸ ਵੇਲੇ ਮਹਾਰਾਜ ਜੀ ਨੇ ਫੁਰਮਾਨ ਕੀਤਾ -

*ਧਾਰਨਾ - ਮਿਰਤਕ ਕਹੀਏ ਨਾਨਕਾ*
*ਜਿਹ ਪ੍ਰੀਤ ਨਹੀਂ ਭਗਵੰਤ।*
*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*
*ਅੰਗ- ੨੫੩*

ਕਹਿਣ ਲੱਗੇ, ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਬਾਣੀ ਵਿਚ ਉਚਾਰਨ ਕੀਤਾ ਹੋਇਆ ਹੈ। ਦੋ ਤਰ੍ਹਾਂ ਦੇ ਮੁਰਦੇ ਹੁੰਦੇ ਨੇ ਇਕ ਤਾਂ ਉਹ ਜਿਨ੍ਹਾਂ 'ਚੋਂ ਚੇਤਨ ਕਲਾ ਨਿਕਲ ਗਈ। ਉਹਨੂੰ ਦਬਾਉਣਾ ਪੈਂਦੈ, ਸਾੜਨਾ ਪੈਂਦੈ, ਪਾਣੀ 'ਚ ਸੁਟਣਾ ਪੈਂਦੇ, ਰੋਹੀ 'ਚ ਰੱਖ ਦੇਣਾ ਪੈਂਦੇ, ਕੁੱਤੇ ਖਾ ਜਾਂਦੇ ਨੇ। ਸੜਿਆਂਦ ਪੈਦਾ ਕਰ ਦਿੰਦੈ, ਦੁਰਗੰਧ ਪੈਦਾ ਕਰ ਦਿੰਦੈ, ਜੇ ਪਿਆ ਰਹੇ।

ਦੂਸਰੇ ਮੁਰਦੇ ਉਹ ਨੇ ਜਿਨ੍ਹਾਂ 'ਚ ਜੀਵਨ ਰੌ ਨਹੀਂ ਰੁਮਕਦੀ। ਜੀਵਨ ਰੌ ਜਿਹੜੀ ਹੈ ਉਹ ਪਿਆਰ ਹੋਇਆ ਕਰਦੈ। ਜਿਹੜਾ ਹਿਰਦਾ ਪਿਆਰ ਤੋਂ ਬਿਲਕੁਲ ਸੁੰਨ ਹੋ ਗਿਆ, ਉਹ ਮਰਿਆ ਹੋਇਆ ਹੈ। ਪਿਆਰ ਹੀ ਜੀਵਨ ਹੈ, ਵਾਹਿਗੁਰੂ ਵੀ ਪਿਆਰ ਹੈ -

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*
*ਜਾਪੁ ਸਾਹਿਬ*

ਪਿਆਰ ਦਾ ਸਰੂਪ ਹੋ ਕੇ ਵਾਹਿਗੁਰੂ ਸੰਸਾਰ 'ਚ ਫੈਲਿਆ ਹੋਇਆ ਹੈ। ਜਿਹਦੇ ਵਿਚ ਉਹਦੀ ਰੌ ਨਹੀਂ ਰੁਮਕ ਰਹੀ, ਉਹ ਇਕ ਲੋਥ ਹੈ ਜਿਹੜੀ ਰੋਟੀ ਵੀ ਖਾਂਦੀ ਹੈ, ਕੱਪੜੇ ਵੀ ਪਹਿਨਦੀ ਹੈ, ਤੁਰਦੀ ਫਿਰਦੀ ਹੈ, ਪੜ੍ਹਦੀ-ਲਿਖਦੀ ਹੈ, ਗੱਲਾਂ ਕਰਦੀ ਹੈ। ਸਰੀਰ ਚਲਦੈ, ਰੂਹ ਉਸ 'ਚ ਮੁਰਦਾ ਹੈ। ਸੋ ਇਹ ਭਾਈ ਪ੍ਰੇਮੀਓ! ਆਹ ਬੱਚਾ ਜਿਹੜਾ ਹੈ ਜੇ ਇਹਦੇ ਹਿਰਦੇ 'ਚ ਪਿਆਰ ਹੁੰਦਾ ਤਾਂ ਸੇਵਾ ਕਰਦਾ। ਇਹ ਕਹਿੰਦਾ, ਮੈਂ ਤਾਂ ਕਦੇ ਸੇਵਾ ਕਰੀ ਹੀ ਨਹੀਂ ਹੈ। ਨਾ ਮੈਂ ਕਦੇ ਦਰੀਆਂ ਝਾੜੀਆਂ ਨੇ, ਨਾ ਮੈਂ ਕਦੇ ਪਾਣੀ ਪਿਲਾਇਐ, ਨਾ ਪੱਖਾ ਝੱਲਿਆ ਹੈ, ਨਾ ਮੈਂ ਕਦੇ ਜੋੜੇ ਸਾਫ ਕੀਤੇ ਨੇ। ਕੋਈ ਕੰਮ ਵੀ ਮੈਂ ਨਹੀਂ ਕੀਤਾ। ਕਹਿੰਦਾ, ਸਾਡੇ ਨੌਕਰ ਚਾਕਰ ਹੈਗੇ ਨੇ ਉਹ ਕਰ ਦਿੰਦੇ ਨੇ। ਇਹ ਮੁਰਦਾ ਹੈ, ਅਸੀਂ ਇਹਦੇ ਹੱਥ ਦਾ ਪਾਣੀ ਕਿਵੇਂ ਪੀ ਲੈਂਦੇ। ਦੇਖੋ, ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਦੇ ਵਿਚ ਲਿਖਦੇ ਨੇ

(ਪੰਨਾ 13 ਦੀ ਬਾਕੀ)

ਮਹਾਰਾਜ ਜੀ ਦਾ ਜੋ ਸਿਧਾਂਤ ਹੈ - ਨਾਮ ਜਪਣਾ, ਸੇਵਾ ਕਰਨੀ, ਚੰਗੇ ਗੁਣ ਧਾਰਨ ਕਰਨੇ ਤੇ ਹੱਥੋਂ ਕੁਝ ਦੇ ਕੇ ਦੂਜੇ ਦਾ ਭਲਾ ਮਨਾਉਣਾ, ਇਹ ਸਿੱਖੀ ਦਾ ਆਦਰਸ਼ ਹੋਇਆ ਕਰਦਾ ਹੈ। ਇਸ ਦੇ ਉਤੇ ਚਲ ਕੇ ਤੁਸੀਂ ਆਪਣੇ ਜੀਵਨ ਨੂੰ ਸਫਲਾ ਕਰ ਲਓ, ਫੇਰ ਇਥੇ ਵੀ ਸੁਖਾਲੇ ਰਹਾਂਗੇ। ਇਥੇ ਵਿਘਨ ਤਾਂ ਪੈਂਦੇ ਨੇ, ਜੇ ਨਾਮ ਨੂੰ ਭੁੱਲ ਜਾਵੇ -

*ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥*

*ਅੰਗ- ੫੨੪*

ਕ੍ਰੋੜਾਂ ਵਿਘਨ ਉਸ ਘਰ ਵਿਚ ਆ ਜਾਂਦੇ ਨੇ ਜਿਥੇ ਪ੍ਰਮੇਸ਼ਰ ਦਾ ਨਾਮ ਨਾ ਹੋਵੇ। ਕਿਉਂ ਆਉਂਦੇ ਨੇ? ਕਿਉਂਕਿ ਜਿਹੜਾ ਘਰ ਪ੍ਰਮੇਸ਼ਰ ਦੇ ਨਾਮ ਤੋਂ ਸੁੰਨਾ ਹੈ, ਉਸ ਥਾਂ ਤੇ ਭੂਤ-ਪ੍ਰੇਤ ਆ ਕੇ ਰਹਿਣ ਲਗ ਜਾਣਗੇ -

*ਕਬੀਰ ਜਾ ਘਰ ਸਾਧ ਨ ਸੇਵੀਅਹਿ*
*ਹਰਿ ਕੀ ਸੇਵਾ ਨਾਹਿ ॥*
*ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥*

*ਅੰਗ- ੧੩੭੪*

ਚਾਹੇ ਉਹ ਚਾਰ-ਚਾਰ ਮੰਜ਼ਲੇ ਘਰ ਨੇ ਲੇਕਿਨ ਉਹ ਭੂਤਾਂ ਦੇ ਘਰ ਨੇ, ਭੂਤ ਰਹਿੰਦੇ ਨੇ। ਭੂਤਾਂ ਨੇ ਕੀ ਕਰਨਾ ਹੈ? ਕਲ੍ਹਾ ਤੇ ਕਲੇਸ਼ ਪਾਉਣੀ ਹੈ, ਉਥੇ ਲੜਾਈ ਝਗੜਾ, ਫਸਾਦ, ਬੇ-ਵਿਸ਼ਵਾਸ਼ੀ, ਉਹਨੇ ਉਹਨੂੰ ਖਲਾ ਦਿਤਾ, ਉਹਦਾ ਗਲਾ ਕੱਟ ਦਿਤਾ ਕਿਉਂਕਿ ਭੂਤਾਂ ਦਾ ਨਿਵਾਸ ਹੋ ਗਿਆ। ਭੂਤਾਂ ਵਾਲੇ ਕੰਮ-ਨਿੰਦਿਆ, ਚੁਗਲੀ, ਈਰਖਾ, ਵੈਰ-ਵਿਰੋਧ, ਬੇਵਿਸ਼ਵਾਸ਼ੀ, ਕਲ੍ਹਾ-ਕਲੇਸ਼ ਸ਼ੁਰੂ ਹੋ ਗਏ। ਜਿਸ ਘਰ ਦੇ ਵਿਚ ਪ੍ਰਮੇਸ਼ਰ ਦਾ ਨਾਮ ਜਪਿਆ ਜਾਂਦਾ ਹੈ, ਬਾਣੀ ਪੜ੍ਹੀ ਜਾਂਦੀ ਹੈ, ਓਸ ਘਰ ਦੇ ਵਿਚ ਵਿਘਨ ਨਹੀਂ ਲਗਦਾ -

*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥ ਅੰਗ - ੨੬੨*

ਜੇ ਅਸੀਂ ਪ੍ਰਭੂ ਦਾ ਸਿਮਰਨ ਕਰੀਏ, ਵਿਘਨ ਹਟ ਜਾਂਦੇ ਨੇ, ਸਾਡੀਆਂ ਬਿਮਾਰੀਆਂ ਹਟ ਜਾਂਦੀਆਂ ਨੇ -

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥ ਅੰਗ- ੬੧੧*

ਮਨ ਵੀ ਅਰੋਗ ਤੇ ਤਨ ਵੀ ਅਰੋਗ। ਸੋ ਇਸ ਰਸਤੇ ਤੇ ਚਲ ਕੇ ਆਪਣੇ ਜੀਵਨ ਨੂੰ ਸਹੀ ਕਰੋ। ਫੇਰ ਤੁਸੀਂ ਐਥੇ ਵੀ ਸੁਖੀ ਹੈ ਤੇ ਦਰਗਾਹ ਵਿਚ ਵੀ ਸੁਖੀ।

ਕਿ ਜਿਹੜਾ ਪਿਆਰ ਤੋਂ ਹੀਣਾ ਹੈ ਉਹ ਸੇਵਾ ਨਹੀਂ ਕਰਦਾ। ਕਿਉਂਕਿ ਦੁਨੀਆਂ ਨਾਲ ਲਗਾਅ ਹੀ ਕੋਈ ਨਹੀਂ ਤੇ ਉਹਦੇ ਜਿਹੜੇ ਅੰਗ ਨੇ ਉਹ ਨਿਹਫਲ ਨੇ। ਉਹਦੇ ਬਾਰੇ ਐਸਾ ਫੁਰਮਾਨ ਹੈ -

*ਧਾਰਨਾ - ਜਿਹੜਾ ਲੱਗੇ ਨਾ ਗੁਰਾਂ ਦੇ ਚਰਨੀਂ,*
*ਧ੍ਰਿਗ ਤੇਰਾ ਸੀਸ ਬੰਦਿਆ।*
*ਧ੍ਰਿਗੁ ਸਿਰੁ ਜੋ ਗੁਰ ਨਾ ਨਿਵੈ*
*ਗੁਰ ਲਗੈ ਨ ਚਰਣੀ। ਭਾਈ ਗੁਰਦਾਸ ਜੀ*

ਜਿਹੜਾ ਚਰਨਾਂ 'ਤੇ ਨਹੀਂ ਲਗਦਾ, ਨਿਗੁਰਾ ਪੁਰਸ਼ ਹੈ, ਕਹਿੰਦੇ ਤੇਰਾ ਤਾਂ ਸਰੀਰ ਹੀ ਧਿਰਕਾਰਯੋਗ ਹੈ -

*ਧ੍ਰਿਗੁ ਲੋਇਣ ਗੁਰ ਦਰਸ ਵਿਣੁ ਵੇਖੈ ਪਰ ਤਰਣੀ।*

*ਭਾਈ ਗੁਰਦਾਸ ਜੀ*

ਗੁਰੂ ਦਾ ਦਰਸ਼ਨ ਕਰਦੇ ਨਹੀਂ। ਬਿਗਾਨੀਆਂ ਜਵਾਨੀਆਂ ਤਕਦੇ ਫਿਰਦੇ ਨੇ। ਕਹਿੰਦੇ ਧਿਰਕਾਰ ਹੈ ਤੈਨੂੰ।

*ਧ੍ਰਿਗ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।*

*ਭਾਈ ਗੁਰਦਾਸ ਜੀ*

ਗੁਰੂ ਦਾ ਉਪਦੇਸ਼ ਜੋ ਹੋ ਰਿਹੈ, ਬਾਣੀ ਦਾ ਉਪਦੇਸ਼ ਜੋ ਹੋ ਰਿਹੈ, ਉਹਨੂੰ ਚਿੱਤ ਵਿਚ ਨਹੀਂ ਵਸਾਉਂਦਾ, ਹੋਰ ਗੱਲਾਂ ਚਿੱਤ ਵਿਚ ਲਈਂ ਫਿਰਦੈ। ਕਹਿੰਦੇ, ਕਿਸ ਕੰਮ ਨੇ ਤੇਰੇ ਕੰਨ?

*ਧ੍ਰਿਗ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ।*

*ਭਾਈ ਗੁਰਦਾਸ ਜੀ*

ਵਾਹਿਗੁਰੂ ਦਾ ਨਾਮ ਤਾਂ ਜਪਦਾ ਨਹੀਂ, ਹੋਰ ਮੰਤਰਾਂ ਦੀ ਸਾਧਨਾ ਕਰਦੈ। ਕਹਿੰਦੇ ਧਿਰਕਾਰ ਹੈ ਤੇਰੀ ਜਿਹਬਾ ਨੂੰ, ਕੌੜਾ ਬੋਲਦੀ ਹੈ ਧਿਰਕਾਰ ਹੈ। ਕੌੜਾ ਬੋਲਣਾ ਨਰਕ 'ਚ ਲੈ ਜਾਇਆ ਕਰਦੈ -

*ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥*

*ਅੰਗ- ੪੭੩*

*ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ।*

*ਭਾਈ ਗੁਰਦਾਸ ਜੀ*

ਜਿਹੜਾ ਹੱਥ ਪੈਰ ਰਖਦਾ ਹੋਇਆ, ਸੇਵਾ ਨਹੀਂ ਕਰਦਾ। ਕਹਿੰਦੇ, ਧਿਰਕਾਰ ਹੈ -

*ਧਾਰਨਾ - ਧਿਰਕਾਰ ਹੱਥਾਂ ਪੈਰਾਂ ਨੂੰ,*
*ਬਾਝ ਗੁਰਾਂ ਦੀ ਸੇਵਾ।*

ਸੋ ਮਹਾਰਾਜ ਕਹਿਣ ਲੱਗੇ, ਪਿਆਰਿਓ! ਇਹ ਮੁਰਦੇ ਦੇ ਹੱਥ ਦਾ ਪਾਣੀ ਮੈਂ ਕਿਵੇਂ ਪੀ ਲਵਾਂ?

*(ਵੀਡੀਓ ਫਿਲਮ ਦੀਵਾਨ ਨੰ: 751)* 'ਚਲਦਾ...............॥'

# ਧੁਰ ਕੀ ਬਾਣੀ ਆਈ॥
# ਤਿਨਿ ਸਗਲੀ ਚਿੰਤ ਮਿਟਾਈ॥

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ, ਆਤਮ ਮਾਰਗ*

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ*
*ਗਾਵਹੁ ਸਚੀ ਬਾਣੀ ॥*
*ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ ॥*
*ਜਿਨ ਕਉ ਨਦਰਿ ਕਰਮੁ ਹੋਵੈ*
*ਹਿਰਦੈ ਤਿਨਾ ਸਮਾਣੀ ॥*
*ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ*
*ਜਪਿਹੁ ਸਾਰਿਗਪਾਣੀ ॥*
*ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ ॥*
*ਅੰਗ- ੯੨੦*

*ਪਰਮੇਸਰਿ ਦਿਤਾ ਬੰਨਾ ॥*
*ਦੁਖ ਰੋਗ ਕਾ ਡੇਰਾ ਭੰਨਾ ॥*
*ਅਨਦ ਕਰਹਿ ਨਰ ਨਾਰੀ ॥*
*ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥ ੧ ॥*
*ਸੰਤਹੁ ਸੁਖੁ ਹੋਆ ਸਭ ਥਾਈ ॥*
*ਪਾਰਬ੍ਰਹਮੁ ਪੂਰਨ ਪਰਮੇਸਰੁ ਰਵਿ ਰਹਿਆ ਸਭਨੀ ਜਾਈ ॥ ਰਹਾਉ ॥*
*ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥*
*ਦਇਆਲ ਪੁਰਖ ਮਿਹਰਵਾਨਾ ॥*
*ਹਰਿ ਨਾਨਕ ਸਾਚੁ ਵਖਾਨਾ ॥* *ਅੰਗ- ੬੨੮*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ, ਖਿਆਲ ਬਾਹਰ ਜਾਣ ਤੋਂ ਰੋਕੀਏ। ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ ਸਤਿਨਾਮੁ ਸ੍ਰੀ ਵਾਹਿਗੁਰੂ। ਪਾਤਸ਼ਾਹ ਜੀ ਨੇ ਕ੍ਰਿਪਾ ਕੀਤੀ ਹੈ, ਸਮੂੰਹ ਸੰਗਤ ਵਲੋਂ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਉਤਸਵ ਦਿਹਾੜੇ ਦੇ ਸਬੰਧ ਦੇ ਵਿਚ, ਅਖੰਡਪਾਠਾਂ ਦੇ ਸੰਪੂਰਨ ਭੋਗ ਪਏ। ਭੋਗ ਉਪਰੰਤ ਸਤਿਸੰਗ ਦੀਆਂ ਸੁਭਾਗ ਘੜੀਆਂ ਬਖਸ਼ਿਸ਼ ਹੋ ਰਹੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ 1604 ਈਸਵੀ ਦੇ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਹੋਇਆ। ਪਹਿਲੇ ਗ੍ਰੰਥੀ ਗੁਰੂ ਕੇ ਵਜੀਰ ਜਿਨ੍ਹਾਂ ਨੂੰ ਸੇਵਾ ਦਾ ਸੁਭਾਗ ਪ੍ਰਾਪਤ ਹੋਇਆ, ਉਹ ਬਾਬਾ ਬੁੱਢਾ ਜੀ ਸਨ। ਧੰਨ ਸ੍ਰੀ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਮਹਾਰਾਜ ਜੀ ਨੇ ਆਪ ਚੌਰ ਕਰਦੇ ਹੋਏ, ਗੁਰੂ ਪਾਤਸ਼ਾਹ ਜੀ ਦੀ ਪਾਲਕੀ ਸਾਹਿਬ ਕੋਠਾ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਦੇ ਵਿਚ ਲਿਆਂਦੀ ਗਈ। ਗੁਰੂ ਪਾਤਸ਼ਾਹ ਜੀ ਆਪਣੇ ਸਿੰਘਾਸ਼ਨਾਂ 'ਤੇ ਬਿਰਾਜਮਾਨ ਹੋਏ। ਉਸ ਸਮੇਂ ਕਿਉਂਕਿ ਇਹਦੇ ਵਿਚ ਜਿਹੜੀ ਬਾਣੀ ਸੀ, ਉਹ ਪੰਜ ਗੁਰੂਆਂ ਦੀ ਸੀ, ਛੇਵੇਂ ਗੁਰੂ ਜੀ ਦੀ ਬਾਣੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਜੀ ਨੇ, ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਬਖਸ਼ਿਸ਼ ਕਰਨ ਤੋਂ ਪਹਿਲਾ, ਸ੍ਰੀ ਦਮਦਮਾ ਸਾਹਿਬ ਜੋ ਬੀੜ ਲਿਖਵਾਈ ਆਦਿ ਗ੍ਰੰਥ ਉਸ ਦੇ ਵਿਚ ਅੰਕਿਤ ਕੀਤੀ ਕਿਉਂਕਿ ਉਥੇ ਵੀ ਆਪ ਨੇ ਸਮਾਧੀ ਸਥਿਤ ਹੋ ਕੇ -

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ ॥* *ਅੰਗ- ੭੨੨*

36 ਮਹਾਂਪੁਰਖਾਂ ਦੀ ਇਸ ਦੇ ਵਿਚ ਬਾਣੀ ਹੈ, ਛੇ ਗੁਰੂ ਤੇ 15 ਭਗਤ, 11 ਭੱਟ, 4 ਗੁਰਸਿੱਖ; ਕਿੱਡਾ ਵੱਡਾ ਇਹ ਖਜ਼ਾਨਾ ਹੈ ਕਿਉਂਕਿ ਗੁਰੂ ਸਰੀਰ ਨਹੀਂ ਹੁੰਦਾ। ਗੁਰੂ ਸ਼ੁਰੂ ਤੋਂ ਹੀ ਬਾਣੀ ਹੈ। ਜੇ ਦੇਹ ਧਾਰੀ, ਦੇਹ ਤਾਂ ਮਿਲਾਪ ਸਦੀਵੀ ਨਹੀਂ। ਦੇਹ ਨਿਤ ਨਹੀਂ ਰਹਿੰਦੀ, ਸ਼ਬਦ ਅਨਿੱਤ ਹੈ। ਇਹ ਸਦਾ ਹੈ -

*ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥* *ਅੰਗ- ੯੪੩*

ਇਹ ਮਾਰਗ ਹੈ ਸਬਦ ਤੇ ਸੁਰਤ ਦਾ। ਸੁਰਤ ਉਸ ਪਾਸੇ ਵਲ ਨੂੰ ਜਾਂਦੀ ਹੈ ਜਿਧਰੋਂ ਸ਼ਬਦ ਦੀ ਧੁਨ ਆਉਂਦੀ ਹੈ। ਸ਼ਬਦ ਤੇ ਸੁਰਤ ਦਾ ਆਸ਼ਕ ਤੇ ਇਸ਼ਕ ਵਰਗਾ ਸਬੰਧ ਹੈ। ਉਸ ਪਾਸੇ ਵਲ ਨੂੰ ਹੀ ਜਾਂਦੀ ਹੈ। ਗੁਰੂਆਂ ਨੇ ਦੇਹ ਧਾਰਨ ਕੀਤੀ, ਉਹਨਾਂ ਰਾਹੀਂ ਜਿਹੜੀ ਬਾਣੀ ਆਈ ਉਹ ਗੁਰੂ ਹੈ -

*ਸਤਿਗੁਰ ਬਚਨ ਬਚਨ ਹੈ ਸਤਿਗੁਰ*
*ਪਾਧਰੁ ਮੁਕਤਿ ਜਨਾਵੈਗੋ ॥* *ਅੰਗ- ੧੩੦੯*

ਬਾਣੀ ਸਦਾ ਤੋਂ ਹੀ ਗੁਰੂ ਹੈ। ਇਹ ਨਹੀਂ ਕਿ ਹੁਣ, ਇਹ ਤਾਂ ਜੁਗੋ-ਜੁਗ ਅਟੱਲ ਹੈ। ਸਤਿਜੁਗ ਸੀ ਉਦੋਂ ਵੀ ਬਾਣੀ ਗਾਉਂਦੇ ਸੀ। ਭਾਈ ਗੁਰਦਾਸ ਜੀ ਦਰਸਾਉਂਦੇ ਨੇ -

*ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ।*
*ਸਾਧਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ।*
*ਭਾਈ ਗੁਰਦਾਸ ਜੀ*

ਕਿਉਂਕਿ ਸੰਗਤ ਇਕ ਵਿਸਵਾ ਹੈ, ਗੁਰੂ ਵੀਹ ਵਿਸਵੇ ਹੈ। ਗੁਰੂ ਤੇ ਸੰਗਤ, ਗੁਰ ਸੰਗਤ, ਇੱਕੀ ਵਿਸਵੇ। ਬਾਣੀ ਉਸ ਪ੍ਰਮੇਸ਼ਰ ਦਾ ਸਰੂਪ ਹੈ।

ਪਹਿਲਾਂ ਮੰਤਰ ਖੁਲ੍ਹੇ ਸਨ। ਫੇਰ ਬਰੈਕਟ 'ਚ ਰੱਖ ਦਿਤਾ। ਪਹਿਲਾਂ ਜਿੰਨੇ ਵੀ ਮੰਤਰ 'ਓਅੰ' ਕਹਿ ਕੇ ਸ਼ੁਰੂ ਕਰਦੇ। ਫੇਰ ਵਿਚਕਾਰ ਕੋਈ ਸ਼ਬਦ ਪੜ੍ਹਿਆ ਜਾਂਦਾ। ਫੇਰ 'ਨਮਹ' 'ਤੇ ਸਮਾਪਤੀ ਹੁੰਦੀ। ਬਾਰ-ਬਾਰ ਕਰਨ ਨਾਲ ਕਾਰਜ ਸਿੱਧੀ ਹੋ ਜਾਂਦੀ। ਪਰ ਗੁਰੂ ਬਾਬਾ ਜੀ ਨੇ ਇਸ ਨੂੰ ਬਰੈਕਟ 'ਚ ਰੱਖ ਕੇ 'ਏਕਾ' ਅੱਗੇ ਲਾ ਦਿਤਾ। ੧ੴ ਇਹਦੀ ਸਾਰੀ ਵਿਆਖਿਆ ਹੈ।

*ਓਅੰਕਾਰਿ ਬ੍ਰਹਮਾ ਉਤਪਤਿ ॥* *ਅੰਗ- ੯੨੯*

ਕੋਟਿ ਬ੍ਰਹਮਾ ਜਿਹੜੇ ਨੇ, ਕਿੰਨੇ ਹੀ ਨੇ -

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥*

ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)

ਸਰੀਰ ਉਪਜਦਾ ਹੈ, ਬਿਨਸ ਜਾਂਦਾ ਹੈ, ਕਾਲ ਦੇ ਵਸ ਪੈ ਜਾਂਦਾ ਹੈ। ਪਰ ਇਕ ਹਨ -

*ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ ॥*
*ਅੰਗ- ੫੨੯*

ਉਹ ਹੈ ਸਾਧਸੰਗਤ।

*ਪੋਥੀ ਪਰਮੇਸਰ ਕਾ ਥਾਨੁ ॥*
*ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥*
*ਅੰਗ- ੧੨੨੬*

ਜਿਹੜੇ ਸਾਧੂਆਂ ਦੀ ਸੰਗਤ ਵਿਚ ਗਾਉਂਦੇ ਹਨ ਉਹਨਾਂ ਨੂੰ ਕੀ ਮਿਲਦਾ ਹੈ? 'ਪੂਰਨ ਬ੍ਰਹਮ ਗਿਆਨੁ'। ਐਸਾ ਬ੍ਰਹਮ ਦਾ ਗਿਆਨ ਹੈ। ਜਦੋਂ ਬਾਣੀ ਗਾਉਂਦੇ ਹਾਂ, ਅੰਦਰ ਦਾ ਰਸਤਾ ਖੁਲ੍ਹਦਾ ਹੈ।

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥* *ਅੰਗ- ੭੯੭*

ਬਾਣੀ ਨੂੰ ਤੁਸੀਂ ਪੜ੍ਹ ਲਓ, ਵਿਚਾਰ ਲਓ, ਕਿੰਨਾ ਇਹਦਾ ਮਹਾਤਮ ਹੈ। ਤਿੰਨ ਦਿਨ ਲਗਾਤਾਰ ਪੜ੍ਹੀ ਗਈ। 48 ਘੰਟੇ ਅਖੰਡ ਜਾਪ ਹੋਏ। ਇਹ ਇਕ ਦੀ ਵਿਆਖਿਆ ਹੈ - 'ਅਠਾਰਹ ਦਸ ਬੀਸ'। ਸਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਜੁੱਗੋ ਜੁਗ ਅਟੱਲ ਹਨ, ਇਹ ਬ੍ਰਹਮਗਿਆਨ ਬਖਸ਼ਿਸ਼ ਕਰਦੇ ਹਨ ਤੇ ਤਾਂਹੀ ਧੰਨ ਸ੍ਰੀ ਗੁਰੂ ਅਰਜਨ ਪਾਤਸ਼ਾਹ ਮਹਾਰਾਜ ਜੀ ਨੇ ਅੱਜ ਦੇ 1604 ਈਸਵੀ ਓਸ ਪਵਿੱਤਰ ਦਿਹਾੜੇ 'ਤੇ ਇਹ ਪਰਕਾਸ਼ ਕੀਤੇ ਗਏ। ਹੁਕਮਨਾਮਾ ਲਿਆ ਬਾਬਾ ਬੁੱਢਾ ਜੀ ਨੇ। ਕੀ ਆਇਆ?

*ਸੰਤਾ ਕੇ ਕਾਰਜਿ ਆਪਿ ਖਲੋਇਆ*
*ਹਰਿ ਕੰਮੁ ਕਰਾਵਣਿ ਆਇਆ ਰਾਮ ॥*
*ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ*
*ਅੰਮ੍ਰਿਤ ਜਲੁ ਛਾਇਆ ਰਾਮ ॥* *ਅੰਗ- ੭੮੩*

ਕਿੱਡੀ ਬਖਸ਼ਿਸ਼ ਹੋਈ ਤੇ ਜਦੋਂ ਕੋਠਾ ਸਾਹਿਬ ਸ਼ਾਮ ਨੂੰ ਬਿਰਾਜਮਾਨ ਕਰਨ ਵਾਸਤੇ ਉਸ ਸਮੇਂ ਲਿਜਾਏ ਗਏ। ਅੱਜ ਵੀ ਉਸੇ ਤਰ੍ਹਾਂ ਮਰਿਯਾਦਾ ਹੈ। ਗੁਰੂ ਪਾਤਸ਼ਾਹ ਜੀ ਨੇ ਪਲੰਘ 'ਤੇ ਸੁਖ ਆਸਨ ਕੀਤਾ ਤੇ ਆਪ ਥੱਲੇ ਬਿਰਾਜਮਾਨ ਹੋਏ। ਹੁਣ ਵੀ ਉਸੇ ਤਰ੍ਹਾਂ ਲਗਦਾ ਹੈ। ਇਸ ਨੂੰ ਐਨਾ ਸਤਿਕਾਰ ਦਿਤਾ। ਇਹ ਸਿਖਾਇਆ ਕਿ ਜਿਹੜੇ ਇਸ ਨੂੰ ਗਾਉਂਦੇ ਨੇ, ਸੁਣਦੇ ਨੇ, ਜੀਵਨ 'ਚ ਕਮਾਉਂਦੇ ਨੇ ਉਹਨਾਂ ਨੂੰ ਫਿਰ ਪੂਰਨ ਬ੍ਰਹਮਗਿਆਨ ਦੀ ਬਖਸ਼ਿਸ਼ ਹੁੰਦੀ ਹੈ ਕਿਉਂਕਿ ਇਹਦੇ ਵਿਚ ਹੈ ਹੀ ਬ੍ਰਹਮ ਦਾ ਗਿਆਨ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ - ੮੪੬*

ਜਦੋਂ ਮਹਾਂਪੁਰਖਾਂ ਨੇ ਰਤਵਾੜਾ ਸਾਹਿਬ ਦੀ ਪਾਵਨ ਭੂਮੀ ਤੋਂ 1995 ਦੀ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਇਸ ਧੁਰ ਕੀ ਬਾਣੀ ਦੇ ਪ੍ਰਚਾਰ ਪ੍ਰਸਾਰ ਦੇ ਵਾਸਤੇ, ਸਾਰੇ ਸੰਸਾਰ ਦੇ ਵਿਚ - 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਫੈਲੇ। 'ਆਤਮ ਮਾਰਗ' ਮੈਗਜ਼ੀਨ ਪਰਮ ਪੂਜਯ ਸਤਿਕਾਰਯੋਗ ਬੀਜੀ, ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਬਾਨੀ ਮਹਾਂਪੁਰਸ਼ਾਂ ਦੇ ਜੀਵਨ ਸਾਥੀ, ਕਈ ਜਨਮਾਂ ਤੋਂ ਸਾਥ ਨਿਭਾਉਣ ਵਾਲੇ, ਉਹਨਾਂ ਦੇ ਪਵਿੱਤਰ ਹਸਤ ਕਮਲਾਂ ਤੋਂ ਇਹ ਰਿਲੀਜ਼ ਹੋਇਆ। ਜਦੋਂ ਮੈਗਜ਼ੀਨ ਸਾਮ੍ਹਣੇ ਆਉਂਦਾ ਹੈ, ਟਾਈਟਲ ਪੇਜ਼ ਖਿੱਚ ਪਾਉਂਦਾ ਹੈ। ਪ੍ਰੇਮੀ ਮੈਗਜ਼ੀਨ ਘਰ-ਘਰ ਪਹੁੰਚਾਉਣ ਦੀ ਸੇਵਾ ਕਰਦੇ ਹਨ। ਕਿਉਂਕਿ -

*ਪੂਜਾ ਅਕਾਲ ਕੀ, ਦੀਦਾਰ ਖਾਲਸੇ ਕਾ, ਪਰਚਾ ਸ਼ਬਦ ਦਾ।*

ਕਿਉਂਕਿ ਮਨ ਬੜਾ ਬੇਈਮਾਨ ਹੈ, ਇਹਦਾ ਕੋਈ ਵਿਸ਼ਵਾਸ਼ ਨਹੀਂ, ਇਹ ਬਹੁਤ ਉਦਮਾਦਾ ਹੈ। ਇਹਨੂੰ ਤਾਂ ਜਦੋਂ ਤਕ ਸਵਾਸ ਦੇ ਉਪਰ ਗੁਰੂ ਦਾ

ਮੰਤਰ ਲੋਰਡ ਨਾ ਹੋਵੇ, ਸਵਾਰ ਨਾ ਹੋਵੇ, ਉਦੋਂ ਤੱਕ ਮਨ ਕਾਬੂ ਨਹੀਂ ਆਉਂਦਾ। ਨਹੀਂ ਤਾਂ -

*ਕਹੈ ਕਬੀਰੁ ਸੁਨਹੁ ਰੇ ਸੰਤਹੁ*
*ਇਹੁ ਮਨੁ ਉਡਨ ਪੰਖੇਰੂ ਬਨ ਕਾ ॥* *ਅੰਗ- ੧੨੫੩*

'ਆਤਮ ਮਾਰਗ' ਮੈਗਜ਼ੀਨ ਦਾ ਟਾਈਟਲ ਪੇਜ ਇਹ ਦਰਸਾਉਂਦਾ ਹੈ ਕਿ ਇਹਦੇ ਅੰਦਰ 'ਏਕੋ ਬ੍ਰਹਮੁ ਦੁਤੀਯ ਨਾਸਤਿ' ਸਮਾਇਆ ਹੈ।

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀਂ ਜਾਣੀਐ॥*
*ਅੰਗ - ੮੪੬*

*ਏਕ ਕਵਾਵੈ ਤੇ ਸਭਿ ਹੋਆ ॥* *ਅੰਗ- ੧੦੦੩*

ਸਾਰੇ ਬ੍ਰਹਮ ਦਾ ਹੀ ਪਸਾਰਾ ਹੈ। ਹੁਣ ਇਹ ਪ੍ਰਗਟ ਕਿਵੇਂ ਹੋਏਗਾ? ਜਦੋਂ ਬਾਣੀ ਪੜ੍ਹਦੇ ਹਾਂ -

*ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥*
*ਅੰਗ- ੯੩੫*

ਵਿਚਾਰ ਕਰਦੇ ਹਾਂ। ਕਈ ਕਹਿਣਗੇ ਕਿ ਬਾਣੀ ਪੜ੍ਹਨ ਦਾ ਕੀ ਲਾਭ ਹੈ, ਇਹ ਤਾਂ ਇਕ ਤੋਤਾ ਰਟਨ ਹੈ, ਬਾਰ-ਬਾਰ ਦੁਹਰਾਈ ਜਾਂਦੇ ਹਾਂ, ਤੋਤੇ ਵਾਂਗੂੰ। ਨਹੀਂ ਪਿਆਰਿਓ! ਜਿਵੇਂ ਸਾਬਣ ਹੈ, ਸਾਬਣ ਨੂੰ ਧਿਆਨ ਨਾਲ ਲਾ ਲਓ ਕੱਪੜੇ 'ਤੇ, ਚਾਹੇ ਬੇਧਿਆਨੇ ਲਾ ਲਓ, ਉਹਨੇ ਮੈਲ ਕੱਟ ਹੀ ਦੇਣੀ ਹੈ। ਮਹਾਂਪੁਰਸ਼ ਆਪਣੇ ਅਨੁਭਵ ਤੋਂ ਬਚਨ ਕਰਦੇ ਸੀ। ਕਿਸੇ ਨੇ ਕਹਿਣਾ ਕਿ ਮੇਰਾ ਮਨ ਨਹੀਂ ਟਿਕਦਾ। ਕਹਿੰਦੇ, ਪਿਆਰਿਆ! ਤੂੰ ਤਾਂ ਬੜੀ ਵੱਡੀ ਮੰਜ਼ਿਲ ਤਹਿ ਕਰ ਲਈ, ਮਨ ਦਾ ਤਾਂ ਪਤਾ ਲਗ ਗਿਆ -

*ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥*
*ਨਾਨਕ ਤਾ ਕੈ ਬਲਿ ਬਲਿ ਜਾਸਾ ॥* *ਅੰਗ- ੨੬੬*

ਫੇਰ ਉਹਨਾਂ ਨੇ ਕਹਿਣਾ ਕਿ ਚਲੋ ਜੇ ਮਨ ਟਿਕਦਾ ਹੈ ਜਾਂ ਨਹੀਂ ਟਿਕਦਾ। ਪਰ ਇਸ ਗੱਲ ਦੀ ਪਰਵਾਹ ਨਾ ਕਰੋ। ਜਿਵੇਂ -

*ਮੂਤ ਪਲੀਤੀ ਕਪੜੁ ਹੋਇ ॥*
*ਦੇ ਸਾਬੂਣੁ ਲਈਐ ਓਹੁ ਧੋਇ ॥*
*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥* *ਅੰਗ- ੪*

ਇਹਨੂੰ ਪੜ੍ਹੀ ਚੱਲੋ। ਪੜ੍ਹਨ ਨਾਲ, ਬਾਰ-ਬਾਰ ਦੁਹਰਾਉਣ ਨਾਲ, ਐਨਰਜੀ ਆਉਂਦੀ ਹੈ, ਫੇਰ ਇਹ ਸਿੱਧ ਹੋ ਜਾਂਦਾ ਹੈ। ਤਾਂ ਹੀ ਬਾਰ-ਬਾਰ ਪੜ੍ਹਦੇ ਨੇ, ਕਿੰਨੇ ਸ੍ਰੀ ਅਖੰਡ ਪਾਠ ਹੁੰਦੇ ਨੇ, ਕਿੰਨੀਆਂ ਪਾਠਾਂ ਦੀਆਂ ਲੜੀਆਂ ਚਲਦੀਆਂ ਨੇ ਕਿ ਬਾਣੀ ਜਿੰਨੀ ਵੀ ਹੋ ਸਕੇ, ਵੱਧ ਤੋਂ ਵੱਧ ਪੜ੍ਹੀ ਜਾਵੇ।

ਧੰਨ ਗੁਰੂ ਹਰਿਰਾਇ ਪਾਤਸ਼ਾਹ ਨੂੰ ਪੁੱਛਿਆ ਕਿ ਪਾਤਸ਼ਾਹ! ਬਾਣੀ ਪੜ੍ਹਨੀ ਜ਼ਰੂਰੀ ਹੈ ਕਿ ਜੋ ਬਾਣੀ ਕਹਿੰਦੀ ਹੈ ਉਹ ਕਰਨਾ ਜ਼ਰੂਰੀ ਹੈ? ਬਾਣੀ ਕਹਿੰਦੀ ਹੈ ਗੁਰਮੰਤ੍ਰ ਦਾ ਅਭਿਆਸ ਕਰੋ, ਨਾਮ ਤਕ ਪਹੁੰਚੋ। ਪਾਤਸ਼ਾਹ ਕਹਿੰਦੇ ਇਹ ਦੋਵੇ ਹੀ ਜ਼ਰੂਰੀ ਹਨ। ਬਾਣੀ ਤੇ ਨਾਮ ਦਾ ਆਪਸੀ ਸਬੰਧ, ਧਰਤੀ ਅਤੇ ਬੀਜ ਵਾਂਗੂੰ ਹੈ -

*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥*
*ਅੰਗ- ੫੯੫*

ਬੀਜ ਤਾਂ ਪਿਆ ਹੀ ਹੈ ਅੰਦਰ, ਕਦੋਂ ਅੰਕੁਰ ਪ੍ਰਗਟ ਹੁੰਦਾ ਹੈ। ਫੁੱਟਦਾ ਹੈ ਉਹ ਬੀਜ, ਪੁੰਗਰਦਾ ਹੈ। ਜਦੋਂ ਕਿਸੇ ਰਸਕ ਬੈਰਾਗੀ ਨੂੰ ਅਸੀਂ ਆਪਣਾ ਆਪ ਭੇਟਾ ਕਰ ਦਿੰਦੇ ਹਾਂ ਤਾਂ ਪੁੰਗਰਦਾ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥* *ਅੰਗ- ੨੦੪*

ਉਹ ਜਿਹੜੀ ਸੁਮੱਤਿ ਹੈ -

*ਗੁਰ ਕੀ ਮਤਿ ਤੂੰ ਲੇਹਿ ਇਆਨੇ ॥*
*ਭਗਤਿ ਬਿਨਾ ਬਹੁ ਡੂਬੇ ਸਿਆਨੇ ॥* *ਅੰਗ- ੨੮੮*

ਗੁਰੂ ਹਰਿਰਾਇ ਸਾਹਿਬ ਕਹਿਣ ਲੱਗੇ ਕਿ ਬਾਣੀ ਧਰਤੀ ਹੈ। ਬਾਣੀ ਨਾ ਪੜ੍ਹੋ, ਨਾਮ ਨਾ ਜਪੋ, ਨਾਮ ਦਾ ਬੀਜ ਹੀ ਨਹੀਂ। ਬੀਜ ਅੰਦਰ ਪਿਆ ਹੈ। ਕਦੋਂ ਪ੍ਰਗਟ ਹੋਏਗਾ, ਜਦੋਂ ਅਭਿਆਸ ਕਰਾਂਗੇ ਗੁਰਮੰਤ੍ਰ ਦਾ। ਨਾਮ ਤਾਂ ਬਾਹਰੋਂ ਕੋਈ ਦਿੰਦਾ ਨਹੀਂ। ਇਹ ਤਾਂ ਪਿਆਰ ਦਾ ਰਸਤਾ ਹੈ - ***'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।'*** ਇਹ ਤਾਂ ਅੰਦਰ ਦਾ ਰਸਤਾ ਹੈ। ਗੁਰੂ, ਪੀਰ, ਅਚਾਰੀਆ ਉਹ ਮੰਤਰ ਦਿੰਦੇ ਹਨ, ਬਾਣੀ ਦਸ ਪਾਉਂਦੀ ਹੈ ਓਸ ਘਰ ਦੀ ਜਿਥੇ ਨਾਮ ਪਿਆ ਹੈ -

*ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥*
*ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥*
*ਅੰਗ- ੬*

ਜਦੋਂ ਬਾਣੀ ਪੜ੍ਹਦੇ ਹਾਂ, ਫੇਰ ਨਾਮ ਨਾਲ ਜੁੜਨ ਦੀ ਜੁਗਤ ਮਿਲਦੀ ਹੈ। ਬਾਣੀ ਕੀ ਕਹਿੰਦੀ ਹੈ? ਬਾਣੀ ਕਹਿੰਦੀ ਹੈ ਕਿ ਟਿਕਾਅ 'ਚ ਆਓ, ਟਿਕ ਕੇ ਬੈਠੋ।

*ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥*
*ਸਤਿਗੁਰਿ ਤੁਮਰੇ ਕਾਜ ਸਵਾਰੇ ॥* *ਅੰਗ- ੨੦੧*

ਹੁਣ ਉਹ ਘਰ ਜਿਸ ਦੀ ਇਹ ਦਸ ਪਾ ਰਹੀ

ਹੈ, ਉਹ ਕਿਹੜਾ ਹੈ? 'ਸੋ ਦਰੁ ਕੇਹਾ ਸੋ ਘਰੁ ਕੇਹਾ' ਕਿਉਂਕਿ ਗੁਰੂ ਦੀ ਨਿਸ਼ਾਨੀ ਵੀ ਹੈ। ਜਿਥੇ ਸਿੱਖ ਦੀ ਨਿਸ਼ਾਨੀ ਹੈ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਅੰਗ- ੩੦੫*

ਅਸੀਂ ਅਮਰਕੰਟਕ ਗਏ। ਰਸਤੇ ਵਿਚ ਜੰਗਲ ਹੀ ਜੰਗਲ ਹੈ। ਕਿਉਂਕਿ ਕੌਡੇ ਰਾਕਸ਼ ਦਾ ਭਲਾ ਜਬਲਪੁਰ ਕਰਨ ਤੋਂ ਬਾਅਦ, ਅਮਰ ਕੰਟਕ ਗਏ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ। ਰਿਸ਼ੀਆਂ-ਮੁਨੀਆਂ ਦੀ ਧਰਤੀ ਹੈ। ਉਥੇ ਹੀ ਕਬੀਰ ਚਬੁਤਰਾ ਹੈ, 120 ਸਾਲ, ਬੜੀ ਲੰਮੀ ਉਮਰ ਸੀ ਕਬੀਰ ਸਾਹਿਬ ਦੀ। ਉਹਨਾਂ ਨੇ ਉਥੇ ਤਪਸਿਆ ਕੀਤੀ। ਨਰਬਦਾ ਉਥੋਂ ਨਿਕਲਦੀ ਹੈ। ਕਹਿੰਦੇ ਹਨ ਨਰਬਦਾ ਦੇ ਦਰਸ਼ਨਾਂ ਦਾ ਫਲ, ਗੰਗਾ ਦੇ ਇਸ਼ਨਾਨ ਜਿੰਨਾ ਹੈ। ਕਿਉਂਕਿ ਬਾਕੀਆਂ ਦਾ ਵਿਆਹ ਹੋਇਆ, ਇਹਦਾ ਵਿਆਹ ਨਹੀਂ ਸੀ ਹੋਇਆ, ਇਹਨਾਂ ਦੇ ਜਿਹੜੇ ਦੇਵਤੇ ਸਨ। ਇਸ ਤਰ੍ਹਾਂ ਦੇ ਨਾਲ ਉਥੇ ਆਤਮ ਮਾਰਗ ਮੈਗਜ਼ੀਨ ਪਹੁੰਚਦਾ ਹੈ।

ਸੋ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ, ਉਸ ਨਾਮ ਦੇ ਅੰਮ੍ਰਿਤ ਮਈ ਸਰੋਵਰ ਦੇ ਵਿਚ ਇਸ਼ਨਾਨ ਕਰੇ।

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ- ੨੯੩*

ਇਸੇ ਤਰ੍ਹਾਂ ਗੁਰੂ ਦੀ ਨਿਸ਼ਾਨੀ ਕੀ ਹੈ? ਗੁਰੂ ਕੌਣ ਹੈ? -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥*
*ਅੰਗ - ੧੨੯੧*

*ਪੋਥੀ ਪਰਮੇਸਰ ਕਾ ਥਾਨੁ ॥*
*ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥*
*ਅੰਗ- ੧੨੨੬*

ਇਹ ਪੜ੍ਹਦੇ ਹਾਂ, ਸੁਣਦੇ ਹਾਂ, ਵਿਚਾਰਦੇ ਹਾਂ ਫੇਰ ਐਸਾ ਬ੍ਰਹਮ ਗਿਆਨ ਪ੍ਰਾਪਤ ਹੋ ਜਾਂਦਾ ਹੈ। ਫੇਰ ਜੇ ਅੱਖਾਂ ਖੁਲ੍ਹੀਆਂ ਹਨ ਤਾਂ ਵੀ ਸਾਰੇ ਬਾਣੀ ਦਾ ਸਰੂਪ ਨਜ਼ਰ ਆਉਂਦਾ ਹੈ ਕਿਉਂਕਿ -

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ*
*ਪਰਤਖਿ ਗੁਰੂ ਨਿਸਤਾਰੇ ॥ ਅੰਗ- ੯੮੨*
*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥*
*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥*
*ਅੰਗ- ੯੫੭*

ਬਾਣੀ ਅੰਦਰ ਦਾ ਰਸਤਾ ਦਰਸਾਉਂਦੀ ਹੈ ਤੇ ਬਾਹਰ ਕੀ ਦਿਖਾਉਂਦੀ ਹੈ? ਉਹ ਗੁਰੂ ਦਾ ਸਰੂਪ।

*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ- ੪੪੨*
*ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥*
*ਨਾਨਕ ਸਤਿਗੁਰੁ ਤਿਨਾ ਮਿਲਾਇਆ*
*ਜਿਨਾ ਧੁਰੇ ਪਇਆ ਸੰਜੋਗੁ ॥ ਅੰਗ- ੯੫੭*

ਗੁਰੂ ਐਵੇਂ ਨਹੀਂ ਮਿਲਦੇ -

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥ ਅੰਗ - ੪੫੦*

*ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ ਅੰਗ- ੯੪੩*

ਗੁਰੂ 'ਤੇ ਜੇ ਇਹ ਭਾਵਨਾ ਲਿਆਓਂਗੇ ਜ਼ਰੂਰ ਪੂਰੀ ਹੋਵੇਗੀ।

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਭਾਈ ਗੁਰਦਾਸ ਜੀ*

ਸਤਿਗੁਰੂ ਨਿਰਵੈਰ ਹਨ, ਨਿਰਾਲੇ ਹਨ, ਜੁਗੋ-ਜੁਗ ਅਟੱਲ ਹਨ। ਗਰੀਬ ਨਿਵਾਜ ਹਨ -

*ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥*
*ਆਪਿ ਅਡੋਲੁ ਨ ਕਬਹੂ ਡੋਲੈ ॥ ਅੰਗ- ੨੯੪*

*ਖਤ੍ਰੀ ਬ੍ਰਾਹਮਣ ਸੂਦ ਵੈਸ*
*ਉਪਦੇਸੁ ਚਹੁ ਵਰਨਾ ਕਉ ਸਾਝਾ ॥ ਅੰਗ- ੭੪੮*

ਜਿਹੋ ਜਿਹੀ ਭਾਵਨਾ ਲਿਆਓਂਗੇ ਗੁਰੂ 'ਤੇ ਉਹੋ ਜਿਹਾ ਫਲ ਪਾਓਂਗੇ।

*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖ ਮੁਹ ਕਾਲਾ।*
*ਭਾਈ ਗੁਰਦਾਸ ਜੀ*

ਜਿਹੋ ਜਿਹਾ ਸ਼ੀਸ਼ੇ ਵਿਚ ਮੂੰਹ ਦੇਖੋ ਓਹੋ ਜਿਹਾ ਨਜ਼ਰ ਆਉਂਦਾ ਹੈ। ਗੁਰੂ ਵੀ ਆਰਸੀ ਦੀ ਤਰ੍ਹਾਂ ਹੀ ਹੁੰਦਾ ਹੈ।

ਸਤਿਗੁਰੂ ਐਸੇ ਹਨ ਜਿਨ੍ਹਾਂ ਦੀ ਛਤਰ ਛਾਇਆ ਹੇਠ ਬੈਠ ਕੇ ਆਪਾਂ ਇਹ ਦਿਨ ਮਨਾਇਆ ਹੈ। ਬਹੁਤ ਕ੍ਰਿਪਾ ਹੈ।

*ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।*

# ਨਾਮ-ਜਪ-ਸਿਮਰਨ ਅਤੇ ਗੁਰਬਾਣੀ ਵਿਚਾਰ

*ਡਾ. ਜਗਜੀਤ ਸਿੰਘ*
*ਚੀਫ ਐਡੀਟਰ, ਆਤਮ ਮਾਰਗ*

*ਸਭੈ ਸਾਂਝੀਵਾਲ ਸਦਾਇਨ*

ਸਰਬ ਸਾਂਝੀਵਾਲਤਾ ਗੁਰਬਾਣੀ ਦੀ ਪ੍ਰਧਾਨ ਸੁਰ ਹੈ। ਗੁਰਬਾਣੀ ਦਾ ਮੂਲ ਸੰਕਲਪ ਹੈ -

*ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥*
*ਅੰਗ- ੬੧੧*

ਅਰਥਾਤ ਇਕ ਪ੍ਰਮਾਤਮਾ ਹੀ ਸਾਡਾ ਸਭ ਜੀਵਾਂ ਦਾ ਪਿਤਾ ਹੈ, ਸਾਰੀ ਮਨੁੱਖਤਾ ਉਸ ਇਕ ਪਿਤਾ ਦੀ ਔਲਾਦ ਹੈ। ਇਸ ਤਰ੍ਹਾਂ ਸਾਰੇ ਮਨੁੱਖ, ਭਾਵੇਂ ਰੰਗ ਰੂਪ ਕਰਕੇ ਜਾਂ ਚਿਹਨ ਚੱਕਰਾਂ ਕਾਰਨ ਭਿੰਨ-ਭਿੰਨ ਦਿਸਦੇ ਹਨ ਪਰ ਅਸਲ ਵਿਚ ਉਹ ਸਾਰੇ, ਗੋਰੇ ਕਾਲੇ, ਗਰੀਬ ਅਮੀਰ, ਪੂਰਬੀ ਪੱਛਮੀ, ਵੱਡੇ ਛੋਟੇ ਇਕੋ ਪਿਤਾ ਦੇ ਪੁੱਤਰ ਹੋਣ ਦੇ ਨਾਤੇ ਭਾਈ-ਭਾਈ ਹਨ।

ਥੋੜ੍ਹੀ ਵਿਸ਼ਾਲ ਦ੍ਰਿਸ਼ਟੀ ਨਾਲ ਸੋਚਿਆ ਜਾਵੇ ਤਾਂ ਇਹ ਪ੍ਰਤੱਖ ਦਿਸ ਆਉਂਦਾ ਹੈ ਕਿ ਸਾਰੇ ਮਨੁੱਖੀ ਸਰੀਰਾਂ ਦੀ ਘਾੜਤ ਇਕੋ ਜਿਹੇ ਪੰਜ ਤੱਤਾਂ ਤੋਂ ਹੈ। ਸਭ ਸਰੀਰ ਪਉਣ, ਪਾਣੀ, ਅਗਨੀ, ਮਿੱਟੀ ਅਤੇ ਆਕਾਸ਼ ਤੋਂ ਬਣੇ ਹਨ ਅਤੇ ਹਰੇਕ ਹਿਰਦੇ ਵਿਚ ਇਕੋ ਪ੍ਰਮਾਤਮਾ ਦੀ ਜੋਤ ਵਿਦਮਾਨ ਹੋ ਰਹੀ ਹੈ। ਪਰ ਇਸ ਦੇ ਨਾਲ ਹੀ ਰੱਬੀ ਕਮਾਲ ਇਹ ਹੈ ਇਕ ਇਕੋ ਮਿੱਟੀ ਤੋਂ ਬਣੀਆਂ ਲੱਖਾਂ ਕ੍ਰੋੜਾਂ ਘਾੜਤਾਂ ਦੀ ਪਛਾਣ ਵੱਖ-ਵੱਖ ਹੈ, ਹਰੇਕ ਵਿਚ ਨਾਮ ਰੂਪ ਕਰ ਕੇ ਕੋਈ ਨਾ ਕੋਈ ਵਿਲੱਖਣਤਾ ਹੈ, ਵਿਭਿੰਨਤਾ ਹੈ ਤਾਂ ਹੀ ਦੋ ਘਾੜਤਾਂ ਦੀ ਪਛਾਣ ਵੱਖ-ਵੱਖ ਹੈ, ਹਰੇਕ ਵਿਚ ਨਾਮ ਰੂਪ ਕਰ ਕੇ ਕੋਈ ਨਾ ਕੋਈ ਵਿਲੱਖਣਤਾ ਹੈ, ਵਿਭਿੰਨਤਾ ਵਿਚ ਰੱਬੀ ਜੋਤਿ ਦੀ ਏਕਤਾ ਹੈ ਜਿਸ ਦੀ ਪਛਾਣ ਲਈ ਵਿਸ਼ੇਸ਼ ਸੂਝ ਜਾਂ ਵਿਸ਼ੇਸ਼ ਗਿਆਨ ਦੀ ਆਵਸ਼ਕਤਾ ਹੁੰਦੀ ਹੈ ਜੋ ਅਨੁਭਵੀ ਪੁਰਸ਼, ਗੁਰੂ ਜਾਂ ਗੁਰ ਸ਼ਬਦ ਤੋਂ ਪ੍ਰਾਪਤ ਹੁੰਦੀ ਹੈ। ਗੁਰਬਾਣੀ ਦਾ ਫੁਰਮਾਨ ਹੈ -

*ਏਕੋ ਪਵਣੁ ਮਾਟੀ ਸਭ ਏਕਾ ਸਭ ਏਕਾ ਜੋਤਿ ਸਬਾਈਆ ॥*
*ਸਭ ਇਕਾ ਜੋਤਿ ਵਰਤੈ*
*ਭਿਨਿ ਭਿਨਿ ਨ ਰਲਈ ਕਿਸੈ ਦੀ ਰਲਾਈਆ ॥*
*ਗੁਰ ਪਰਸਾਦੀ ਇਕੁ ਨਦਰੀ ਆਇਆ*
*ਹਉ ਸਤਿਗੁਰ ਵਿਟਹੁ ਵਤਾਇਆ ਜੀਉ ॥ ਅੰਗ- ੯੬*

ਗੁਰਬਾਣੀ ਅਨੁਸਾਰ ਸੰਸਾਰ ਰਚਨਾ ਪ੍ਰਮਾਤਮਾ ਦਾ ਪ੍ਰਤੱਖ ਤਮਾਸ਼ਾ ਹੈ। ਇਕ ਪ੍ਰਮਾਤਮਾ ਹੀ ਸਾਰੀ ਕਾਇਨਾਤ ਦਾ ਕਰਤਾ, ਭਰਤਾ ਅਤੇ ਹਰਤਾ ਹੈ, ਸਾਰੇ ਜੀਵਾਂ ਦਾ ਪਾਲਨਹਾਰ ਅਤੇ ਦਾਤਾ ਇਕੋ ਪਰਮਾਤਮਾ ਹੈ। ਉਹ ਸਭਨਾਂ ਜੀਆਂ ਦਾ ਪਿਤਾ ਹੈ ਅਤੇ ਸਭ ਦੀ ਨਿਰੰਤਰ ਪਾਲਣਾ ਕਰ ਰਿਹਾ ਹੈ, ਸਗੋਂ ਹਰੇਕ ਜੀਵ ਵਿਚ ਉਹ ਆਪ ਵਿਚਰ ਰਿਹਾ ਹੈ। ਇਸ ਤਰ੍ਹਾਂ ਸਾਰੇ ਜੀਵਾਂ ਵਿਚ ਅਦਿੱਖ ਸਾਂਝ ਹੈ, ਸਾਰੀ ਮਨੁੱਖਤਾ ਇਕ ਸਾਂਝੇ ਭਾਈਚਾਰੇ ਵਿਚ ਬੱਝੀ ਹੋਈ ਹੈ, ਕੋਈ ਵੀ ਇਸ ਰੱਬੀ ਸਾਂਝੀਵਾਲਤਾ ਦੇ ਘੇਰੇ ਤੋਂ ਬਾਹਰ ਨਹੀਂ। ਗੁਰਬਾਣੀ ਦਾ ਕਥਨ ਹੈ -

*ਤੂੰ ਸਾਝਾ ਸਾਹਿਬੁ ਬਾਪੁ ਹਮਾਰਾ ॥*
*ਨਉ ਨਿਧਿ ਤੇਰੈ ਅਖੁਟ ਭੰਡਾਰਾ ॥*
*ਜਿਸੁ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ*
*ਸੋਈ ਭਗਤੁ ਤੁਮਾਰਾ ਜੀਉ ॥ ੨ ॥*
*ਸਭੁ ਕੋ ਆਸੈ ਤੇਰੀ ਬੈਠਾ ॥*
*ਘਟ ਘਟ ਅੰਤਰਿ ਤੂੰਹੈ ਵੁਠਾ ॥*
*ਸਭੇ ਸਾਝੀਵਾਲ ਸਦਾਇਨਿ*
*ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ ੩ ॥*
*ਤੂੰ ਆਪੇ ਗੁਰਮੁਖਿ ਮੁਕਤਿ ਕਰਾਇਹਿ ॥*
*ਤੂੰ ਆਪੇ ਮਨਮੁਖਿ ਜਨਮਿ ਭਵਾਇਹਿ ॥*
*ਨਾਨਕ ਦਾਸ ਤੇਰੈ ਬਲਿਹਾਰੈ*
*ਸਭੁ ਤੇਰਾ ਖੇਲੁ ਦਸਾਹਰਾ ਜੀਉ ॥ ਅੰਗ - ੯੭*

ਸੰਸਾਰਕ ਰਿਸ਼ਤਿਆਂ ਵਿਚ ਜੇ ਪਿਤਾ ਇਕ ਹੋਵੇ ਪਰ ਜਨਮ ਦੇਣ ਵਾਲੀ ਮਾਤਾ ਹੋਰ ਹੋਵੇ ਤਾਂ ਵੀ ਕਈ ਤਰ੍ਹਾਂ ਦੇ ਵੈਰ, ਵਿਰੋਧ, ਝਗੜੇ ਖੜ੍ਹੇ ਹੋ ਜਾਂਦੇ ਹਨ। ਗੁਰਬਾਣੀ ਅਨੁਸਾਰ ਪ੍ਰਮਾਤਮਾ ਸਾਡਾ ਸਭ ਦਾ ਕੇਵਲ ਬਾਪ ਹੀ ਨਹੀਂ, ਮਾਤਾ ਵੀ ਹੈ। ਜਦੋਂ ਮਾਤਾ ਅਤੇ ਪਿਤਾ ਦੋਹਾਂ ਦੀ ਸਾਂਝ ਹੋਵੇ, ਤਾਂ ਇਕੋ ਮਾਤਾ ਪਿਤਾ ਦੇ ਬੱਚਿਆਂ ਵਿਚ ਕਿਸੇ ਤਰ੍ਹਾਂ ਦਾ ਵਖਰਾਪਨ, ਓਪਰਾਪਨ ਜਾਂ ਦ੍ਵੈਤ ਨਹੀਂ ਹੋਣਾ ਚਾਹੀਦਾ। ਗੁਰਬਾਣੀ ਦਾ ਫੁਰਮਾਨ ਹੈ -

*ਨਾਨਕ ਪਿਤਾ ਮਾਤਾ ਹੈ ਹਰਿ ਪ੍ਰਭੁ*
*ਹਮ ਬਾਰਿਕ ਹਰਿ ਪ੍ਰਤਿਪਾਰੇ ॥ ਅੰਗ- ੯੮੨*

ਗੁਰਬਾਣੀ ਵਿਚ ਇਸ ਮੂਲ ਸਿਧਾਂਤ ਨੂੰ ਚੇਤੇ ਰੱਖਣ ਅਤੇ ਨਾ ਭੁੱਲਣ ਦੀ ਤਾਕੀਦ ਬਾਰ-ਬਾਰ ਕੀਤੀ

ਗਈ ਹੈ ਤਾਕਿ ਧਰਮ ਦੇ ਨਾਮ ਤੇ ਜੀਵਾਂ ਵਿਚ ਦਿਸਦੀ ਰੰਗ ਰੂਪ ਦੀ ਵਿਭਿੰਨਤਾ ਕਾਰਨ ਝਗੜੇ ਨਾ ਖੜ੍ਹੇ ਹੋਣ। ਜਪੁਜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ -

*ਸਭਨਾ ਜੀਆ ਕਾ ਇਕੁ ਦਾਤਾ*
*ਸੋ ਮੈ ਵਿਸਰਿ ਨ ਜਾਈ ॥* ਅੰਗ- ੨

ਜੇ ਇਹ ਸਿਧਾਂਤ ਚੇਤੇ ਰਹਿ ਜਾਵੇ, ਭੁੱਲੇ ਨਾਂਹ ਤਾਂ ਇਕ ਮਨੁੱਖ ਦਾ ਦੂਜੇ ਮਨੁੱਖ ਨਾਲ ਕਦੀ ਵੈਰ ਵਿਰੋਧ, ਝਗੜਾ, ਈਰਖਾ ਲੜਾਈ ਨਹੀਂ ਹੋ ਸਕਦੀ, ਬਹੁਤ ਖੂਨ ਖਰਾਬੇ ਰੁਕ ਸਕਦੇ ਹਨ। ਵਿਚਾਰਾਂ ਵਿਚ ਵਿਭਿੰਨਤਾ ਹੋ ਸਕਦੀ ਹੈ, ਸ਼ਕਲ ਸੂਰਤ ਵਿਚ ਅੰਤਰ ਹੋ ਸਕਦਾ ਹੈ ਪਰ ਇਸ ਆਧਾਰ ਤੇ ਦੁਸ਼ਮਣੀ, ਈਰਖਾ, ਵੈਰ, ਵਿਰੋਧ, ਲੜਾਈ ਝਗੜੇ ਨਹੀਂ ਹੋ ਸਕਦੇ। ਗੁਰਬਾਣੀ ਦਾ ਆਦੇਸ਼ ਇਸ ਪ੍ਰਕਾਰ ਹੈ -

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥ ੧ ॥*
*ਜੋ ਪ੍ਰਭ ਕੀਨੋ ਸੋ ਭਲ ਮਾਨਿਓ*
*ਏਹ ਸੁਮਤਿ ਸਾਧੂ ਤੇ ਪਾਈ ॥ ੨ ॥*
*ਸਭ ਮਹਿ ਰਵਿ ਰਹਿਆ ਪ੍ਰਭੁ ਏਕੈ*
*ਪੇਖਿ ਪੇਖਿ ਨਾਨਕ ਬਿਗਸਾਈ ॥* ਅੰਗ- ੧੨੯੯

ਭਗਤ ਕਬੀਰ ਜੀ ਇਕ ਸ਼ਬਦ ਵਿਚ ਸਰਬ ਏਕਤਾ ਅਤੇ ਸਾਂਝੀਵਾਲਤਾ ਦੀ ਵਿਚਾਰਧਾਰਾ ਨੂੰ ਸਪੱਸ਼ਟ ਕਰਦੇ ਦਸਦੇ ਹਨ ਕਿ ਸਭ ਤੋਂ ਪਹਿਲਾਂ ਖੁਦਾ ਦੇ ਨੂਰ ਨੇ ਜਗਤ ਪੈਦਾ ਕੀਤਾ, ਸਾਰੇ ਜੀਅ ਜੰਤ, ਸਾਰੇ ਬੰਦੇ ਕੁਦਰਤ ਦੇ ਹੀ ਬਣਾਏ ਹੋਏ ਹਨ। ਜਦ ਪ੍ਰਭੂ ਦੀ ਜੋਤਿ ਤੋਂ ਹੀ ਸਾਰਾ ਬ੍ਰਹਿਮੰਡ ਪੈਦਾ ਹੋਇਆ ਹੈ ਤਾਂ ਫਿਰ ਕਿਸੇ ਜਾਤ ਮਜ਼ਹਬ ਦੇ ਭੁਲੇਖੇ ਵਿਚ ਪੈ ਕੇ ਕਿਸੇ ਨੂੰ ਚੰਗਾ, ਕਿਸੇ ਨੂੰ ਮੰਦਾ ਸਮਝਣਾ ਵੱਡੀ ਭੁੱਲ ਹੈ। ਰੱਬ ਦੀ ਹਸਤੀ ਬਾਰੇ ਭੁਲੇਖਿਆਂ ਵਿਚ ਪੈ ਕੇ ਮਨੁੱਖ ਖੁਆਰ ਹੁੰਦਾ ਹੈ। ਇਕੋ ਰੱਬ ਸਾਰੀ ਖਲਕਤ ਨੂੰ ਪੈਦਾ ਕਰਨ ਵਾਲਾ ਹੈ ਅਤੇ ਸਭ ਵਿਚ ਮੌਜੂਦ ਹੈ, ਸਭ ਥਾਂ ਭਰਪੂਰ ਹੈ। ਸਿਰਜਨਹਾਰ ਨੇ ਇਕੋ ਹੀ ਮਿੱਟੀ ਤੋਂ, ਇਕੋ ਜੇਹੇ ਤੱਤਾਂ ਤੋਂ ਅਨੇਕਾਂ ਕਿਸਮ ਦੇ ਜੀਅ ਜੰਤ ਪੈਦਾ ਕੀਤੇ ਹਨ। ਇਨ੍ਹਾਂ ਮਿੱਟੀ ਦੇ ਭਾਂਡਿਆਂ ਅਰਥਾਤ ਜੀਵਾਂ ਵਿਚ ਨਾਹ ਕੋਈ ਊਣਤਾ ਹੈ, ਨਾ ਹੀ ਇਨ੍ਹਾਂ ਭਾਂਡਿਆਂ ਅਰਥਾਤ ਜੀਵਾਂ ਵਿਚ ਨਾਹ ਕੋਈ ਊਣਤਾ ਹੈ, ਨਾ ਹੀ ਇਨ੍ਹਾਂ ਭਾਂਡਿਆਂ ਦੇ ਬਣਾਉਣ ਵਾਲੇ ਘੁਮਿਆਰ ਵਿਚ ਕੋਈ ਘਾਟ ਹੈ। ਉਹ ਸੱਚਾ ਮਨੁੱਖ ਹੀ ਰੱਬ ਦਾ ਪਿਆਰਾ ਮਨੁੱਖ ਕਿਹਾ ਜਾ ਸਕਦਾ ਹੈ, ਜੋ ਇਸ ਰਮਜ਼ ਨੂੰ ਪਛਾਣਦਾ ਹੈ ਅਤੇ ਇਸ ਸਾਂਝੀਵਾਲਤਾ ਵਿਚ ਪਰੋਤਾ ਹੋਇਆ ਹੈ ਅਤੇ ਕਿਸੇ ਜਾਤ ਜਾਂ ਮਜ਼ਹਬ ਦੇ ਬੰਦਿਆਂ ਦੀ ਉਚਤਾ ਜਾਂ ਨੀਚਤਾ ਦੇ ਭਰਮ ਵਿਚ ਨਹੀਂ ਪੈਂਦਾ। ਕਬੀਰ ਜੀ ਫੁਰਮਾਉਂਦੇ ਹਨ -

*ਅਵਲਿ ਅਲਹ ਨੂਰੁ ਉਪਾਇਆ*
*ਕੁਦਰਤਿ ਕੇ ਸਭ ਬੰਦੇ ॥*
*ਏਕ ਨੂਰ ਤੇ ਸਭੁ ਜਗੁ ਉਪਜਿਆ*
*ਕਉਨ ਭਲੇ ਕੋ ਮੰਦੇ ॥ ੧ ॥*
*ਲੋਗਾ ਭਰਮਿ ਨ ਭੂਲਹੁ ਭਾਈ ॥*
*ਖਾਲਿਕੁ ਖਲਕ ਖਲਕ ਮਹਿ ਖਾਲਿਕੁ*
*ਪੂਰਿ ਰਹਿਓ ਸ੍ਰਬ ਠਾਂਈ ॥ ੧ ॥ ਰਹਾਉ ॥*
*ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥*
*ਨਾ ਕਛੁ ਪੋਚ ਮਾਟੀ ਕੇ ਭਾਂਡੇ*
*ਨਾ ਕਛੁ ਪੋਚ ਕੁੰਭਾਰੈ ॥ ੨ ॥*
*ਸਭ ਮਹਿ ਸਚਾ ਏਕੋ ਸੋਈ*
*ਤਿਸ ਕਾ ਕੀਆ ਸਭੁ ਕਛੁ ਹੋਈ ॥*
*ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥*
ਅੰਗ- ੧੩੫੦

ਸ੍ਰੀ ਗੋਬਿੰਦ ਸਿੰਘ ਜੀ ਨੇ ਮਨੁੱਖੀ ਭਾਈਚਾਰੇ ਦੀ ਏਕਤਾ ਅਤੇ ਸਾਂਝੀਵਾਲਤਾ ਨੂੰ ਬੜੇ ਸਪੱਸ਼ਟ ਅਤੇ ਸਾਰਥਕ ਢੰਗ ਨਾਲ ਦੱਸਿਆ ਹੈ। ਉਨ੍ਹਾਂ ਦਾ ਆਦੇਸ਼ ਹੈ ਕਿ ਸਾਰੀ ਮਨੁੱਖ ਜਾਤੀ ਨੂੰ ਇਕ ਮੰਨੋ, ਦੇਸ਼ ਭੂਮੀ, ਵਾਤਾਵਰਣ ਕਾਰਨ ਜਾਂ ਧਾਰਮਿਕ ਵਿਚਾਰਾਂ ਕਾਰਨ ਭਾਵੇਂ ਕੋਈ ਸੰਨਿਆਸੀ ਹੋਵੇ, ਭਾਵੇਂ ਜੋਗੀ, ਬ੍ਰਹਮਚਾਰੀ ਹੋਵੇ ਜਾਂ ਜਤੀ। ਧਰਮ ਕਰ ਕੇ ਕੋਈ ਹਿੰਦੂ, ਮੁਸਲਮਾਨ, ਤੁਰਕ, ਇਮਾਮ ਜਾਂ ਸੂਫੀ ਹੋ ਸਕਦਾ ਹੈ ਪਰ ਮੂਲ ਰੂਪ ਵਿਚ ਸਭ ਮਨੁੱਖ ਜਾਤੀ ਇਕ ਹੈ ਕਿਉਂਕਿ ਸਭ ਦਾ ਕਰਤਾ ਸਭ ਦਾ ਰਾਜ਼ਕ, ਸਭ ਦਾ ਗੁਰਦੇਵ ਇਕੋ ਪ੍ਰਮਾਤਮਾ ਹੈ, ਸਭ ਵਿਚ ਉਸ ਦੀ ਜੋਤਿ ਪਰੀਪੂਰਨ ਹੋ ਰਹੀ ਹੈ। ਗੁਰਵਾਕ ਹੈ -

*ਕੋਊ ਭਇਓ ਮੁੰਡੀਆਂ ਸੰਨਿਆਸੀ, ਕੋਊ ਜੋਗੀ ਭਇਓ,*
*ਕੋਈ ਬ੍ਰਹਮਚਾਰੀ, ਕੋਊ ਜਤੀਅਨੁ ਮਾਨਬੋ॥*
*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,*
*ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥*
*ਕਰਤਾ ਕਰੀਮ ਸੋਈ ਰਾਜਕ ਰਹੀਮ ਓਈ,*
*ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥*
*ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ,*
*ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥ ਅਕਾਲ ਉਸਤਤਿ*

ਇਸੇ ਉਪਲਕਸ਼ ਵਿਚ ਆਪ ਹਿੰਦੂ ਮੰਦਰ ਅਤੇ ਮੁਸਲਿਮ ਮਸਜਿਦ ਵਿਚ, ਹਿੰਦੂ ਪੂਜਾ ਅਤੇ ਮੁਸਲਿਮ

ਨਿਮਾਜ਼ ਵਿਚ ਕੋਈ ਅੰਤਰ ਨਹੀਂ ਵੇਖਦੇ। ਮਨੁੱਖਾਂ ਦੀ ਵੱਖ-ਵੱਖ ਦਿੱਖ ਉਨ੍ਹਾਂ ਦੇ ਵੱਖ-ਵੱਖ ਦੇਸ਼ਾਂ ਦੇ ਪ੍ਰਭਾਵ ਹਨ। ਸਾਰੇ ਮਨੁੱਖਾਂ ਦੇ ਸਰੀਰਕ ਅੰਗ ਇਕ ਹੈਸੇ ਹਨ- ਨੱਕ, ਕੰਨ, ਅੱਖਾਂ, ਬੋਲ ਸਭ ਨੂੰ ਪ੍ਰਾਪਤ ਹਨ। ਸਭ ਇਕ ਤਰ੍ਹਾਂ ਦੇ ਪੰਜ ਤੱਤਾਂ ਤੋਂ ਬਣੇ ਹਨ। ਇਸ ਕਰਕੇ ਸਭ ਦੀ ਬਣਤਰ, ਸਭ ਦਾ ਸਰੂਪ ਇਕ ਸਮਾਨ ਹੈ, ਸਾਰੇ ਧਰਮ ਗ੍ਰੰਥ ਵੀ ਇਕ ਸਮਾਨ ਹਨ। ਗੁਰੂ ਜੀ ਫੁਰਮਾਨ ਕਰਦੇ ਹਨ -

*ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ,*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥*
*ਦੇਵਤਾ ਅਦੇਵ ਜੱਛ ਗੰਧਬ ਤੁਰਕ ਹਿੰਦੂ*
*ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥*
*ਏਕੈ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ,*
*ਖਾਕ ਬਾਦ ਆਦਸ ਔ ਆਬ ਕੋ ਰਲਾਉ ਹੈ।*
*ਅਲਹ ਅਭੇਖ ਸੋਈ ਪੁਰਾਨ ਐ ਕੁਰਾਨ ਓਈ,*
*ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ॥ ਅਕਾਲ ਉਸਤਤਿ*

ਅੰਮ੍ਰਿਤ ਦੀ ਦਾਤ ਦੇਣ ਸਮੇਂ ਉਨ੍ਹਾਂ ਨੇ ਮਨੁੱਖਾਂ ਵਿਚ ਪਾਈਆਂ ਗਈਆਂ ਧਰਮ, ਕਰਮ, ਜਾਤ ਪਾਤ, ਛੂਤ-ਛਾਤ, ਊਚ-ਨੀਚ ਦੀਆ ਸਭ ਹੱਦ ਬੰਦੀਆਂ ਤੋੜ ਦਿਤੀਆਂ, ਸਭ ਨੂੰ ਇਕ ਬਾਟੇ ਵਿਚੋਂ ਅੰਮ੍ਰਿਤਪਾਨ ਕਰਾਇਆ ਅਤੇ ਮਨੁੱਖੀ ਭਾਈਚਾਰੇ ਨੂੰ ਇਕ ਪ੍ਰਭੂ ਪਿਆਰ ਦੀ ਸਾਂਝ ਵਿਚ ਇਕੱਠਾ ਕੀਤਾ। ਆਪਣੀ ਬਾਣੀ ਵਿਚ ਇਹ ਨਿਸ਼ਚਾ ਦ੍ਰਿੜ੍ਹ ਕਰਵਾਇਆ। ਸਾਰੇ ਬ੍ਰਹਿਮੰਡ ਵਿਚ ਇਕੋ ਜੋਤਿ ਪਸਰ ਰਹੀ ਹੈ ਜਿਸ ਵਿਚ ਮਨੁੱਖਤਾ ਹੁਕਮ ਅਨੁਸਾਰ ਕਿਰਿਆਸ਼ੀਲ ਹੋ ਰਹੀ ਹੈ -

*ਜਿਮੀ ਜਮਾਨ ਕੇ ਬਿਖੈ ਸਮਸਤਿ ਏਕ ਜੋਤ ਹੈ॥*
*ਨ ਘਾਟ ਹੈ ਨਾ ਬਾਢ ਹੈ ਨ ਘਾਟਿ ਬਾਢਿ ਹੋਤ ਹੈ।*
*ਅਕਾਲ ਉਸਤਤਿ*

ਪ੍ਰਮਾਤਮਾ ਆਪ ਹੀ ਅਨੇਕ ਰੂਪ ਧਾਰਨ ਕਰਕੇ ਆਪਣੇ ਕੌਤਕ ਖੇਲ੍ਹ ਰਿਹਾ ਹੈ -

*ਏਕ ਮੂਰਤਿ ਅਨੇਕ ਦਰਸ਼ਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ*

ਈਸ਼ ਉਪਨਿਸ਼ਦ ਦੇ ਆਦਿ ਵਿਚ ਦੱਸਿਆ ਹੈ ਕਿ ਇਕ ਪ੍ਰਮਾਤਮਾ ਸਭ ਵਿਚ ਵਸਦਾ ਹੈ, ਇਸ ਲਈ ਸਾਨੂੰ ਸਭ ਨੂੰ ਪਿਆਰ ਕਰਨਾ ਚਾਹੀਦਾ ਹੈ, ਕਿਸੇ ਨਾਲ ਨਫਰਤ ਈਰਖਾ ਨਹੀਂ ਕਰਨੀ ਚਾਹੀਦੀ। ਮਨੁੱਖ ਆਪਣੇ ਸੁਆਰਥ ਕਾਰਣ ਮੋਹ ਦੇ ਕਰਾਣ ਦੁੱਖ ਸੁਖ ਵਿਚ ਫਸਿਆ ਹੋਇਆ ਹੈ। ਜਦੋਂ ਮਨੁੱਖ ਪ੍ਰਭੂ ਦੇ ਸੰਸਾਰ ਨੂੰ ਭੁੱਲ ਕੇ ਮੋਹ ਮਾਇਆ ਦਾ ਆਪਣਾ ਸੰਸਾਰ ਰਚ ਲੈਂਦਾ ਹੈ ਤਾ ਉਹ ਇਹ ਭੁੱਲ ਜਾਂਦਾ ਹੈ ਕਿ ਪ੍ਰਮਾਤਮਾ ਸਰਬ ਵਿਆਪਕ ਹੈ, ਸਭ ਕੁਝ ਪ੍ਰਮਾਤਮਾ ਹੀ ਹੈ, ਅਸੀਂ ਅਤੇ ਸਾਡਾ ਕੁਝ ਨਹੀਂ। ਇਸ ਸਚਾਈ ਨੂੰ ਭੁੱਲ ਕੇ ਅਸੀਂ ਪੂਰੀ ਤਰ੍ਹਾਂ ਮੋਹ ਵਿਚ ਫਸ ਜਾਂਦੇ ਹਨ ਅਤੇ ਦੁਖੀ ਹੁੰਦੇ ਹਾਂ। ਇਹ ਮੋਹ ਹੀ ਸਾਡੇ ਅਗਿਆਨ ਦਾ ਕਾਰਨ ਬਣ ਜਾਂਦਾ ਹੈ। ਹਉਮੈ ਦੇ ਸੰਸਾਰ ਵਿਚ ਕੁਝ ਲੋਕਾਂ ਨੂੰ ਅਸੀਂ ਆਪਣਾ ਸਮਝਦੇ ਹਾਂ, ਕੁਝ ਨੂੰ ਬਿਗਾਨਾ। ਪਰ ਜੇ ਅਸੀਂ ਇਹ ਸਮਝ ਲਈਏ ਕਿ ਪ੍ਰਮਾਤਮਾ ਇਕ ਹੈ ਜੋ ਸਭ ਵਿਚ ਵਿਆਪਕ ਹੋ ਰਿਹਾ ਹੈ ਤਾਂ ਅਸੀਂ ਕਿਸੇ ਨਾਲ ਨਫ਼ਰਤ, ਈਰਖਾ, ਦ੍ਵੈਤ ਭਾਵ ਨਹੀਂ ਰਖਾਂਗੇ। ਜਿਵੇਂ ਸਾਡੇ ਸਰੀਰ ਦੇ ਕਿਸੇ ਇਕ ਅੰਗ ਵਿਚ ਜਦੋਂ ਤਕਲੀਫ ਹੁੰਦੀ ਹੈ ਤਾਂ ਸਾਰਾ ਸਰੀਰ ਇਹ ਤਕਲੀਫ ਮਹਿਸੂਸ ਕਰਦਾ ਹੈ। ਬਿਲਕੁਲ ਇਸੇ ਤਰ੍ਹਾਂ ਜਿਹੜਾ ਮਨੁੱਖ ਪ੍ਰਭੂ ਪਿਆਰ ਨਾਲ ਭਰਿਆ ਪਿਆ ਹੈ, ਉਹ ਸਭ ਲਈ ਇਸ ਤਰਹਾਂ ਹੀ ਮਹਿਸੂਸ ਕਰਦਾ ਹੈ। ਜਦੋਂ ਇਕ ਨੂੰ ਦੁੱਖ ਹੁੰਦਾ ਹੈ ਤਾਂ ਸਭਨਾਂ ਨੂੰ ਉਸ ਦੀ ਪੀੜਾ ਮਹਿਸੂਸ ਹੁੰਦੀ ਹੈ। ਇਸ ਤਰ੍ਹਾਂ ਦੀ ਭਾਵਨਾ ਵਾਲਾ ਮਨੁੱਖ ਸਮਾਜ ਅਤੇ ਦੇਸ਼ ਦਾ ਉਥਾਨ ਕਰਦਾ ਹੈ। ਜਿਹੜਾ ਸਭ ਵਿਚ ਹੀ ਵਾਹਿਗੁਰੂ ਨੂੰ ਦੇਖਦਾ ਹੈ, ਉਸ ਦਾ ਆਚਾਰ ਵਿਹਾਰ, ਕਰਤੱਵ ਸਦਾ ਹੀ ਉੱਚਾ ਸੁੱਚਾ ਹੋਵੇਗਾ, ਉਹ ਕਦੀ ਸੁਆਰਥੀ ਨਹੀਂ ਹੋ ਸਕਦਾ, ਉਹ ਕਦੀ ਕਿਸੇ ਦਾ ਹੱਕ ਨਹੀਂ ਮਾਰੇਗਾ, ਸਗੋਂ ਦੂਜਿਆਂ ਲਈ ਆਪਣੇ ਅਧਿਕਾਰਾਂ ਦਾ ਤਿਆਗ ਕਰੇਗਾ। ਗੁਰਮੁਖ ਨੂੰ ਸਦਾ ਦੂਜਿਆਂ ਦੀ ਸਹਾਤਿਾ ਕਰਨ ਵਿਚ ਖੁਸ਼ੀ ਮਿਲਦੀ ਹੈ -

*ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ ਅੰਗ- ੨੮੩*

ਗੁਰਬਾਣੀ ਅਨੁਸਾਰ ਵਾਹਿਗੁਰੂ ਸ੍ਰਿਸ਼ਟੀ ਦੇ ਕਣ-ਕਣ ਵਿਚ ਭਰਪੂਰ ਹੈ। ਉਹ ਆਪ ਹੀ ਸਾਰੇ ਪਰੀਪੂਰਨ ਹੋ ਰਿਹਾ ਹੈ। ਉਹ ਆਪ ਹੀ ਨਾਮ ਰੂਪ ਵਿਚ ਸਾਰੇ ਪਸਰ ਰਿਹਾ ਹੈ, ਉਸ ਤੋਂ ਬਿਨਾਂ ਹੋਰ ਕੁਝ ਨਹੀਂ, ਇਕ ਤੋਂ ਬਿਨਾਂ ਹੋਰ ਵੇਖਣ ਦ੍ਵੈਤ ਹੈ। ਤੀਜੀ ਪਾਤਸ਼ਾਹੀ ਦਾ ਵਾਕ ਹੈ -

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*
*ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ*
*ਹਰਿ ਬਿਨੁ ਅਵਰੁ ਨ ਕੋਈ ॥*
*ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ*
*ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥ ਅੰਗ- ੯੨੨*

*(ਬਾਕੀ ਪੰਨਾ 43 'ਤੇ)*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਜੁਲਾਈ ਅੰਕ, ਪੰਨਾ-54)*

ਸਿਰੀਰਾਗੁ ਮਹਲਾ ੫ ਘਰੁ ੫ ॥

ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਪੰਜਵੇਂ ਘਰੁ=ਸੁਰਤਾਲ ਵਿਚ ਆਪ ਹੀ ਸਿੱਖ ਦੁਆਰਾ ਕੀਤੇ ਪ੍ਰਸ਼ਨ ਤੇ ਆਪਣੇ ਵੱਲੋਂ ਦਿਤੇ ਹੋਏ ਉਤਰ ਦਿੰਦਿਆਂ ਸ਼ਬਦ ਉਚਾਰਨ ਕਰਦੇ ਹਨ -

ਜਾਨਉ ਨਹੀ ਭਾਵੈ ਕਵਨ ਬਾਤਾ ॥

ਹੇ ਸਤਿਗੁਰੂ ਜੀ! ਮੈਂ ਨਹੀਂ ਜਾਨਉ=ਜਾਣਦਾ ਕਿ ਪਰਮੇਸ਼ਰ ਨੂੰ ਕਵਨੁ=ਕਿਹੜੀ ਬਾਤਾ=ਗੱਲ ਭਾਵੈ=ਚੰਗੀ ਲਗਦੀ ਹੈ। ਕਿਹੜੇ ਸਾਧਨ ਦੁਆਰਾ ਮੈਂ ਪ੍ਰਮੇਸ਼ਰ ਨੂੰ ਪਾ ਸਕਦਾ ਹਾਂ। ਮੈਂ ਕਿਹੜਾ ਸਾਧਨ ਕਰਾਂ। ਮੈਨੂੰ ਇਸ ਗੱਲ ਦੀ ਸੋਝੀ ਨਹੀਂ ਹੈ। ਹੇ ਗੁਰੂ ਸਾਹਿਬ ਜੀ! ਕ੍ਰਿਪਾ ਕਰਕੇ ਮੈਨੂੰ ਦੱਸਣਾ ਕਰੋ। ਅਗਲੀ ਪੰਗਤੀ ਵਿਚ ਸਤਿਗੁਰੂ ਉੱਤਰ ਦਿੰਦੇ ਹਨ-

ਮਨ ਖੋਜਿ ਮਾਰਗੁ ॥੧॥ ਰਹਾਉ ॥

ਹੇ ਭਾਈ! ਵਾਹਿਗੁਰੂ ਦੀ ਪ੍ਰਾਪਤੀ ਦਾ ਮਾਰਗੁ=ਰਸਤਾ ਮਨ ਵਿਚੋਂ ਹੀ ਖੋਜਿ=ਲੱਭਣਾ ਕਰ।

ਧਿਆਨੀ ਧਿਆਨੁ ਲਾਵਹਿ ॥

ਹੇ ਗਰੀਬ ਨਿਵਾਜ ਪਾਤਸ਼ਾਹ ਜੀ! ਜਿਹੜੇ ਧਿਆਨੀ ਲੋਕ ਧਿਆਨ ਦੀ ਪ੍ਰਕਿਰਿਆ ਦੁਆਰਾ ਤ੍ਰਾਟਕ ਸਾਧ ਕੇ ਧਿਆਨ ਨੂੰ ਲਾਵਹਿ=ਲਾਉਂਦੇ ਹਨ ਅਰਥਾਤ ਕਿਸੇ ਕਾਲੀ ਚੀਜ਼ ਨੂੰ ਨਿਰੰਤਰ ਦੇਖਦੇ ਰਹਿੰਦੇ ਹਨ, ਜਦੋਂ ਕਾਲੀ ਚੀਜ਼ ਚਿੱਟੇ ਕਾਗਜ਼ ਦੀ ਤਰ੍ਹਾਂ ਪ੍ਰਤੀਤ ਹੋਣ ਲਗ ਜਾਵੇ ਤਾਂ ਫਿਰ ਕੀੜੀ 'ਤੇ ਨਿਗਾਹ ਟਿਕਾਉਣ ਲਗ ਜਾਂਦੇ ਹਨ। ਫੁਰਨੇ ਦੀ ਸ਼ਕਤੀ ਦੁਆਰਾ ਕੀੜੀ ਨੂੰ ਹਿੱਲਣ ਤੋਂ ਰੋਕ ਦਿੰਦੇ ਹਨ। ਜਦੋਂ ਤਕ ਚਾਹੁੰਣ, ਕੀੜੀ ਹਿੱਲ ਨਹੀਂ ਸਕਦੀ। ਫਿਰ ਉਹ ਦੂਸਰੇ ਹੋਰ ਲੋਕਾਂ 'ਤੇ ਅਸਰ ਪਾਉਣ ਲਗ ਜਾਂਦੇ ਹਨ। ਇਸ ਤਰ੍ਹਾਂ ਆਪਣੀ ਦੇਖਣ-ਸ਼ਕਤੀ ਦੁਆਰਾ ਨਰਮ ਦਿਲ ਵਾਲੇ ਚਿੱਤ ਨੂੰ ਕਮਜ਼ੋਰ ਕਰਕੇ ਉਸ ਨੂੰ ਆਪਣੇ ਵਸ ਵਿਚ ਕਰ ਲੈਂਦੇ ਹਨ। ਉਨ੍ਹਾਂ ਨੂੰ ਜੋ ਮਨਾਉਣਾ ਚਾਹੁੰਣ, ਉਹ ਹੀ ਮਨਾ ਲੈਂਦੇ ਹਨ, ਕਿਉਂਕਿ ਉਨ੍ਹਾਂ ਦੀਆਂ ਅੱਖਾਂ ਵਿਚ ਇਤਨੀ ਤਾਕਤ ਆ ਜਾਂਦੀ ਹੈ। ਇਉਂ ਮਹਾਰਾਜ ਜੀ ਕਈ ਹੋਰ ਵੀ ਧਿਆਨੀ ਲੋਕ, ਜਿਵੇਂ ਪਤੰਜਲੀ ਲੋਕ ਹਨ, ਉਹ ਵੀ ਧਿਆਨ ਲਗਾਉਂਦੇ ਹਨ। ਪਤੰਜਲੀ ਲੋਕ ਬਿਰਤੀ ਨਿਰੋਧ ਕਰਨ ਨੂੰ ਹੀ ਧਿਆਨ ਸਮਝਦੇ ਹਨ। ਉਹ ਪ੍ਰਮਾਣ, ਵਿਪਰਜਯ, ਨਿੰਦ੍ਰਾ, ਸਿਮਰਤੀ, ਵਿਕਲਪ ਆਦਿ ਪੰਜ ਪ੍ਰਕਾਰ ਦੀਆਂ ਬਿਰਤੀਆਂ ਨੂੰ ਰੋਕ ਲੈਣ ਦੇ ਨਾਮ ਨੂੰ ਹੀ ਨਿਰੋਧ ਮੰਨਦੇ ਹਨ। ਇਸ ਤੋਂ ਇਲਾਵਾ ਪੰਜ ਪ੍ਰਕਾਰ ਦੀਆਂ ਬਿਰਤੀਆਂ ਨਿਰੋਧ ਕਰਨ ਦਾ ਨਾਮ ਯੋਗ ਵੀ ਹੈ।

ਗਿਆਨੀ ਗਿਆਨੁ ਕਮਾਵਹਿ ॥

ਇਸ ਤਰ੍ਹਾਂ ਸ਼ਾਂਖ ਸ਼ਾਸਤਰ ਆਦਿ ਨੂੰ ਮੰਨਣ ਵਾਲੇ ਗਿਆਨੀ ਤੱਤਾਂ ਦੇ ਗਿਆਨ ਨੂੰ ਕਮਾਵਹਿ-ਕਮਾਉਣ ਵਿਚ ਹੀ ਵਿਸ਼ਵਾਸ਼ ਰੱਖਦੇ ਹਨ। ਉਨ੍ਹਾਂ ਅਨੁਸਾਰ 25 ਪ੍ਰਕ੍ਰਿਤੀਆਂ ਭਾਵ ਇਕ-ਇਕ ਤੱਤ ਦੀਆਂ ਪੰਜ ਪ੍ਰਕਾਰ ਦੀਆਂ ਪ੍ਰਕਿਰਿਆ ਦੀ ਵਿਚਾਰ ਕਰਨਾ ਹੀ ਗਿਆਨ ਹੈ। ਇਸ ਪ੍ਰਕਾਰ ਉਹ ਐਸੀ ਵੀਚਾਰ ਅਤੇ ਨਿਰਨੇ ਕਰਨ ਦੇ ਢੰਗ ਨੂੰ ਹੀ ਗਿਆਨ ਮੰਨੀ ਬੈਠੇ ਹਨ ਅਤੇ ਐਸਾ ਕਹਿੰਦੇ ਹਨ ਕਿ ਇਹੋ ਗਿਆਨ ਹੀ ਕਮਾਉਣਾ ਚਾਹੀਦਾ ਹੈ।

ਪ੍ਰਭੁ ਕਿਨ ਹੀ ਜਾਤਾ ॥੧॥

ਹੇ ਸਤਿਗੁਰੂ ਜੀ! ਧਿਆਨੀਆ ਵਿਚੋਂ ਜਾਂ ਗਿਆਨੀਆਂ ਵਿਚੋਂ ਪ੍ਰਭੁ=ਸੁਆਮੀ ਮਾਲਕ ਨੂੰ ਕਿਨਹੀ=ਕਿਸ ਨੇ ਜਾਤਾ=ਜਾਣਿਆ ਹੈ? ਹਜ਼ੂਰ ਕਹਿਣ ਲੱਗੇ ਕਿ ਧਿਆਨੀ ਧਿਆਨ ਲਾ ਕੇ ਪਦਾਰਥ ਹੀ ਦੇਖਦੇ ਰਹਿੰਦੇ ਹਨ ਅਤੇ ਗਿਆਨੀ ਦੁਨੀਆਂ ਦੇ ਪਦਾਰਥਾਂ ਅਤੇ ਵਿਗਿਆਨ ਵਿਦਿਆ ਦੁਆਰਾ ਨਿਰਨੇ ਹੀ ਕਰਦੇ ਰਹਿੰਦੇ ਹਨ। ਇਸ ਕਰਕੇ ਵਾਹਿਗੁਰੂ ਪ੍ਰਮੇਸ਼ਰ ਨੂੰ ਨਹੀਂ ਜਾਣ ਸਕਦੇ, ਇਸ ਕਰਕੇ ਹੇ ਭਾਈ! ਗੁਰਾ ਦੀ ਕ੍ਰਿਪਾ ਦੁਆਰਾ ਕਿਨਹੀ=ਕਿਸੇ ਵਿਚਲੇ ਨੇ ਹੀ ਪ੍ਰਭੂ=ਪਰਮੇਸ਼ਰ ਨੂੰ ਜਾਤਾ=ਜਾਣਿਆ ਹੈ।

ਭਗਉਤੀ ਰਹਤ ਜੁਗਤਾ ॥

ਹੇ ਸਤਿਗੁਰੂ! ਇਕ ਭਗਉਤੀ=ਭਗਉਤੀਏ (ਰਾਸਧਾਰੀਏ) ਰਾਸ ਪਾਉਣ ਵਿਚ ਹੀ ਜੁਗਤਾ=ਜੁੜੇ ਰਹਤ=ਰਹਿੰਦੇ ਹਨ ਜਿਵੇਂ ਭਗਵਾਨ ਰਾਮ, ਕ੍ਰਿਸ਼ਨ, ਸੀਤਾ, ਲਛਮਣ, ਰਾਧਾ, ਬਲਭੱਦਰ ਆਦਿ ਦੇ ਸਵਾਂਗ ਬਣਾ ਕੇ ਰਾਸਾਂ ਪਾਉਂਦੇ ਹਨ, ਇਨ੍ਹਾਂ ਰਾਸਾਂ ਨੂੰ ਹੀ ਪ੍ਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਸਮਝਦੇ ਹਨ।

ਜੋਗੀ ਕਹਤ ਮੁਕਤਾ ॥

ਜੋਗੀ ਕਹਤ=ਕਹਿੰਦੇ ਹਨ ਕਿ ਅਸੀਂ ਮੁਕਤਾ=ਮੁਕਤ ਹੋਏ ਹਾਂ। ਜੋਗ ਸਾਧਨਾਂ ਦੁਆਰਾ ਦਸਵੇਂ ਦੁਆਰ ਥਾਈਂ ਪ੍ਰਾਣ ਛੱਡ ਕੇ ਬ੍ਰਹਮ ਲੋਕ ਵਿਚ ਜਾ ਰਹਿਣਾ। ਉਹ ਇਸ ਸਾਧਨ ਨੂੰ ਹੀ ਮੁਕਤੀ ਮੰਨੀ ਬੈਠੇ ਹਨ।

ਤਪਸੀ ਤਪਹਿ ਰਾਤਾ ॥ ੨ ॥

ਤਪਸੀ=ਤਪੱਸਵੀ ਲੋਕ ਤਪਹਿ=ਧੂਣੀਆਂ ਤਪਾਉਣਾ, ਵਰਤ ਰੱਖਣੇ, ਜਲਧਾਰੇ ਕਰਨੇ, ਮੀਂਹ ਆਦਿ ਸਹਾਰਦੇ ਹੋਏ ਇਸ ਤਰ੍ਹਾਂ ਦੇ ਤਪ ਵਿਚ ਰਾਤਾ=ਰੰਗੇ ਹੋਏ ਰਾਜਸੀ, ਤਾਮਸੀ ਅਤੇ ਸਾਂਤਕੀ ਆਦਿ ਸੁਭਾਵਾਂ ਵਿਚ ਮਗਨ ਰਹਿੰਦੇ ਹਨ।

ਮੋਨੀ ਮੋਨਿਧਾਰੀ ॥

ਮੋਨੀ = ਨਾ ਬੋਲਣ ਵਾਲੇ, ਮੋਨਿਧਾਰੀ=ਜਿਨ੍ਹਾਂ ਨੇ ਸਦਾ ਲਈ ਚੁੱਪ ਧਾਰਨ ਕੀਤੀ ਹੋਈ ਹੈ। ਉਨ੍ਹਾਂ ਦਾ ਐਸਾ ਮੱਤ ਹੈ ਕਿ ਬਾਰਾਂ ਸਾਲ ਮੋਨ ਰੱਖੀਏ ਤੇ ਉਸ ਤੋਂ ਬਾਅਦ ਜੋ ਮੂੰਹੋਂ ਬੋਲੀਏ, ਉਹ ਪੂਰਾ ਹੋ ਜਾਂਦਾ ਹੈ।

ਸਨਿਆਸੀ ਬ੍ਰਹਮਚਾਰੀ ॥

ਸਨਿਆਸੀ ਸੰਨਿਆਸ ਨੂੰ ਬ੍ਰਹਮਚਾਰੀ ਬ੍ਰਹਮਚਰਜ ਨੂੰ ਹੀ ਪ੍ਰਮੇਸ਼ਰ ਦੀ ਪ੍ਰਾਪਤੀ ਦਾ ਸਾਧਨ ਸਮਝਦੇ ਹਨ। ਅਰਥਾਤ ਸੰਨਿਆਸੀ=ਸਾਰੀਆਂ ਆਸਾਂ ਤੋਂ ਸੁੰਨ ਹੋ ਜਾਣਾ। ਬ੍ਰਹਮਚਾਰੀ=ਜਤ ਰਖਣਾ, ਗ੍ਰਿਹਸਤ ਆਸ਼ਰਮ ਨੂੰ ਅੰਗੀਕਾਰ ਨਾ ਕਰਨਾ, ਬਲਕਿ 25 ਸਾਲ ਵਿਦਿਆ ਪੜ੍ਹਨ ਵਿਚ ਹੀ ਲਾ ਦੇਵੇ।

ਉਦਾਸੀ ਉਦਾਸਿ ਰਾਤਾ ॥ ੩ ॥

ਉਦਾਸੀ ਉਦਾਸਿ=ਉਪਰਾਮ ਰਹਿਣ ਵਿਚ ਹੀ ਰਾਤਾ=ਰੰਗੇ ਰਹਿੰਦੇ ਹਨ।

ਭਗਤਿ ਨਵੈ ਪਰਕਾਰਾ ॥

ਭਗਤਿ=ਭਗਤੀ ਕਰਨ ਵਾਲੇ ਰੱਬ ਦੇ ਪਿਆਰੇ ਨਵੈ=ਨੌਂ ਪ੍ਰਕਾਰਾ=ਤਰ੍ਹਾਂ ਦੇ ਕਹੇ ਹਨ।

ਨੌਂ ਪ੍ਰਕਾਰ ਦੇ ਭਗਤਾਂ ਦੀ ਗਿਣਤੀ ਇਸ ਪ੍ਰਕਾਰ ਹੈ – 1. ਗਿਆਨੀ 2. ਧਿਆਨੀ 3. ਮੋਨੀ 4. ਤਪਸੀ 5. ਸੰਨਿਆਸੀ 6. ਉਦਾਸੀ 7. ਜੋਗੀ 8. ਭਗਉਤੀ 9. ਬ੍ਰਹਮਚਾਰੀ।

ਪੰਡਿਤੁ ਵੇਦੁ ਪੁਕਾਰਾ ॥

ਪੰਡਿਤੁ=ਪੰਡਿਤ ਵੇਦਾਂ ਦੇ ਪੁਕਾਰਨ ਭਾਵ ਪੜ੍ਹਨ ਲੱਗੇ ਰਹਿੰਦੇ ਹਨ। ਜਿਵੇਂ ਯਾਗਵਲਕ ਰਿਖੀ ਵੇਦਾਂ ਦਾ ਹੀ ਪਾਠ ਕਰਦਾ ਰਹਿੰਦਾ ਸੀ। ਨਾਰਦ ਮੁਨੀ ਮਿਲੇ ਤਾਂ ਉਨ੍ਹਾਂ ਨੇ ਕਿਹਾ ਕਿ ਹੇ ਰਿਖੀ! ਕਿੰਨਾ ਚਿਰ ਵੇਦ ਪੜ੍ਹੀ ਜਾਵੇਗਾ। ਜਦੋਂ ਬੁੱਢਾ ਹੋ ਗਿਆ ਤਾਂ ਕਫ ਨਾਲ ਗਲਾ ਰੁਕ ਜਾਵੇਗਾ, ਉਦੋਂ ਕਿਵੇਂ ਪੜ੍ਹੇਂਗਾ? ਉਸ ਨੇ ਕਿਹਾ ਦਵਾਈਆਂ ਖਾ-ਖਾ ਕੇ ਫਿਰ ਵੀ ਕੰਠ ਸਾਫ਼ ਰੱਖਾਂਗਾ। ਇਉਂ ਯਾਗਵਲਕ ਰਿਖੀ ਦੇ ਮਨ ਵਿਚ ਪੜ੍ਹਨ ਦਾ ਖਿਆਲ ਸੀ ਕਿ ਮੈਂ ਵੇਦਾਂ ਦਾ ਪਾਠ ਹੀ ਕਰਦਾ ਰਹਾਂ। ਇਉਂ ਪੰਡਿਤ ਵੇਦਾਂ ਦੇ ਪੁਕਾਰਨ ਵਿਚ ਲੱਗੇ ਰਹਿੰਦੇ ਹਨ।

ਗਿਰਸਤੀ ਗਿਰਸਤਿ ਧਰਮਾਤਾ ॥ ੪ ॥

ਗਿਰਸਤੀ=ਘਰਾਂ ਵਿਚ ਰਹਿਣ ਵਾਲੇ ਗਿਰਸਤਿ=ਗ੍ਰਿਹਸਤਪੁਣੇ ਦੇ ਧਰਮਾਤਾ=ਧਰਮ ਨੂੰ ਹੀ ਵੱਡਾ ਮੰਨੀ ਬੈਠੇ ਹਨ ਕਿ ਅਸੀਂ ਸਾਰਿਆਂ ਤੋਂ ਵੱਡੇ ਹਾਂ। ਸਾਡੇ ਵਰਗਾ ਕੋਈ ਨਹੀਂ ਹੈ।

ਇਕ ਸਬਦੀ ਬਹੁ ਰੂਪਿ ਅਵਧੂਤਾ ॥

ਇਕ ਸਬਦੀ=ਬ੍ਰਹਮ ਦਾ ਇਕ ਅਲੱਖ ਹੋ ਅੱਖਰ ਨਾਲ ਉਚਾਰਨ ਕਰਕੇ ਭਿੱਖਸ਼ਾ ਮੰਗਣੀ, ਉਹ ਇਕ ਸ਼ਬਦੀ ਭੇਖ ਹੈ। ਦੂਸਰਾ ਇਕ ਵਾਰੀ ਅਲੱਖ ਹੈ, ਕਹਿ ਕੇ ਭੀਖ ਮੰਗਣੀ ਜੋ ਘਰ ਵਾਲਿਆਂ ਨੇ ਇਕ ਸ਼ਬਦ ਸੁਣ ਕੇ ਭਿਖਿਆ ਨਹੀਂ ਪਾਈ ਤਾਂ ਦੂਸਰੀ ਵਾਰੀ ਅਲੱਖ ਹੋ ਸ਼ਬਦ ਬੋਲਦੇ ਨਹੀਂ ਸੀ। ਇਸ ਕਰਕੇ ਵੀ ਇਹਨਾਂ ਦੀ ਇਕ ਸ਼ਬਦੀ ਸੰਗਿਆ ਹੈ। ਦੂਜੇ ਇਕ ਸ਼ਬਦੀ=ਵਿਆਕਰਨੀਏ ਜਿਨ੍ਹਾਂ ਦਾ ਇਹ ਮੱਤ ਹੈ ਕਿ ਸ਼ਬਦ ਦੀ ਸ਼ੁੱਧੀ-ਅਸ਼ੁੱਧੀ ਬਿਨਾਂ ਗਿਆਨ ਨਹੀਂ ਹੁੰਦਾ, ਉਹ ਵਿਆਕਰਨ ਵਿਚ ਹੀ ਫਸੇ ਹੋਏ

ਹਨ। ਤੀਜੇ ਇਕ ਸਬਦੀ=ਵੇਦਾਂਤੀ ਜਨ ਹਨ, ਜਿਨ੍ਹਾਂ ਦਾ ਮੱਤ ਵੇਦਾਂਤਵਾਕ ਦਾ ਸਬੰਧ ਸਰਵਣਾਂ ਦੇ ਨਾਲ ਹੋਣ ਤੋਂ ਉਸ ਵੇਲੇ ਪੁਰਸ਼ ਨੂੰ ਗਿਆਨ ਹੋ ਜਾਂਦਾ ਹੈ। ਵੇਦਾਂਤਵਾਕ ਦੇ ਸਰਵਣ ਨੂੰ ਹੀ ਮੁਕਤੀ ਦਾ ਸਾਧਨ ਮੰਨਦੇ ਹਨ। ਇਉਂ ਇਕ ਸਬਦੀ=ਵਿਆਕਰਨੀਏ ਅਤੇ ਵੇਦਾਂਤੀ ਲੋਕ ਹਨ। ਇਸ ਤੋਂ ਇਲਾਵਾ ਬਹੁ ਰੂਪਿ=ਬਹੁਰੂਪੀਏ ਭਾਵ ਵੱਖਰੇ-ਵੱਖਰੇ ਰੂਪ ਬਣਾਉਣ ਵਾਲੇ ਅਵਧੂਤਾ=ਨਗਨ ਰਹਿਣ ਵਾਲੇ ਜੋ ਕਪੀਨ ਤੱਕ ਵੀ ਨਹੀਂ ਰੱਖਦੇ, ਸੰਖੀਏ ਆਦਿ ਖਾ ਕੇ ਠੰਢ ਆਦਿ ਤੋਂ ਬਚਦੇ ਹਨ। ਇਸ ਤਰ੍ਹਾਂ ਬਹੁਤੇ ਰੂਪ ਬਣਾਉਣ ਵਾਲੇ ਅਤੇ ਨਗਰਪੁਣੇ ਵਿਚ ਭਾਵ ਅਵਧੂਤਪੁਣੇ ਵਿਚ ਮਸਤ ਹੋਏ ਬੈਠੇ ਹਨ।

ਕਾਪੜੀ ਕਉਤੇ ਜਾਗੂਤਾ ॥

ਕਾਪੜੀ=ਇਹ ਕਾਪੜੀਆ ਭੇਖ ਹੈ। ਇਹ ਸਾਰੇ ਸਰੀਰ ਉੱਤੇ ਕੱਪੜੇ ਪਹਿਨਦੇ ਅਤੇ ਇਸ ਤੋਂ ਇਲਾਵਾ ਪੈਰਾਂ ਵਿਚ ਜੁਰਾਬਾਂ, ਹੱਥਾਂ ਵਿਚ ਦਸਤਾਨੇ, ਅੱਖਾਂ ਅੱਗੇ ਗੁਬਾਰੇ ਆਦਿ ਭਾਵ ਸਾਰੇ ਸਰੀਰ ਨੂੰ ਕੱਪੜਿਆਂ ਨਾਲ ਢੱਕ ਕੇ ਰਖਦੇ ਹਨ। ਕਾਪੜੀ ਭੇਖ ਵਾਲੇ ਆਪਣੇ ਭੇਖ ਵਿਚ ਹੀ ਪ੍ਰਾਪਤੀ ਦਾ ਸਾਧਨ ਮੰਨਦੇ ਹਨ। ਕਉਤੇ=ਗਵੱਈਏ ਜਾਂ ਕਵਿਤਾ ਬਣਾਉਣ ਵਾਲੇ ਭਾਵ ਕਲਉਤ। ਕਈ ਕਲਉਤ ਕਹਿੰਦੇ ਹਨ ਕਿ ਸਾਡੇ ਵਰਗੀ ਆਵਾਜ਼ ਕਿਸੇ ਦੀ ਨਹੀਂ ਹੈ। ਕਲਉਤਾਂ ਦੇ ਬੱਚੇ ਆਪਣੇ ਆਪ ਨੂੰ ਮੁਕਤ ਸਮਝਦੇ ਹਨ। ਜਾਗੂਤਾ=ਜਾਗਰਾ ਭਾਵ ਜਗਰਾਤਾ। ਕਈ ਰਾਤ ਨੂੰ ਜਗਰਾਤਾ ਕਰਨ ਨੂੰ ਹੀ ਪ੍ਰਾਪਤੀ ਦਾ ਸਾਧਨ ਮੰਨੀ ਬੈਠੇ ਹਨ ਕਿ ਅਸੀਂ ਜਾਗ ਕੇ ਹੀ ਮੁਕਤ ਹੋ ਜਾਵਾਂਗੇ। ਅਗਰ ਜਾਗਣਾ ਹੀ ਮੁਕਤੀ ਦਾ ਹਿਤੂ ਹੈ ਤਾਂ ਚੋਰ ਅਤੇ ਯਾਰ ਬਹੁਤ ਜਾਗਦੇ ਹਨ। ਅਸਲੀਅਤ ਇਹ ਹੈ ਕਿ ਭਜਨ ਤੋਂ ਬਿਨਾਂ ਮੁਕਤੀ ਨਹੀਂ ਹੋਵੇਗੀ।

ਇਕਿ ਤੀਰਥਿ ਨਾਤਾ ॥ ੫ ॥

ਇਕ ਤੀਰਥਿ ਨਾਤਾ=ਇਸ਼ਨਾਨ ਕਰਨ ਨੂੰ ਹੀ ਪਵਿੱਤਰ ਸਮਝਦੇ ਹਨ, ਜੇਕਰ ਤੀਰਥਾਂ 'ਤੇ ਨਹਾਉਣ ਨਾਲ ਪਵਿੱਤਰਤਾ ਮਿਲਦੀ ਹੋਵੇ ਤਾਂ ਫਿਰ ਤਾਂ ਡੱਡਾਂ ਵੀ ਮੁਕਤ ਹਨ ਜੋ ਜਲ ਵਿਚ ਹੀ ਰਹਿੰਦੀਆਂ ਹਨ, ਪਰੰਤੂ ਮਨ ਦੀ ਸਫਾਈ ਤੋਂ ਬਿਨਾਂ ਮੁਕਤੀ ਨਹੀਂ ਹੋ ਸਕਦੀ।

ਨਿਰਹਾਰ ਵਰਤੀ ਆਪਰਸਾ ॥

ਨਿਰਹਾਰ=ਅਹਾਰ ਭਾਵ ਬਿਨਾਂ ਅੰਨ ਤੋਂ ਰਹਿਣ ਵਾਲੇ। ਵਰਤੀ=ਵਰਤ ਰੱਖਣ ਵਾਲੇ, ਜੋ ਇਕਾਦਸ਼ੀ ਦੇ 24-24 ਵਰਤ ਰੱਖਦੇ ਹਨ। ਆਪਰਸਾ=ਸਪਰਸ਼ ਨਾ ਕਰਨਾ। ਇਸ ਤਰ੍ਹਾਂ ਬਾਣਪ੍ਰਸਤੀ ਉਜਾੜਾਂ ਵਿਚ ਰਹਿੰਦੇ ਹਨ ਕਿ ਸਾਡੇ ਉਤੇ ਕਿਸੇ ਦਾ ਪਰਛਾਵਾਂ ਵੀ ਨਾ ਪੈ ਜਾਵੇ।

ਇਕਿ ਲੂਕਿ ਨ ਦੇਵਹਿ ਦਰਸਾ ॥

ਇਕ ਭੋਰਿਆਂ ਅਤੇ ਗੁਫ਼ਾਵਾਂ ਵਿਚ ਲੂਕਿ=ਛਿਪ ਕੇ ਰਹਿੰਦੇ ਹਨ। ਕਿਸੇ ਨੂੰ ਵੀ ਦਰਸਾ=ਦਰਸ਼ਨ ਨ=ਨਹੀਂ ਦੇਣਾ ਚਾਹੁੰਦੇ। ਪਰੰਤੂ ਮਗਰੋਂ ਪੂਜਾ ਕਰਵਾਉਣ ਵੇਲੇ ਬਾਹਰ ਬੈਠ ਜਾਂਦੇ ਹਨ। ਜਿਵੇਂ ਕਿ ਸਹੁ ਸੁਹਾਗਣ, ਜੋ ਕਿ ਉਹ ਵੀ ਐਸਾ ਹੀ ਪਾਖੰਡ ਰਚਦਾ ਸੀ, ਜਿਸ ਦੇ ਪਾਖੰਡ ਦੇ ਪਾਜ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਧੇੜਨਾ ਕੀਤਾ ਅਤੇ ਜਾਣੂ ਕਰਵਾਇਆ ਕਿ ਇਨ੍ਹਾਂ ਸਾਧਨਾਂ ਨਾਲ ਮੁਕਤੀ ਨਹੀਂ ਹੋਣੀ।

ਇਕਿ ਮਨ ਹੀ ਗਿਆਤਾ ॥ ੬ ॥

ਇਕ ਮਨ ਵਿਚ ਹੀ ਗਿਆਤਾ=ਗਿਆਨਵਾਨ ਬਣੇ ਬੈਠੇ ਹਨ। ਉਹ ਕਹਿੰਦੇ ਹਨ ਕਿ ਅਸੀਂ ਕਥਾ ਦਾ ਸਾਰਾ ਸਿਧਾਂਤ ਸਮਝ ਲਿਆ ਹੈ। ਇਉਂ ਮਨ ਦੇ ਗਿਆਤੇ ਬਣੇ ਬੈਠੇ ਹਨ।

ਘਾਟਿ ਨ ਕਿਨ ਹੀ ਕਹਾਇਆ ॥

ਹੇ ਸਤਿਗੁਰੂ ਜੀ! ਉਪਰੋਕਤ ਕਥਨ ਕੀਤੇ ਹੋਇਆਂ ਵਿਚੋਂ ਕਿਨਹੀ=ਕਿਸੇ ਨੇ ਵੀ ਆਪਣੇ ਆਪ ਨੂੰ ਘਾਟਿ=ਘੱਟ ਨ=ਨਹੀਂ ਕਹਾਇਆ।

ਸਭ ਕਹਤੇ ਹੈ ਪਾਇਆ ॥

ਸਭ=ਸਾਰੇ ਕਹਤੇ=ਆਖਦੇ ਹਨ ਕਿ ਅਸੀਂ ਬ੍ਰਹਮ ਨੂੰ ਪਾ ਲਿਆ ਹੈ। ਜਿਵੇਂ ਪਟਨਾ ਸਾਹਿਬ ਕਿਸੇ ਨੇ ਅੰਨ ਛੱਡ ਦਿਤਾ। ਉਸ ਨੂੰ ਪੁੱਛਿਆ ਕਿ ਅੰਨ ਛੱਡਣ ਦਾ ਕੀ ਕਾਰਨ ਹੈ? ਉਹ ਕਹਿਣ ਲੱਗਿਆ ਕਿ ਮੈਂ ਪਰਮੇਸ਼ਰ ਨੂੰ ਪਾ ਕੇ ਅੰਨ ਛੱਡਿਆ ਹੈ। ਇਹੋ ਜਿਹੇ ਬਚਨ ਪਾਖੰਡ ਰੂਪ ਹਨ। ਜਿਹੜੇ ਇਸ ਤਰ੍ਹਾਂ ਦੇ ਬਚਨ ਕਹਿੰਦੇ ਹਨ ਕਿ ਅਸੀਂ ਪਰਮੇਸ਼ਰ ਨੂੰ ਪਾ ਲਿਆ ਹੈ, ਉਹਨਾਂ ਦਾ ਕਹਿਣਾ ਝੂਠਾ ਹੈ। ਪਰਮੇਸ਼ਰ

ਨੂੰ ਪਾਉਣ ਵਾਲਾ ਐਸਾ ਨਹੀਂ ਕਹਿੰਦਾ ਬਲਕਿ ਗੁਪਤ ਰੱਖਦਾ ਹੈ।

ਜਿਸੁ ਮੇਲੇ ਸੋ ਭਗਤਾ ॥੭॥

ਜਿਸ ਨੂੰ ਪ੍ਰਮੇਸ਼ਰ ਗੁਰਾਂ ਦੁਆਰਾ ਆਪਣੇ ਨਾਲ ਮੇਲੇ=ਮੇਲ ਲਵੇ। ਸੋ=ਉਹੋ ਹੀ ਪਰਮੇਸ਼ਰ ਨੂੰ ਪਾਉਣ ਵਾਲਾ ਅਸਲੀ ਭਗਤਾ=ਭਗਤ ਹੈ।

ਸਗਲ ਉਕਤਿ ਉਪਾਵਾ ॥

ਜਿਹੜੀਆਂ ਸਗਲ=ਸਾਰੀਆਂ ਕਥਨ ਦੀਆਂ ਉਕਤਿ=ਜੁਗਤੀਆਂ ਅਤੇ ਸਾਧਨਾਂ ਦੇ ਉਪਾਵਾ, ਯਤਨ ਹਨ, ਉਹ ਸਭ ਚਤੁਰਾਈਆਂ ਹਨ। ਹੇ ਸਤਿਗੁਰੂ ਜੀ! ਮੈਂ ਪਰਮੇਸ਼ਰ ਦੀ ਪ੍ਰਾਪਤੀ ਲਈ ਕਿਹੜਾ ਯਤਨ ਕਰਾਂ?

ਤਿਆਗੀ ਸਰਨਿ ਪਾਵਾ ॥

ਹੇ ਭਾਈ! ਜੋ ਮਾਇਆ ਦੇ ਤਿਆਗੀ, ਹੰਗਤਾ ਦੇ ਤਿਆਗੀ, ਨਿਰਬਿਕਾਰ ਬ੍ਰਹਮਨੇਸਟੀ, ਬ੍ਰਹਮਸਰੋਤਰੀ, ਬ੍ਰਹਮ ਸਰੂਪ ਸਤਿਗੁਰੂ ਸੱਚੇ ਪਾਤਸ਼ਾਹ ਹਨ, ਐਸੇ ਗੁਰੂ ਦੀ ਸ਼ਰਨ ਪਾਵਾ=ਪੈਣਾ ਕਰ, ਜਿਥੇ ਜਾ ਕੇ ਮਾਇਆ ਅਤੇ ਹੰਗਤਾ ਦਾ ਤਿਆਗ ਹੋ ਜਾਂਦਾ ਹੈ।

ਨਾਨਕੁ ਗੁਰ ਚਰਣਿ ਪਰਾਤਾ ॥੮॥੨॥੨੭॥

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਇਉਂ ਹੇ ਭਾਈ! ਉਸ ਵਾਹਿਗੁਰੂ ਦੀ ਪ੍ਰਾਪਤੀ ਲਈ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਦੇ ਚਰਨਾਂ ਨੂੰ ਪਰਾਤਾ=ਪ੍ਰਾਪਤ ਕਰ। ਜਿਸ ਨਾਲ ਪਰ=ਵਿਸ਼ੇਸ਼ ਕਰਕੇ ਰਾਤਾ=ਤਦਾਕਾਰ ਭਾਵ ਜੁੜਨਾ ਕਰ, ਇਹੋ ਹੀ ਉਸ ਦੀ ਪ੍ਰਾਪਤੀ ਦਾ ਸ੍ਰੇਸ਼ਟ ਯਤਨ ਹੈ। ਇਸ ਤੋਂ ਬਿਨਾਂ ਪਰਮੇਸ਼ਰ ਦੇ ਮਿਲਣ ਦਾ ਹੋਰ ਕੋਈ ਉਪਾਅ ਨਹੀਂ। ਗੁਰੂ ਸਾਹਿਬ ਜੀ ਕਥਨ ਕਰਦੇ ਹਨ ਕਿ ਹੇ ਸਿੱਖਾ! ਅਸੀਂ ਇਸ ਤਰੀਕੇ ਨਾਲ ਗੁਰੂ ਦੇ ਚਰਨਾਂ ਵਿਚ ਵਾਹਿਗੁਰੂ ਨੂੰ ਪਰਾਤਾ=ਪ੍ਰਾਪਤ ਕੀਤਾ ਹੈ ਅਤੇ ਇਸੇ ਤਰੀਕੇ ਨਾਲ ਤੂੰ ਵੀ ਗੁਰੂ ਸਾਹਿਬ ਦੇ ਚਰਨਾਂ ਦੁਆਰਾ ਵਾਹਿਗੁਰੂ ਪਰਮੇਸ਼ਰ ਨੂੰ ਪਰਾਤਾ=ਪ੍ਰਾਪਤ ਕਰ।

*'ਚਲਦਾ........।'*

*(ਪੰਨਾ 39 ਦੀ ਬਾਕੀ)*

ਜਦੋਂ ਗੁਰੂ ਤੋਂ ਦਿਬਯ ਦ੍ਰਿਸ਼ਟੀ ਮਿਲ ਜਾਂਦੀ ਹੈ ਤਾਂ ਮਨੁੱਖ ਹਰ ਪਾਸੇ ਬ੍ਰਹਮੁ ਪਸਾਰਾ ਹੀ ਵੇਖਦਾ ਸੁਣਦਾ ਹੈ –

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ- ੮੪੬*

ਜਿਵੇਂ ਹਰ ਵਸਤੂ ਵਿਚ ਆਕਾਸ਼ ਹੈ ਅਤੇ ਹਰ ਵਸਤੂ ਆਕਾਸ਼ ਵਿਚ ਹੈ, ਇਸੇ ਤਰ੍ਹਾਂ ਪ੍ਰਮਾਤਮਾ ਵੀ ਸੰਪੂਰਨ ਜਗਤ ਵਿਚ ਵਿਆਪਕ ਹੈ ਅਤੇ ਕੋਈ ਵਸਤੂ ਇਹੋ ਜਿਹੀ ਨਹੀਂ ਜਿਸ ਵਿਚ ਪ੍ਰਮਾਤਮਾ ਨਾ ਹੋਵੇ ਅਤੇ ਜੋ ਪ੍ਰਮਾਤਮਾ ਵਿਚ ਨਾ ਹੋਵੇ। ਸਭ ਵਿਚ ਉਸ ਦੀ ਜੋਤਿ ਵਿਦਮਾਨ ਹੋ ਕੇ ਚਾਨਣ ਬਖਸ਼ ਰਹੀ ਹੈ–

*ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ*
*ਅਕਲ ਕਲਾ ਭਰਪੂਰਿ ਰਹਿਆ ॥ ਅੰਗ- ੪੬੯*

ਐਸਾ ਵਿਸ਼ਵਾਸ਼ ਰੱਖਣ ਵਾਲਾ ਮਨੁੱਖ ਪ੍ਰਭੂ ਪਿਆਰ ਦੇ ਅਥਾਹ ਸਾਗਰ ਵਿਚ ਅਨੰਦ ਮਾਣਦਾ ਹੈ ਅਤੇ ਪਿਆਰ ਨੂੰ ਹੀ ਪ੍ਰਭੂ ਪ੍ਰਾਪਤੀ ਦਾ ਵਸੀਲਾ ਸਮਝਦਾ ਹੈ।

*ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ*
*ਤਿਨ ਹੀ ਪ੍ਰਭ ਪਾਇਓ॥ ਪਾਤਸ਼ਾਹੀ ੧੦*

ਇਕ ਪ੍ਰਮਾਤਮਾ ਦੇ ਪਿਆਰ ਵਿਚ ਵਿਚਰਦਾ ਮਨੁੱਖੀ ਭਾਈਚਾਰਾ ਸਾਰੇ ਬ੍ਰਹਿਮੰਡ ਦੇ ਜੀਵਾਂ ਨੂੰ ਸਰਬ ਸਾਂਝੀਵਾਲਤਾ ਦੇ ਪਿਆਰ ਵਿਚ ਬੱਝਾ ਵੇਖਦਾ ਹੈ, ਉਹ ਦੇਸ਼ਾਂ, ਬੋਲੀਆਂ ਰੰਗਾਂ ਰੂਪਾਂ ਦੀਆਂ ਵੰਡਾਂ ਨੂੰ ਗ਼ੈਰ–ਕੁਦਰਤੀ ਤੇ ਮਸਨੂਈ ਸਮਝਦਾ ਹੈ। ਨਿਯੰਤਰਣ ਅਤੇ ਉਨਤੀ ਪੱਖੋਂ ਵੱਖ–ਵੱਖ ਦੇਸ਼ਾਂ ਦੀਆਂ ਹੱਦਬੰਦੀਆਂ ਆਵਸ਼ਕ ਹਨ ਪਰ ਵੱਖ–ਵੱਖ ਮੁਲਕਾਂ, ਮਜ਼ਹਬਾਂ, ਭਾਈਚਾਰੀਆਂ ਦੇ ਆਪਸੀ ਵੈਰ–ਵਿਰੋਧ, ਲੜਾਈਆਂ–ਝਗੜੇ, ਗੈਰ–ਕੁਦਰਤੀ ਅਤੇ ਰੱਬੀ ਹੁਕਮ ਦੇ ਵਿਰੁੱਧ ਹਨ। ਗੁਰਬਾਣੀ ਦਾ ਇਹ ਆਦੇਸ਼ ਸਾਰੇ ਦੇਸ਼ਾਂ ਲਈ, ਸਰਬ ਮਨੁੱਖਤਾ ਲਈ ਹੈ –

*ਸਭੇ ਸਾਝੀਵਾਲ ਸਦਾਇਨਿ*
*ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ ਅੰਗ- ੯੭*

ਏਸੇ ਆਦਰਸ਼ ਦੀ ਪੂਰਤੀ ਹਿਤ ਹਰ ਸਿੱਖ ਦਿਨ ਵਿਚ ਘੱਟੋ ਘੱਟ ਦੋ ਵਾਰੀ ਸਰਬ ਮਨੁੱਖਤਾ ਦੇ ਭਲੇ ਲਈ ਅਰਦਾਸ ਕਰਦਾ ਮੰਗ ਕਰਦਾ ਹੈ –

*ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥*

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਜੂਨ ਅੰਕ, ਪੰਨਾ-52)*

### ਗੋਸ਼ਟੀ ਸ਼ੇਖ ਬ੍ਰਾਹਮ-ਦੂਜੀ

ਸਮਾਂ ਟੁਰੀ ਗਿਆ, ਟੁਰੀ ਰਹੀ ਪੌਣ ਜਗਤ ਨੂੰ ਠਾਰਦੀ ਤੇ ਟੁਰੇ ਰਹੇ ਬੱਦਲ ਜਗਤ ਨੂੰ ਵਰਸਾਉਂਦੇ ਜਲ ਦੇਂਦੇ ਤੇ ਅੰਨ ਫਲ ਉਪਜਾਉਂਦੇ, ਤਿਵੇਂ ਟੁਰਿਆ ਰਿਹਾ ਗੁਰੂ ਬਾਬਾ ਜਗਤ ਜਲੰਦੇ ਨੂੰ ਠੰਢਾ ਪਾਉਂਦਾ, ਨਾਮ ਦਾਨ ਦੇਂਦਾ ਤੇ ਮੋਏ ਜੀਵਾਲਦਾ। ਏਸ ਤਰ੍ਹਾਂ ਰੱਬੀ ਰੌ ਵਿਚ ਰਮਦੇ ਫੇਰ ਦੇਸ਼ ਨੂੰ ਆਏ, ਘਰ ਪਹੁੰਚੇ, ਪਰ ਠਹਿਰੇ ਨਹੀਂ, ਦੇਸ਼ ਵਿਚ ਪਰਦੇਸ਼ਾਂ, ਵਾਂਗੂੰ ਖੁਨਕੀਆਂ ਬਖਸ਼ਦੇ ਫਿਰ ਨਿਕਲੇ। ਝਨਾਂ ਦੇ ਕਿਨਾਰੇ ਫਿਰੇ, ਫੇਰ ਰਾਵੀ ਵੰਨੇ ਆਏ ਤੇ ਫੇਰ ਪਾਕਪਟਨ ਦੇ ਲਾਗੇ ਆ ਨਿਕਲੇ। ਪਟਨ ਤੋਂ ਬਾਹਰ ਉਜਾੜ ਵਿਚ ਆ ਡੇਰੇ ਲਾਏ।

ਸਮੇਂ ਦੇ ਫੇਰ ਦੇਖੋ। ਇਹ ਪਾਕਪਟਨ ਕਦੇ ਹਿੰਦੂ ਟਿਕਾਣਾ ਤੇ ਤੀਰਥ ਵਾਂਗ ਰਿਖੀਆਂ ਦਾ ਟਿਕਾਣਾ ਸੀ, ਫੇਰ ਬੁਧ ਟਿਕਾਣਾ ਰਿਹਾ। ਇਸ ਦਾ ਨਾਮ ਉਸ ਪੁਰਾਤਨ ਸਮੇਂ ਅਜੋਧਨ ਸੀ। 1231 ਸੰਮਤ ਦੇ ਲੱਗਭੱਗ ਪਹਿਲੇ ਫਰੀਦ ਜੀ ਜਨਮੇਂ ਤੇ ਇਨ੍ਹਾਂ ਨੇ ਅਜੋਧਨ ਨੂੰ ਆਪਣਾ ਟਿਕਾਣਾ ਬਣਾਇਆ। ਇਨ੍ਹਾਂ ਦੇ ਮੁਰੀਦਾਂ ਨੇ ਇਸ ਦਾ ਨਾਉਂ 'ਪਾਕ ਪੱਤਣ' ਸੱਦਣਾ ਸ਼ੁਰੂ ਕੀਤਾ, ਜੋ ਪਾਕਪਟਣ ਹੋ ਕੇ ਪ੍ਰਸਿੱਧ ਹੋ ਗਿਆ। ਇਨ੍ਹਾਂ ਦੀ ਗੱਦੀ ਤੇ ਯਾਰ੍ਹਵੇਂ ਬਾਰ੍ਹਵੇਂ ਥਾਂ ਸੇਖ ਇਬ੍ਰਾਹੀਮ ਅਥਵਾ ਸ਼ੇਖ ਬ੍ਰਾਹਮ-ਜਿਨ੍ਹਾਂ ਨੂੰ ਫਰੀਦ ਸਾਨੀ, ਫਰੀਦ ਸਾਲਸ ਤੇ ਬਲ ਰਾਜਾ ਆਦਿ ਬੀ ਸੱਦਦੇ ਹਨ-ਹੋਏ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਇਹ ਸ਼ੇਖ ਬ੍ਰਾਹਮ ਜੀ ਹੋਏ ਹਨ। ਸ਼ੇਖ ਫਰੀਦ ਜੀ ਦੇ ਸਲੋਕ ਤੇ ਹੋਰ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ।

ਜਦੋਂ ਸ੍ਰੀ ਗੁਰੂ ਜੀ ਪਟਨ ਤੋਂ ਬਾਹਰ ਦੋ ਤ੍ਰੈ ਕੋਹ ਦੀ ਵਿੱਥ ਤੇ ਆ ਬੈਠੇ ਤੇ ਜੰਗਲ ਨੂੰ ਭਾਗ ਲਾ ਦਿਤਾ ਤਾਂ ਉਥੇ ਹੀ ਕੀਰਤਨ ਦਾ ਰੰਗ ਲਗ ਗਿਆ। ਇਕ ਦਿਨ ਸਵੇਰੇ ਸਾਰ ਕੀਰਤਨ ਹੋ ਰਿਹਾ ਸੀ ਕਿ ਦਿਨ ਚੜ੍ਹ ਪਿਆ। ਇਸ ਵੇਲੇ ਸ਼ੇਖ ਦਾ ਇਕ ਮੁਰੀਦ, ਕਮਾਲ ਜਿਸ ਦਾ ਨਾਉਂ ਸੀ, ਉਸ ਬਨ ਵਿਚ ਪੀਰ ਦੇ ਘਰ ਲਈ ਲੱਕੜੀਆਂ ਕੱਠੀਆਂ ਕਰ ਰਿਹਾ ਸੀ। ਕੀਰਤਨ ਦੀ ਮਿੱਠੀ ਅਵਾਜ਼ ਸੁਣ ਕੇ ਸੁਆਦ ਦਾ ਬੱਧਾ ਉਧਰ ਨੂੰ ਗਿਆ ਤਾਂ ਮਰਦਾਨਾ ਉਸ ਵੇਲੇ ਇਹ ਸਲੋਕ ਦੇ ਰਿਹਾ ਸੀ -

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥*

*ਅੰਗ- ੧੨੯੧*

ਇਸ ਸਲੋਕ ਦੀ ਸੱਦ ਨੇ ਉਸ ਨੂੰ ਸੁਆਦ ਮਗਨ ਕਰ ਦਿਤਾ, ਫੇਰ ਦਿਲ ਕੀਤਾ ਜੋ ਅਰਥ ਬੀ ਚੰਗੀ ਤਰ੍ਹਾਂ ਸਮਝਾਂ। ਤਾਂ ਅੱਗੇ ਹੋ ਕੇ ਅਰਜ਼ ਕੀਤੀ ਓਸੁ ਕਿ ਜੁਨਾਬ ਆਗਿਆ ਦਿਓ ਜੋ ਇਹ ਬੈਂਤ ਇਹ ਰਬਾਬੀ ਫੇਰ ਉਚਾਰੇ। ਤਾਂ ਹੁਕਮ ਹੋਇਆ, ਮਰਦਾਨਿਆਂ! ਸਲੋਕ ਫੇਰ ਦੇਹ। ਮਰਦਾਨੇ ਫੇਰ ਦੋ ਚਾਰ ਵੇਰੀ ਸਲੋਕ ਗਾਵਿਆ ਤਾਂ ਕਮਾਲ ਨੇ ਕੰਠ ਕਰ ਲਿਆ। ਫੇਰ ਚੁਣੀਆਂ ਲੱਕੜਾਂ ਬੰਨ੍ਹ ਕੇ ਸਿਰ 'ਤੇ ਚੁਕ ਕੇ ਪੀਰ ਦੇ ਡੇਰੇ ਆ ਗਿਆ। ਲੱਕੜਾਂ ਸੁੱਟ ਕੇ ਜਾ ਸਲਾਮ ਕੀਤੀਓਸੁ ਤੇ ਆਖਿਓਸੁ - ਪੀਰ ਸਲਾਮਤ! ਅਜ ਇਕ ਖੁਦਾ ਦਾ ਪਿਆਰਾ ਡਿੱਠਾ ਹੈ, ਪਰ ਉਹ ਇਕ ਖੁਦਾ ਆਖਦਾ ਹੈ। ਉਹ ਦੋ ਨਹੀਂ ਆਖਦਾ ਖੁਦਾ ਤੇ ਰਸੂਲ। ਇੱਕੋ ਖੁਦਾ ਦਸੇਂਦਾ ਏ। ਤਾਂ ਪੀਰ ਆਖਿਆ, ਕੁਛ ਸੁਣਿਓ ਸੋ ਸੁਣਾ। ਉਸ ਫੇਰ ਉਹ ਸਲੋਕ, ਜੋ ਕੰਠ ਕਰ ਆਇਆ ਸੀ, ਸੁਣਾ ਦਿਤਾ। 'ਨਾਨਕ' ਨਾਮ ਸੁਣ ਕੇ ਝਰਨਾਟ ਛਿੜੀ। ਉਹੋ ਨਾਨਕ ਰਸੀਆ ਤੇ ਤਪੀਆ ਤੇ ਵੈਰਾਗੀ ਤੇ ਰੰਗ ਰੱਤੜਾ ਨਾਨਕ, ਜਿਨ ਰਸ ਕਣੀ ਦਿਖਾਈ ਸੀ ਤੇ ਤਪਾਂ ਤੋਂ ਛੁਡਾਇਆ ਸੀ। ਸ਼ੇਖ ਦੇ ਦਿਲ ਕਈ ਭਾਵ ਲੰਘੇ ਪਰ ਸੀ ਮੁਸਲਮਾਨ। ਸ਼ਰਅ ਦਾ ਡਰ ਤੇ ਸ਼ਰਈਆਂ ਦਾ ਡਰ ਸਿਰ 'ਤੇ ਸੀ ਤੇ ਗੱਦੀ ਨਸ਼ੀਨੀ ਦਾ ਮਾਣ ਹਰ ਵੇਲੇ ਪ੍ਰਾਪਤ ਸੀ। ਇਉਂ ਅੰਦਰਲੇ ਦੇ ਨਿਰੋਲ ਸੱਚ ਅੱਗੇ ਕਈ ਕਸ਼ਾਂ ਵਹਿ ਵਹਿ ਜਾਂਦੀਆਂ ਸਨ। ਸੋ ਪਿਆਰ ਉਮਾਹ ਉਠ ਕੇ ਕੁਝ ਸੋਚ ਬੀ ਫੁਰੇ। ਫੇਰ ਕਹਿਣ ਲੱਗਾ, ਬੱਚਾ! ਤੂੰ ਸਹੀ ਕੀਤਾ ਕਿ ਨਾਨਕ ਆਪ ਸੀ? ਓਸ ਕਿਹਾ, ਜੀ ਕੋਈ ਖਿੱਚੀ ਸੀ ਤੇ ਕੋਈ ਸੁਆਂ ਸੀ, ਕਿਵੇਂ

ਜਾਣਾ ਕੌਣ ਸੀ। ਤਦ ਸ਼ੇਖ ਸਮਝਿਆ ਕਿ ਆਪ ਹੀ ਹੈਨ। ਫੇਰ ਕਹਿਣ ਲੱਗਿਆ - ਬੱਚਾ! ਬੈਂਤ ਦੇ ਮਾਨੇ ਸਮਝਿਓਂ? ਤਾਂ ਓਸ ਕਿਹਾ ਤੁਧ ਨੂੰ ਸਭ ਕੁਛ ਰੌਸ਼ਨ ਹੈ। ਹੂੰ ਕਹਿ ਕੇ ਪੀਰ ਨੇ ਕਿਹਾ, ਬੱਚਾ ਜਿਨ੍ਹਾਂ ਦਾ ਆਖਿਆ ਇਹੁ ਬੈਂਤ ਹੈ, ਤਿਸਦੇ ਦੀਦਾਰੁ ਦੇਖਾ ਹੈ, ਓਹੁ ਖੁਦਾਇ ਦਾ ਫ਼ਕੀਰੁ ਹੈ। ਮੈਨੂੰ ਭੀ ਲੈ ਚਲੁ। ਓਸਿ ਤਾਂ ਖੁਦਾਇ ਦੀਆਂ ਗੱਲਾਂ ਕਰੀਆਂ ਹਨ।

ਫਿਰ ਸੇਖ ਕਮਾਲ ਨੂੰ ਨਾਲ ਲੈ ਕੇ ਸੁਖ ਆਸਨ ਚੜ੍ਹ ਕੇ ਕੋਹ ਦੋ ਕੋਹਾਂ ਤੇ ਪੁੱਜਾ ਤੇ ਗੁਰੂ ਕੇ ਪਾਸ ਖੜੇ ਕੇ ਸਲਾਮ ਕੀਤੀ। ਗੁਰੂ ਬਾਬੇ ਨੇ ਉੱਠ ਕੇ ਪਿਆਰ ਕੀਤਾ ਤੇ ਪਾਸ ਬਹਾਲਿਆ। ਸੁਖ ਸਾਂਦ ਪੁੱਛੀ ਫੇਰ ਆਪੋ ਵਿਚ ਵਾਰਤਾਲਾਪ ਤੁਰ ਪਈ।

ਪੀਰ-ਕਮਾਲ ਨੇ ਮੈਨੂੰ ਅੱਜ ਆਪ ਦਾ ਸਲੋਕ ਸੁਣਾਇਆ ਹੈ ਕਿ ਪੱਟੀ ਬੀ ਆਪ ਹੈ, ਕਲਮ ਬੀ ਆਪ ਹੈ, ਲੇਖ ਬੀ ਆਪ ਹੈ ਤੇ ਲਿਖਣਹਾਰ ਤਾਂ ਆਪ ਹੈ ਹੀ। ਸਭਨੀਂ ਥੋਕੀਂ ਇਕ ਹੈ। ਪਰ ਹਿੰਦੂ ਆਖਦੇ ਹਨ ਜੇ ਅਸਾਂ ਵਿਚ ਸਹੀ ਹੈ ਅਤੇ ਮੁਸਲਮਾਨ ਆਖਦੇ ਹਨ ਜੋ ਅਸਾਂ ਹੀ ਵਿਚਿ ਸਹੀ ਹੈ। 'ਆਖੁ ਵੇਖਾ ਕਿਸੁ ਵਿਚਿ ਸਹੀ ਕਰੇਹਾਂ ਅਰੁ ਕਿਸੁ ਵਿਚ ਅਣਸਹੀ ਕਰੇਹਾ।

ਤਦ ਸ੍ਰੀ ਗੁਰੂ ਜੀ ਨੇ ਕਿਹਾ, ਸ਼ੇਖਾ! ਸਾਹਿਬ ਇਕੋ ਹੈ, ਉਸ ਦੀ ਮੱਤ ਤੇ ਸਿੱਖਿਆ ਇਕ ਹੈ, ਉਸ ਨੂੰ ਜੋ ਇਕ ਮੰਨੇ, ਸੋ ਠੀਕ ਹੈ। ਜੋ ਇਕ ਤੋਂ ਵੱਧ ਕਹੇ ਉਸ ਨੂੰ ਛੱਡ ਦੇਹ। ਪੀਰ ਜੀ! ਇਕ ਹੈ, ਇਕ ਪ੍ਰੀਤਮ ਹੈ, ਸਾਮਰਤੱਖ ਹੈ, 'ਏਕ ਤੂਈ ਏਕ ਤੂਈਂ' ਕਹਿੰਦੇ ਗੁਰੂ ਜੀ ਉਸ ਏਕੇ ਦੇ ਵਿਸਮਾਦੀ ਰੰਗ ਵਿਚ ਮਗਨ ਹੋ ਗਏ। ਪੀਰ ਨੂੰ ਬੀ ਰਸ ਆ ਗਿਆ, ਫਿਰ ਪੀਰ ਨੂੰ ਵੈਰਾਗ ਛਿੜਿਆ, ਸੋਚੇ-ਕਿਆ ਪੀਰੀ ਤੇ ਕਿਆ ਸਜਾਦਗੀ, ਪਿਆਰਾ ਮਿਲੇ, ਅੱਠ ਪਹਿਰ ਉਸ ਦੇ ਰੰਗ ਕਿਵੇਂ ਰਹਾਂ। ਇਉਂ ਸੋਚਦਾ ਬੇਵਸਾ ਹੋ ਗਾਉਂ ਉਠਿਆ -

*ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥*
*ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥*

*ਅੰਗ- ੧੩੮੩*

ਫੇਰ ਪੀਰ ਜੀ ਚੁੱਪ ਹੋ ਗਏ ਤਾਂ ਗੁਰੂ ਬਾਬੇ ਆਖਿਆ, ਪੀਰ ਜੀ! ਸ਼ਹੁ ਤਾਂ ਅੰਦਰੇ ਹੈ, ਪਰ ਅਸੀਂ ਜੋ ਤਾਂਘਣਹਾਰ ਹਾਂ, ਪਰਦੇਸ਼ ਰਹਿੰਦੇ ਹਾਂ, ਜੇ ਅਸੀਂ ਝੁਰੀਏ ਆਪਣੇ ਇਸ ਵਿਛੋੜੇ ਵਾਲੀ ਭੁੱਲ ਨੂੰ ਯਾਦ ਕਰੀਏ, ਉਸ ਪਿਆਰੇ ਨੂੰ ਤਦ ਮਿਲਦਿਆਂ ਦੇਰ ਨਹੀਂ ਲਗਦੀ, ਪਰ ਨੀਅਤ ਬੀ ਰਾਸ ਹੋ ਜਾਵੇ ਤਾਂ।

ਸ਼ੇਖ-ਜੁਆਨੀ ਬੀਤ ਜਾਂਦੀ ਹੈ, ਉਮਰ ਵੱਡੀ ਹੋ ਜਾਂਦੀ ਹੈ, ਮੌਤ ਸਿਰ 'ਤੇ ਹੈ, ਕਬਰ ਵਿਚ ਪੈ ਕੇ ਬੀ ਪਈ ਰੂਹ ਕੂਕੇਗੀ-ਹਾਇ ਨਾ ਮਿਲਿਓ ਪਿਆਰੇ ਹਾਇ ਨਾ ਮਿਲਿਓ।

ਗੁਰੂ ਜੀ (ਲੰਮਾ ਸਾਹ ਲੈ ਕੇ ਰਸ ਤੇ ਵੈਰਾਗ ਵਿਚ) ਪੀਰ ਜੀ, ਅਸੀਂ ਕੁਚੱਜੇ ਹਾਂ, ਸਰੀਰ ਦੇ ਪਿਆਰ ਵਿਚ ਮਗਨ ਹਾਂ, ਮਨ ਕੁਸੁਧ ਤੇ ਕਾਲਾ ਹੈ। ਸਾਡੇ ਵਿਚ ਹੀ ਅਵਗੁਣ ਵਸ ਰਹੇ ਹਨ। ਜੇ ਗੁਣ ਆ ਜਾਣ ਤਾਂ ਪਿਆਰਾ ਸਾਨੂੰ ਮਿਲੇ।

ਪੀਰ (ਨੈਣ ਭਰ ਕੇ)-ਉਹ ਗੁਣ ਕਿਹੜੇ ਹਨ ਜੇ ਧਾਰਨ ਕਰਾਂ, ਉਹ ਕਿਹੜੇ ਅੱਖਰ ਹਨ ਜਿਨ੍ਹਾਂ ਨੂੰ ਬੋਲ ਕੇ ਪ੍ਰੀਤਮ ਨੂੰ ਰੀਝਾਵਾਂ, ਉਹ ਕਿਹੜੀ ਮਾਲਾ ਹੈ ਤੇ ਕਿਹੜਾ ਮੰਤਰ ਹੈ, ਜਿਸ ਨੂੰ ਜਪ ਕੇ ਉਸ ਨੂੰ ਵਸ ਕਰ ਲਵਾਂ? ਉਹ ਕਿਹੜਾ ਵੇਸ ਹੈ ਜੋ ਪਹਿਨਾਂ ਤੇ ਉਹ ਮੋਹਿਤ ਹੋਵੇ।

ਸ੍ਰੀ ਗੁਰੂ ਜੀ - ਮਨ ਦਾ ਮਾਨ ਛੱਡਣਾ ਤੇ ਨਿਉਂ ਕੇ ਤੁਰਨਾ, ਇਹ ਤਾਂ ਹੈ ਅੱਖਰ, ਬੋਲ ਕੁਬੋਲ ਅਤੇ ਦੁਖ ਸੁਖ ਸਹਾਰਨਾ ਤੇ ਰਜ਼ਾ ਤੇ ਰਹਿਣਾ, ਇਹ ਹੈ ਗੁਣ ਤੇ ਮਣਕੇ। ਫਿਰ ਜੀਂ ਹੀ ਬਣ ਜਾਵੇ ਮਾਲਾ। ਉਹ ਜਪੇ ਨਾਮ ਮੰਤਰ। ਇਹ ਤ੍ਰੈਏ ਧਾਰਨੇ ਮਾਨੋਂ ਵੇਸ ਕਰਨਾ ਹੈ ਕਿਉਂ? ਏ ਤਾਂ ਹੀ ਧਾਰੂ ਹੇ ਅੰਦਰ ਸਾਂਈ ਦੀ ਸਿੱਕ ਹੋਊ ਤਾਂ, ਸੋ ਵੇਸ ਹੋਇਆ- ਸਿੱਕ ਮਿਲਨੇ ਦੀ।

ਇਸ ਵੇਲੇ ਪੀਰ ਦਾ ਮਨ ਬਹੁਤ ਦ੍ਰਵ ਰਿਹਾ ਸੀ। ਹਰ ਉੱਚੇ ਸਾਧਕ ਨੂੰ ਆਪਣੇ ਅੰਦਰ ਅਵਗੁਣਾਂ ਦੇ ਹਵਾ-ਹਵਾ ਜਿੰਨੇ ਰੁਮਕੇ ਦੀ ਭੀ ਪੀੜਾ ਹੁੰਦੀ ਹੈ। ਸੋ ਕਿਸੇ ਏਸੇ ਭਾਵ ਵਿਚ ਪੀਰ ਬੋਲਿਆ, ਹੇ ਗੁਰੂ ਨਾਨਕ! ਮੈਨੂੰ ਕੋਈ ਕਾਤੀ, ਕੋਈ ਛੁਰੀ ਦੇਹ, ਜਿਸ ਨਾਲ ਮਨ ਦੇ ਮਾਣ ਨੂੰ ਹਲਾਲ ਕਰਾਂ। ਜਾਨਵਰ ਦੇ ਕੋਹਣ ਨੂੰ ਛੁਰੀ ਲੋਹੇ ਦੀ ਹੈ, ਮਨੁੱਖ ਦੇ ਹਲਾਲ, ਕਰਨ ਲਈ ਲੋਹੇ ਦੀ ਕਾਤੀ ਹੈ ਪਰ ਇਸ ਮਾਣੁ ਦੇ ਹਲਾਲ ਕਰਨ ਦੀ ਕੋਈ ਛੁਰੀ ਹੈ ਤਾਂ ਦੱਸ।

ਇਹ ਸੁਣ ਕੇ ਗੁਰੂ ਬਾਬੇ ਦੇ ਚਿਹਰੇ ਦੀ ਆਭਾ ਵਿਚੋਂ ਪਿਆਰ ਤੇ ਪ੍ਰਤਾਪ ਦੀਆ ਦੋਵੇਂ ਆਭਾ ਬਦਲੀ ਖਾ ਕੇ ਦ੍ਰਿੜ੍ਹਤਾ ਦਾ ਇਕ ਟਿਕਵਾਂ ਤੇ ਭਰਵਾਂ ਭਾਵ ਲੈ ਆਈਆਂ ਤੇ ਬੋਲਣ ਦੀ ਸੁਰ ਬੀ ਅਝਵੇਂ ਰੁਖ ਦੀ ਅਡੋਲਤਾ ਵਾਲੀ ਹੋ ਗਈ - ਸ਼ੇਖਾ! 'ਸੱਚ' ਇਕ

ਲੋਹਾ ਹੈ ਜੋ ਅਸਪਾਤ ਤੇ ਫੌਲਾਦ ਤੋਂ ਮਜ਼ਬੂਤ ਹੈ, ਇਹ ਹਿਰਦੇ ਵਿਚ ਟਿਕਿਆ ਉਸ ਦੀ ਦ੍ਰਿੜ੍ਹਤਾ ਤੇ ਡਾਢ ਹੈ। ਇਸ ਸੱਚ ਦੇ ਲੋਹੇ ਤੋਂ ਇਕ ਛੁਰੀ ਬਣਦੀ ਹੈ, ਉਸ ਦਾ ਦਸਤਾ ਬੀ ਕਿਸੇ ਲੱਕੜੀ, ਪੱਥਰ ਯਾ ਦੰਦ ਖੰਦ ਦਾ ਨਹੀਂ ਬਣਦਾ, ਉਹ ਸਾਰੀ ਇਸ ਲੋਹੇ ਦੀ ਹੀ ਬਣਾਈਦੀ ਹੈ। ਇਸ ਦੀ ਘਾੜਤ ਅੱਗ ਦੇ ਤਾਅ ਤੇ ਹਥੌੜੀ ਦੀ ਸੱਟ ਨਾਲ ਨਹੀਂ ਹੁੰਦੀ, ਸਗੋਂ ਅੰਦਰ ਹੀ ਸਫ਼ਾਈ ਦੇ ਯਤਨਾਂ ਦੇ ਸੇਕ ਨਾਲ ਤੇ ਸੱਚ ਦੇ ਬਦਲੇ ਸਿਰ ਪੈਣ ਵਾਲੇ ਦੁਖਾਂ ਦੀਆਂ ਸੱਟਾਂ ਨਾਲ ਇਹ ਕਾਤੀ ਘੜੀਦੀ ਹੈ, ਇਸ ਕਰਕੇ ਘਾੜਤ ਨੂੰ ਅਪਰ ਅਪਾਰ ਕਹੀਦਾ ਹੈ ਕਿਉਂਕਿ ਜਦੋਂ ਇਹ ਬਣ ਜਾਏ, ਸੁਹਣੀ ਬੀ ਬੜੀ ਹੁੰਦੀ ਹੈ, ਫਿਰ ਇਸ ਨੂੰ ਕਰੁੰਡ ਦੀ ਸਾਣ ਨਹੀਂ ਚਾੜ੍ਹੀਦਾ, ਇਸ ਨੂੰ ਨਿਰੰਕਾਰ ਦੇ ਨਾਮ ਨਾਲ ਤ੍ਰਿੱਖਿਆ ਕਰੀਦਾ ਹੈ। ਜਦ ਇਹ ਪੈਨੀ ਛੁਰੀ ਤਿਆਰ ਹੋ ਜਾਵੇ ਤਾਂ ਇਸ ਨੂੰ ਮਿਆਨ ਵਿਚ ਸਾਂਭ ਕੇ ਰਖੀਦਾ ਹੈ, ਪਰ ਉਹ ਮਿਆਨ ਚਮੜੇ ਦੀ ਨਹੀਂ, ਗੁਣਾਂ ਦੀ ਹੁੰਦੀ ਹੈ। ਇਸ ਛੁਰੀ ਨਾਲ ਜੇ ਕੋਈ ਕੋਹਿਆ ਜਾਵੇ ਤਾਂ ਸ਼ੇਖ ਬਣਦਾ ਹੈ, ਅਵੇਂ ਤਾਂ ਸ਼ੇਖ (ਬਜ਼ੁਰਗ) ਇਕ ਉਪਮਾ ਲਈ ਪਦ ਵਰਤ ਲੈਂਦੇ ਹਨ। ਤੁਸੀਂ ਜਾਣਦੇ ਹੀ ਹੋ ਕਿ ਸ਼ੇਖ ਨਾਮ ਹੈ ਵੱਡੇ ਦਾ, ਆਗੂ ਦਾ, ਧਰਮ ਦੇ ਆਗੈ ਦਾ। ਸੋ ਅਸਲ ਸ਼ੇਖ ਉਹ ਹੈ ਜੋ ਇਸ ਛੁਰੀ ਨੇ ਕੋਹਿਆ ਹੈ, ਕਿਉਂਕਿ ਇਸ ਛੁਰੀ ਦੇ ਲਗਦੇ ਸਾਰ ਹਿਰਸ ਦਾ ਸਾਰਾ ਲਹੂ ਨਿਕਲ ਜਾਂਦਾ ਹੈ। ਲੈਣ-ਲੈਣ ਦੀ ਹਿਰਸ ਹਰ ਸ਼ੈ ਮੇਰੀ ਹੋ ਜਾਏ, ਇਸ ਦਾ ਲੋਭ ਜਦ ਦੂਰ ਹੋ ਗਿਆ, ਤਦ ਜੀਵ ਦੀਆਂ ਸਭ ਕਸਰਾਂ ਗਈਆਂ ਕਿਉਂਕਿ ਇਹ ਲੈਣ ਬ੍ਰਿਤੀ ਤੇ ਅਤ੍ਰਿਪਤ ਲੈਣ ਬ੍ਰਿਤੀ ਹੀ ਤਾਂ ਸਾਰੇ ਅਵਗੁਣ ਕਰਾਉਂਦੀ ਹੈ ਤੇ ਸੱਚ ਦੀ ਥਾਂ ਝੂਠ, ਦਗ਼ੇ ਤੇ ਫਰੇਬ ਸਿਖਾਲਦੀ ਹੈ। ਇਸ ਛੁਰੀ ਨਾਲ ਜੋ ਹਲਾਲ ਹੋਇਆ ਸੋ ਸੱਚ ਮੁੱਚ ਹਲਾਲ ਹੋ ਗਿਆ ਹੈ, ਕਿਉਂਕਿ ਇਸ ਵਿਚੋਂ ਹਰਾਮ ਫੇਰ ਸਾਰਾ ਦੂਰ ਹੋ ਜਾਂਦਾ ਹੈ ਉਹ ਫੇਰ ਸਮਝਦਾ ਹੈ ਕਿ ਮੇਰੇ ਲਈ ਕੀ-ਕੀ ਗੱਲਾਂ ਹਰਾਮ ਹਨ, ਕੀ-ਕੀ ਹਲਾਲ ਹਨ ਤੇ ਕੀ-ਕੀ ਹੱਕ ਹਨ। ਐਉਂ ਜਾਣਦਾ ਹੀ ਨਹੀਂ, ਹੱਕ ਨੂੰ ਪ੍ਰਾਪਤ ਹੋ ਜਾਂਦਾ ਹੈ।ਹੱਕ ਨਾਮ ਸੱਚ ਦਾ ਬੀ ਹੈ, ਪ੍ਰਮੇਸ਼ਰ ਦਾ ਬੀ ਹੈ, ਸੋ ਉਹ ਪਹਿਲਾਂ ਹੱਕ ਹਲਾਲ ਪਛਾਣਦਾ ਹੈ, ਫੇਰ ਜਦ ਹੱਕ ਹਲਾਲ ਨੂੰ ਚੰਬੜਦਾ ਹੈ ਤਾਂ ਸੱਚ ਵਿਚ ਵਸ ਜਾਂਦਾ ਹੈ, ਇਸ ਆਚਰਣੀ ਸਚ ਤੋਂ ਨਾਮ ਨਾਲ ਟੁਰਿਆ ਹੋਇਆ ਮੂਲਕ ਸੱਚ ਅਰਥਾਤ 'ਸੱਚੇ ਪਰਮੇਸ਼ੁਰ' ਨੂੰ ਜਾ ਪ੍ਰਾਪਤ ਹੁੰਦਾ ਹੈ ਤੇ ਸਾਈਂ ਦੀ ਦਰਗਾਹ ਵਿਚ, ਸਾਈਂ ਦੇ ਦੀਦਾਰ ਵਿਚ ਉਸ ਦੀ ਸਮਾਈ ਹੋ ਜਾਂਦੀ ਹੈ। ਏਸ ਛੁਰੀ ਨਾਲ ਮਨ ਦਾ ਮਾਨ ਕੱਟੀਦਾ ਹੈ।

ਇਹ ਸੁਣ ਕੇ ਸ਼ੇਖ ਬੀ ਝੂੰਮ ਪਿਆ। ਬੇਵਸਾ ਹੋ ਬਾਬੇ ਦੀ ਉਸਤਤਿ ਕਰਨ ਲਗ ਪਿਆ - ਵਾਹ-ਵਾਹ ਖੁਦਾਇ ਦਾ ਸਹੀ ਕਰਨੇ ਵਾਲਾ ਹੈ। ਖੁਦਾਇ ਦਾ ਪਿਆਰਾ ਹੈ, ਖ਼ੁਦਾਇ ਵੱਡੀ ਨਿਵਾਜ਼ਿਸ਼ ਕੀਤੀ ਹੈ। ਨਾਨਕ! ਖੁਦਾਦਿ ਕੇ ਪਿਆਰਿਆਂ ਕੋ ਪੁਛਣਾ ਗੁਸਤਾਖੀ ਹੈ। ਜਾਪਦਾ ਹੈ ਕਿ ਗੁਰੂ ਜੀ ਨੇ ਇਹ ਸੁਣ ਕੇ ਸਮਝ ਲਿਆ  ਕਿ ਸ਼ੇਖ ਕੁਛ ਪੁੱਛਣਾ ਲੋੜਦਾ ਹੈ, ਤਾਂ ਗੁਰੂ ਜੀ ਨੇ ਕਿਹਾ, ਆਖੋ! ਤਾਂ ਉਸ ਪੁੱਛਣਾ ਕੀਤਾ ਕਿ ਪੀਰੀ ਮੁਰੀਦੀ ਵਿਚ ਤਰ੍ਹਾਂ-ਤਰ੍ਹਾਂ ਦੇ ਲੋਕ ਸਿਰ ਆ ਖਾਂਦੇ ਹਨ, ਉਹਨਾਂ ਨਾਲ ਗੱਲਬਾਤ ਕਿਵੇਂ ਕਰੇ? ਤਾਂ ਗੁਰੂ ਬਾਬੇ ਆਖਿਆ, ਜੋ ਸਾਰੇ ਲੋਕ ਆਉਂਦੇ ਹਨ, ਉਹ ਆਪਣੇ ਮਤਲਬਾਂ ਲਈ ਫਕੀਰਾਂ ਪਾਸ ਆਉਂਦੇ ਹਨ, ਕਰਾਮਾਤਾਂ ਲੈਣ ਵਾਸਤੇ। ਨਾਮ ਦੇ ਪ੍ਰੇਮੀ ਉਹਨਾਂ ਵਿਚ ਘੱਟ ਆਉਂਦੇ ਹਨ। ਕਾਮੀਆਂ ਨੂੰ ਸੁੰਦਰਤਾ ਨਾਲ, ਭੁੱਖਾਂ ਦੇ ਮਾਰਿਆਂ ਦਾ ਸ੍ਵਾਦੀਕ ਭੋਜਨ ਨਾਲ ਪਿਆਰ ਹੁੰਦਾ ਹੈ, ਲੋਭੀ ਮਾਲ ਦੇ ਮੋਹ ਵਿਚ ਹੁੰਦਾ ਹੈ, ਨੀਂਦਰ ਤੋਂ ਉਂਘਲਾ ਰਹੇ ਨੂੰ ਪਲੰਘ ਤੇ ਰਜਾਈ ਦੀ ਇੱਛਾ ਹੁੰਦੀ ਹੈ, ਕ੍ਰੋਧੀ ਗੁੱਸੇ ਦੇ ਵਾਕਾਂ ਵਿਚ ਭਟਕਦਾ ਤੇ ਖੁਆਰ ਹੁੰਦਾ ਹੈ ਤੇ ਫਕੜ ਲੋਕ ਐਵੇਂ ਹੀ ਬਕਵਾਸ ਕਰਦੇ ਰਹਿੰਦੇ ਹਨ। ਸੋ ਸ਼ੇਖ ਜੀ! ਭਲਿਆਈ ਦਾ ਉਪਦੇਸ਼ ਦੇਣਾ ਤਾਂ ਸਭ ਕਿਸੇ ਨੂੰ ਹੈ, ਪਰ ਕਾਮੀਆਂ, ਪੇਟ ਪਾਲੀਆਂ, ਤ੍ਰਿਸ਼ਨਾਲੂਆਂ, ਦਲਿੱਦਰੀਆਂ, ਕ੍ਰੋਧੀਆਂ ਤੇ ਬਕਵਾਸੀਆਂ ਨਾਲ ਸੰਗ ਨਹੀਂ ਕਰਨਾ ਚਾਹੀਏ, ਉਹਨਾਂ ਦੇ ਅੰਦਰੋਂ ਸੜ੍ਹਾਂਦ ਉਠਦੀ ਹੈ ਤੇ ਨਾਮ ਪਵਿੱਤਰਤਾ ਹੈ। ਸੋ ਸਤਿਸੰਗ ਹੈ ਨਾਮ ਦੇ ਲੋੜਕੂਆਂ, ਨਾਮ ਦੇ ਪ੍ਰੇਮੀਆਂ ਦਾ। ਤਾਂ ਸ਼ੇਖ ਬਾਬੇ ਦੇ ਪੈਰਾ ਉਤੇ ਢਹਿ ਪਿਆ। ਆਖਿਓਸੁ! ਵਾਹੁ ਨਾਨਕ ਵਾਹੁ ਨਾਨਕ! ਖੁਦਾਇ ਦੇ ਰਾਹ ਦੀ ਖਬਰ ਦਿਤੀ। ਅਸਾਨੂੰ ਕਿਛੁ ਖੁਦਾਇ ਦੇ ਰਾਹ ਦੀ ਖਬਰ ਦਿਤੀ। ਅਸਾਨੂੰ ਕਿਛੁ ਖੁਦਾਇ ਦੇ ਰਾਹ ਦੀ ਖਬਰ ਹੋਈ। ਅਸੀਂ ਅੱਸ ਜੀਵੇ। ਅਸਾਂ ਕਉ ਕੋਈ ਖੁਦਾਇ ਦਾ ਔਲੀਆ ਮਿਲਿਆ। ਅਸਾਂ ਕੂ ਖੁਦਾਇ ਦੇ ਮਿਲਣੇ ਵਿਚ ਸ਼ੱਕ ਨਾਹੀ ਕੁਛ ਰਿਹਾ।

***'ਚਲਦਾ..........।'***

# ਵਿਸ਼ਵ ਚੇਤਨਾ ਦਾ ਆਧਾਰ : ਸ੍ਰੀ ਗੁਰੂ ਗ੍ਰੰਥ ਸਾਹਿਬ

*ਸ. ਮਹਿੰਦਰਪਾਲ ਸਿੰਘ*

ਸ੍ਰੀ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਤੋਂ ਬਾਅਦ, ਅਕਾਲ ਪੁਰਖ ਨਾਲ ਅਭੇਦ 5 ਗੁਰੂ ਸਾਹਿਬਾਨ ਤੇ ਹੋਰ 30 ਮਹਾਂਪੁਰਖਾਂ ਦੇ ਉਚਾਰੇ ਰੂਹਾਨੀ ਬਚਨਾਂ ਨੂੰ ਗੁਰਬਾਣੀ ਦਾ ਨਾਂ ਦਿਤਾ ਗਿਆ। ਇਸ ਨੂੰ ਗੁਰੂ ਸ਼ਬਦ ਵੀ ਆਖਿਆ ਜਾਂਦਾ ਹੈ। ਇਹ ਬੇਮਿਸਾਲ ਕਾਰਜ ਗੁਰੂ ਸਾਹਿਬਾਨਾਂ ਨੇ ਆਪ ਹੀ ਆਪਣੀ ਜ਼ਿੰਦਗੀ ਵਿਚ ਕੀਤਾ। ਇਨ੍ਹਾਂ ਬਚਨਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਤ ਕਰਨ ਲੱਗਿਆਂ ਗੁਰੂ ਸਾਹਿਬਾਨ ਨੇ ਕਿਸੇ ਜਾਤਪਾਤ, ਮਜ਼੍ਹਬ, ਇਲਾਕੇ, ਭਾਸ਼ਾ, ਊਚ-ਨੀਚ ਜਾਂ ਸਭਿਆਚਾਰ ਆਦਿ ਦਾ ਖਿਆਲ ਨਹੀਂ ਰੱਖਿਆ ਸਗੋਂ ਇਕ ਸਾਂਝੀ ਕਸਵੱਟੀ ਬਣਾਈ ਕਿ ਜੋ ਵੀ ਮਹਾਂਪੁਰਖ, ਅਕਾਲਪੁਰਖ ਨਾਲ ਸੁਰਤੀ ਜੋੜ ਕੇ ਉਸ ਵਰਗਾ ਹੋ ਜਾਂਦਾ ਹੈ ਉਸ ਨੂੰ ਬ੍ਰਹਿਮੰਡੀ ਸੱਚ ਦਾ ਗਿਆਨ ਹੋਣਾ ਕੁਦਰਤੀ ਹੈ। ਇਸ ਆਤਮਿਕ ਸਿਖਰ ਦੀ ਅਵਸਥਾ ਵਿਚ ਪਹੁੰਚ ਕੇ, ਉਸ ਦੇ ਆਖੇ ਹੋਏ ਬਚਨ, ਉਸ ਦੇ ਨਹੀਂ ਬਲਕਿ ਇਲਾਹੀ ਹੁੰਦੇ ਹਨ। ਇਸ ਲਈ ਉਨ੍ਹਾਂ ਵਿਚਲਾ ਸੱਚ ਵੀ ਇਕੋ ਹੁੰਦਾ ਹੈ ਅਤੇ ਉਹ ਸਦੀਵੀ ਅਤੇ ਸਾਰੇ ਮਨੁੱਖੀ ਭਾਈਚਾਰੇ ਦੀ ਭਲਾਈ ਲਈ ਹੁੰਦਾ ਹੈ ਭਾਵੇਂ ਇਸ ਨੂੰ ਪ੍ਰਗਟਾਉਣ ਲਈ ਭਾਸ਼ਾ ਦਾ ਵੱਖਰੇਵਾਂ ਕਿਉਂ ਨਾ ਹੋਵੇ। ਸ੍ਰੀ ਗੁਰੂ ਨਾਨਕ ਸਾਹਿਬ ਦਾ ਬਚਨ ਹੈ -

*ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ ॥*
*ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥*
*ਅੰਗ - ੧੨੯੧*

ਗੁਰੂ ਸਾਹਿਬਾਨ ਨੇ ਆਪਣੇ ਵੱਲੋਂ ਉਚਾਰੇ ਬਚਨਾਂ ਸੰਬੰਧੀ ਵੀ ਇਹੋ ਆਖਿਆ ਹੈ ਕਿ ਇਹ ਬੋਲ ਸਾਡੇ ਨਹੀਂ ਹਨ। ਇਹ ਤਾਂ ਉਸ ਕਰਤਾਪੁਰਖ ਨੇ ਆਪ ਸਾਡੇ ਮੂੰਹੋਂ ਕਢਵਾਏ ਹਨ। ਇਸ ਕਰਕੇ ਇਹ ਬਚਨ, ਉਸ ਪ੍ਰਭੂ ਵਾਂਗ ਹੀ ਸਦੀਵੀ ਅਤੇ ਸਾਰੇ ਜੀਵਾਂ ਦੇ ਭਲੇ ਲਈ ਹਨ। ਗੁਰਵਾਕ ਹਨ -

*ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ*
*ਹਰਿ ਕਰਤਾ ਆਪਿ ਮੁਹਹੁ ਕਢਾਏ ॥*
*ਗੁਰਸਿਖਾ ਕੇ ਮੁਹ ਉਜਲੇ ਕਰੇ ਹਰਿ ਪਿਆਰਾ*
*ਗੁਰ ਕਾ ਜੈਕਾਰੁ ਸੰਸਾਰਿ ਸਭਤੁ ਕਰਾਏ ॥ ਅੰਗ- ੩੦੮*

*ਸਤਿਗੁਰ ਵਿਚਿ ਆਪੁ ਰਖਿਓਨੁ*
*ਕਰਿ ਪਰਗਟੁ ਆਖਿ ਸੁਣਾਇਆ ॥ ਅੰਗ- ੪੬੬*
*ਹਉ ਆਪਹੁ ਬੋਲਿ ਨ ਜਾਣਦਾ*
*ਮੈ ਕਹਿਆ ਸਭੁ ਹੁਕਮਾਉ ਜੀਉ ॥ ਅੰਗ - ੭੬੩*

ਪੰਜਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਸੋਰਠਿ ਰਾਗ ਵਿਚ ਉਪਰੋਕਤ ਬਚਨਾਂ ਦੀ ਪ੍ਰੋੜ੍ਹਤਾ ਕਰਦੇ ਹੋਏ ਫੁਰਮਾਉਂਦੇ ਹਨ -

*ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥ ਅੰਗ- ੫੬੬*

ਜਿਵੇਂ ਬ੍ਰਹਿਮੰਡੀ ਸੱਚ ਕਦੇ ਪੁਰਾਣਾ ਨਹੀਂ ਹੁੰਦਾ ਜਾਂ ਬਦਲਦਾ ਨਹੀਂ, ਇਵੇਂ ਹੀ ਇਸ ਸੱਚ ਨੂੰ ਪ੍ਰਗਟਾਉਣ ਵਾਲੇ ਗੁਰ ਬਚਨ ਵੀ ਸਦੀਵੀ ਹੀ ਹਨ ਅਤੇ ਹਮੇਸ਼ਾ ਹੀ ਮਨੁੱਖੀ ਭਾਈਚਾਰੇ ਲਈ ਲਾਹੇਵੰਦ ਹਨ ਅਤੇ ਰਹਿਣਗੇ। ਪੰਚਮ ਪਾਤਸ਼ਾਹ ਦਾ ਕਥਨ ਹੈ -

*ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥*
*ਬਚਨੁ ਗੁਰੂ ਜੋ ਪੂਰੇ ਕਹਿਓ*
*ਮੈ ਛੀਕਿ ਗਾਂਠਰੀ ਬਾਧਾ ॥ ੧ ॥ ਰਹਾਉ ॥*
*ਨਿਸਿ ਬਾਸੁਰ ਨਖਿਅਤ੍ਰ ਬਿਨਾਸੀ*
*ਰਵਿ ਸਸੀਅਰ ਬੇਨਾਧਾ ॥*
*ਗਿਰਿ ਬਸੁਧਾ ਜਲ ਪਵਨ ਜਾਇਗੋ*
*ਇਕਿ ਸਾਧ ਬਚਨ ਅਟਲਾਧਾ ॥ ਅੰਗ - ੧੨੦੪*

ਬ੍ਰਹਿਮੰਡ ਦਾ ਕੇਂਦਰ ਬਿੰਦੂ ਮਨੁੱਖ ਹੈ ਤੇ ਇਹ ਸਾਰੀ ਧਾਰਮਿਕ ਵਿਚਾਰਧਾਰਾ ਮੁੱਖ ਤੌਰ ਤੇ ਮਨੁੱਖੀ ਸਮਾਜ ਨਾਲ ਹੀ ਸੰਬੰਧਿਤ ਹੈ ਭਾਵੇਂ ਕਿ ਅਸਿੱਧੇ ਤੌਰ ਤੇ ਬਾਕੀ ਪ੍ਰਾਣੀ ਮਾਤਰ ਵੀ ਇਸ ਵਿਚ ਭਾਗੀਦਾਰ ਹੋ ਜਾਂਦੇ ਹਨ। ਇਹ ਅਰਬਦ ਨਰਬਦ ਧੁੰਧੂਕਾਰੇ ਵਿਚੋਂ ਮਨੁੱਖੀ ਜੀਵਨ ਦੀ ਹੋਂਦ ਨੂੰ ਕਿਸੇ ਅਣਦਿਸਦੀ ਅਨੰਤ ਸ਼ਕਤੀ ਦਾ ਵਿਸਮਾਦੀ ਕ੍ਰਿਸ਼ਮਾ ਆਖਿਆ ਗਿਆ ਹੈ। ਉਸ ਅਨੰਤ ਸ਼ਕਤੀ ਤੋਂ ਲੈ ਕੇ ਦਿਸਦੇ ਪਸਾਰੇ ਦਾ ਸਿੱਧੇ ਜਾਂ ਅਸਿੱਧੇ ਰੂਪ ਵਿਚ ਮਨੁੱਖ ਦਾ ਸਬੰਧ ਪ੍ਰਗਟਾਇਆ ਹੈ -

*ਅਵਰ ਜੋਨਿ ਤੇਰੀ ਪਨਿਹਾਰੀ ॥*
*ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥ ਅੰਗ- ੩੭੪*

ਧਰਮ-ਅਧਰਮ, ਪਾਪ-ਪੁੰਨ, ਨਰਕ-ਸੁਰਗ,

ਵਿਵੇਕ-ਅਵਿਵੇਕ, ਮਾਨ-ਅਪਮਾਨ ਦਾ ਸੰਬੰਧ ਕੇਵਲ ਮਨੁੱਖੀ ਜੀਵਨ ਨਾਲ ਦੱਸਿਆ ਗਿਆ ਹੈ। ਇਨ੍ਹਾਂ ਪਹਿਲੂਆਂ ਕਰਕੇ ਹੀ ਕਰਤੇ ਦੀ ਇਸ ਉੱਤਮ ਕਿਰਤ ਮਨੁੱਖ ਨੇ ਆਪਣੇ ਨਾਲ ਸੰਬੰਧਿਤ ਸਮਾਜ ਲਈ ਮਾਨਵੀ ਕਦਰਾਂ ਕੀਮਤਾਂ ਦਾ ਸਿਧਾਂਤ ਪ੍ਰਗਟ ਕੀਤਾ। ਇਸ ਸਿਧਾਂਤ ਰੂਪੀ ਸਮੁੰਦਰ ਦੇ ਮੰਥਨ ਵਿਚੋਂ ਰੱਬ ਦੀ ਹੋਂਦ ਦਾ ਅਹਿਸਾਸ, ਜਨਮ-ਮਰਨ ਦਾ ਸੱਚ, ਇਨ੍ਹਾਂ ਦੋਹਾਂ ਦੇ ਵਿਚਕਾਰ ਜੀਵਨ ਦਾ ਸਮਾਂ, ਉਸ ਨਾਲ ਜੁੜੀਆਂ ਅਨੰਤ ਇੱਛਾਵਾਂ, ਮੰਦੀਆਂ ਚੰਗੀਆਂ ਭਾਵਨਾਵਾਂ ਦਾ ਬੋਧ ਦ੍ਰਿਸ਼ਟੀਗੋਚਰ ਹੋਇਆ। ਬ੍ਰਹਿਮੰਡ ਦਾ ਇਕ ਵਿਸ਼ੇਸ਼ ਨਿਯਮਾਵਲੀ ਵਿਚ ਬੱਝੇ ਹੋਣ ਦਾ ਗਿਆਨ, ਮਨੁੱਖ ਨੂੰ ਸਵੈ-ਪੜਚੋਲ ਲਈ ਪ੍ਰੇਰਿਤ ਕਰਦਾ ਹੈ ਜਿਵੇਂ ਕਿ ਬਾਣੀ ਦਾ ਫੁਰਮਾਨ ਹੈ -

*ਭੈ ਵਿਚਿ ਪਵਣੁ ਵਹੈ ਸਦਵਾਉ ॥*
*ਭੈ ਵਿਚਿ ਚਲਹਿ ਲਖ ਦਰੀਆਉ ॥*
*ਭੈ ਵਿਚਿ ਅਗਨਿ ਕਢੈ ਵੇਗਾਰਿ ॥*
*ਭੈ ਵਿਚਿ ਧਰਤੀ ਦਬੀ ਭਾਰਿ ॥* ਅੰਗ- ੪੬੪

ਇਸੇ ਪਿਛੋਕੜ ਵਿਚੋਂ ਧਰਮ ਦਾ ਜਨਮ ਹੋਇਆ ਪ੍ਰਤੀਤ ਹੁੰਦਾ ਹੈ। ਇਸ ਨੂੰ ਪ੍ਰਗਟ ਕਰਨ ਵਾਲੇ ਰਿਸ਼ੀ ਮੁਨੀ, ਪੀਰ ਪੈਗੰਬਰ, ਗੁਰੂ ਅਵਤਾਰ ਕਹਾਏ। ਉਨ੍ਹਾਂ ਵੱਲੋਂ ਪ੍ਰਗਟਾਏ ਜੀਵਨ ਅਨੁਭਵ ਵਿਚਲੇ ਗਿਆਨ ਨੂੰ ਜੀਵਨ ਜੁਗਤੀ ਦਾ ਨਾਂ ਦਿਤਾ ਗਿਆ। ਇਸ ਦਾ ਮਕਸਦ ਮਨੁੱਖੀ ਜੀਵਨ ਨੂੰ ਇਕ ਵਿਸ਼ੇਸ਼ ਮਰਿਯਾਦਾ ਵਿਚ ਲਿਆ ਕੇ ਸੁਖਾਵਾਂ ਬਨਾਉਣਾ ਅਤੇ ਸਰੀਰ ਤੋਂ ਬਾਅਦ ਮਨੁੱਖੀ ਰੂਹ ਦੀ ਅਨੰਤ ਯਾਤਰਾ ਨੂੰ ਸਫਲ ਬਨਾਉਣਾ ਬਿਆਨਿਆ ਗਿਆ ਹੈ। ਗੁਰਬਾਣੀ ਅਨੁਸਾਰ 'ਈਹਾ ਸੁਖੁ ਆਗੈ ਮੁਖ ਊਜਲ' ਜੀਵਨ ਦੀ ਮੰਜ਼ਿਲ ਹੈ ਅਤੇ ਇਸ ਦੀ ਪ੍ਰਾਪਤੀ ਜ਼ਿੰਦਗੀ ਦੀ ਸਫਲਤਾ ਦਾ ਪ੍ਰਮਾਣ ਹੈ। ਇਸ ਪ੍ਰਾਪਤੀ ਲਈ ਗੁਰੂ ਸਾਹਿਬ ਨੇ ਆਦਰਸ਼ਕ ਮਨੁੱਖ ਬਣਨ ਦੀ ਗੱਲ ਕੀਤੀ ਹੈ। ਸ੍ਰੀ ਗੁਰੁ ਨਾਨਕ ਸਾਹਿਬ ਨੇ ਤਾਂ ਯੋਗੀਆਂ ਨਾਲ ਵਾਰਤਾਲਾਪ ਸਮੇਂ ਆਪਣੀਆਂ ਉਦਾਸੀਆਂ ਦਾ ਮੁੱਖ ਉਦੇਸ਼ ਹੀ ਗੁਰਮੁਖਾਂ ਦੀ ਭਾਲ ਦੱਸਿਆ -

*ਗੁਰਮੁਖਿ ਖੋਜਤ ਭਏ ਉਦਾਸੀ॥* ਅੰਗ - ੯੩੯

ਅਸੀਂ ਗੁਰਮੁਖਾਂ ਦੀ ਖੋਜ ਲਈ ਹੀ ਭੇਖ ਧਾਰਨ ਕੀਤਾ ਹੈ। ਜਦੋਂ ਗੁਰਮੁਖ ਗੁਰੂ ਦੇ ਸ਼ਬਦ ਰਾਹੀਂ ਪ੍ਰਭੂ ਨਾਲ ਪਿਆਰ ਜੋੜ ਕੇ ਪ੍ਰਭੂ ਰੰਗ ਵਿਚ ਰੰਗਿਆ ਜਾਂਦਾ ਹੈ ਤਾਂ ਉਹ ਸੱਚੇ ਵਿਚ ਰੱਤਾ ਹੋਇਆ ਇੱਜ਼ਤ ਲੈ ਕੇ ਆਪਣੇ ਅਸਲ ਘਰ ਵਿਚ ਅੱਪੜਦਾ ਹੈ -

*ਗੁਰਮੁਖਿ ਧਰਤੀ ਸਾਚੈ ਸਾਜੀ ॥*
*ਤਿਸ ਮਹਿ ਓਪਤਿ ਖਪਤਿ ਸੁ ਬਾਜੀ ॥*
*ਗੁਰ ਕੈ ਸਬਦਿ ਰਪੈ ਰੰਗੁ ਲਾਇ ॥*
*ਸਾਚਿ ਰਤਉ ਪਤਿ ਸਿਉ ਘਰਿ ਜਾਇ ॥* ਅੰਗ- ੯੪੧

ਸਰਬੱਤ ਦੇ ਭਲੇ ਅਤੇ ਸਾਂਝੀਵਾਲਤਾ ਦੀ ਵਿਸ਼ਵ ਚੇਤਨਾ ਦਾ ਆਧਾਰ ਸ੍ਰੀ ਗੁਰੂ ਨਾਨਕ ਸਾਹਿਬ ਦਾ ਇਹ ਵਿਚਾਰ ਅਤੇ ਅਮਲ ਹੀ ਹੈ, ਜਿਸ ਦੀ ਅੱਜ ਸਾਰੇ ਸੰਸਾਰ ਨੂੰ ਤੀਬਰ ਇੱਛਾ ਮਹਿਸੂਸ ਹੋ ਰਹੀ ਹੈ। ਇਸੇ ਸਿਧਾਂਤਕ ਅਤੇ ਇਤਿਹਾਸਕ ਪ੍ਰਸੰਗ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਦੇ ਜੀਵਨ ਦੀਆਂ ਤਿੰਨ ਘਟਨਾਵਾਂ ਮਹੱਤਵਪੂਰਨ ਹਨ -

ਪਹਿਲੀ ਘਟਨਾ ਸੁਲਤਾਨਪੁਰ ਵਿਖੇ ਕਾਜ਼ੀ ਨਾਲ ਮਿਲ ਕੇ ਨਮਾਜ਼ ਲਈ ਮਸਜਿਦ ਜਾਣ ਵਾਲੀ ਹੈ। ਕਾਜ਼ੀ ਨੇ ਪੁੱਛਿਆ ਕਿ ਤੁਹਾਡੀ ਨਿਗਾਹ ਵਿਚ ਸ੍ਰੇਸ਼ਟ ਇਸਲਾਮ ਹੈ ਜਾਂ ਹਿੰਦੂਮਤ? ਗੁਰੂ ਸਾਹਿਬ ਦਾ ਜਵਾਬ ਸੀ ਕਿ ਮਨੁੱਖ ਅੰਦਰਲੀ ਧਾਰਮਿਕ ਚੇਤਨਾ ਅਤੇ ਇਸ ਵਿਚੋਂ ਪ੍ਰਗਟ ਹੋਏ ਅਮਲ ਹੀ ਸ੍ਰੇਸ਼ਟ ਹਨ। ਕਾਜ਼ੀ ਨੇ ਕਿਹਾ ਤਾਂ "ਫਿਰ ਤੁਹਾਨੂੰ ਮੇਰੇ ਨਾਲ ਨਮਾਜ਼ ਪੜ੍ਹਨ ਵਿਚ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ।" ਗੁਰੂ ਸਾਹਿਬ ਨੇ ਇਸ ਸ਼ਰਤ ਤੇ ਸਹਿਮਤੀ ਪ੍ਰਗਟ ਕੀਤੀ ਕਿ ਨਮਾਜ਼ ਅੰਦਰਲੇ ਪਿਆਰ ਅਤੇ ਸੁਰਤੀ ਦੀ ਇਕਾਗਰਤਾ ਨਾਲ ਪੜ੍ਹੀ ਜਾਣੀ ਚਾਹੀਦੀ ਹੈ। ਪ੍ਰਮਾਤਮਾ ਦਾ ਪਿਆਰ ਭਰਿਆ ਚਿੰਤਨ ਤਾਂ ਕਿਸੇ ਵੀ ਰੂਪ ਵਿਚ ਹੋਵੇ, ਪ੍ਰਭੂ ਦੇ ਨੇੜੇ ਲੈ ਜਾਂਦਾ ਹੈ।

ਵੱਖ-ਵੱਖ ਜਨਮ ਸਾਖੀਆਂ ਵਿਚ ਇਸ ਘਟਨਾ ਦਾ ਜ਼ਿਕਰ ਅਲੱਗ-ਅਲੱਗ ਤਰੀਕੇ ਨਾਲ ਦਰਸਾਇਆ ਹੈ, ਲੇਕਿਨ ਸਭ ਦਾ ਮਕਸਦ ਇਕੋ ਹੈ। ਕਿਤੇ ਨਵਾਬ ਸਬੰਧੀ ਇਸ ਘਟਨਾ ਦਾ ਜ਼ਿਕਰ ਤੇ ਕਿਤੇ ਕਾਜ਼ੀ ਨਾਲ ਇਹ ਘਟਨਾ ਵਾਪਰੀ ਦਸੀ ਗਈ ਹੈ। 'ਜਨਮ ਸਾਖੀ ਭਾਈ ਬਾਲਾ' ਵਿਚ ਨਵਾਬ ਅਤੇ ਕਾਜ਼ੀ ਦੋਵਾਂ ਦਾ ਜ਼ਿਕਰ ਆਉਂਦਾ ਹੈ -

ਨਵਾਬ ਨਮਾਜ਼ ਕਰ ਚੁੱਕਾ ਤਾਂ ਨਾਨਕ ਨੂੰ ਕਹਿਓਸੁ ਅਰੇ ਨਾਨਕ ਤੂ ਜੋ ਨਮਾਜ ਕਰਨ ਗਇਆ ਥਾ, ਤੈਂ ਨਮਾਜ ਕਿਉਂ ਨ ਕਰੀ। ਤਾਂ ਨਾਨਕ ਕਹਿਆ ਮੈਂ ਨਿਮਾਜ ਕਿਸ ਨਾਲ ਕਰਉ। ਨਵਾਬ ਕਹਿਆ ਹਮ ਸਿਉਂ ਕਰਤਾ। ਨਾਨਕ ਕਹਿਆ ਤੁਮ ਈਹਾਂ ਕਹਾਂ ਥੇ। ਤੁਮ ਕੰਧਾਰ ਘੋੜੇ ਖਰੀਦ ਕਰਣਿ ਗਏ ਥੇ। ਮੈ ਕਿਸ ਸਿਉ ਕਰਤਾ। ਤਾਂ ਨਵਾਬ ਕਹਿਆ

ਰੇ ਨਾਨਕ ਤੂੰ ਇਤਨਾ ਝੂਠ ਬੋਲਤਾ ਹੈ, ਮੈਂ ਤਾਂ ਈਹਾਂ ਹੀ ਖੜਾ ਹਉ। ਨਾਨਕ ਕਹਿਆ, ਸੁਣ ਖਾਨ ਜੀ, ਤੇਰੀ ਦੇਹੀ ਈਹਾਂ ਖੜੀ ਸੀ। ਅਰੁ ਨਮਾਜ ਕਰਨੇ ਵੇਲੇ ਘੋੜੇ ਖਰੀਦੁ ਕਰਨੇ ਗਇਆ ਥਾ ਕੰਧਾਰੁ। ਤਾਂ ਕਾਜੀ ਕਹਿਆ ਖਾਨ ਜੀ ਨਾਨਕ ਕਿਤਨਾ ਝੂਠ ਬੋਲਤਾ ਹੈ। ਤਾਂ ਨਵਾਬ ਕਹਿਆ ਕਾਜੀ ਨਾਨਕ ਸਚੁ ਕਹਿਤਾ ਹੈ। ਸਿਜਦੇ ਕੇ ਵਕਤ ਮੇਰਾ ਦਿਲ ਕੰਧਾਰ ਗਇਆ ਥਾ ਘੋੜਿਆਂ ਕਉ। ਤਾਂ ਕਾਜੀ ਬੋਲਿਆ ਭਲਾ ਖਾਨ ਜੀ ਹਮ ਤੋ ਈਹਾਂ ਥੇ, ਹਮ ਤੋ ਨ ਥੇ ਗਏ। ਹਮ ਸਿਉ ਨਮਾਜ ਕਰਤਾ। ਤਾਂ ਨਵਾਬ ਕਹਿਆ ਸਚੁ ਨਾਨਕ ਕਾਜੀ ਸਾਥ ਕਰਤਾ। ਤਾਂ ਨਾਨਕ ਕਹਿਆ ਕਾਜੀ ਈਹਾਂ ਕਹਾਂ ਥਾ। ਕਾਜੀ ਕੇ ਘਰ ਘੋੜੀ ਸੂਈ ਹੈ। ਕਾਜੀ ਵਛੇਰਾ ਸੰਭਾਲਨੇ ਗਇਆ ਥਾ ਮਤੁ ਵਛੇਰਾ ਖੂਹ ਵਿਚ ਪਉਂਦਾ ਹੋਵੇ ਤਾਂ ਦੋਹਾਂ ਨੂੰ ਪਰਤੀਤ ਆਈ।

ਦੂਸਰੀ ਘਟਨਾ ਮੁਲਤਾਨ ਵਿਖੇ ਇਸਲਾਮ ਦੇ ਵਿਦਵਾਨਾਂ ਨਾਲ ਮਿਲਣੀ ਸਮੇਂ ਦੀ ਹੈ। ਗੁਰਮਤਿ ਦੇ ਮਹਾਨ ਵਿਦਵਾਨ ਅਤੇ ਗੁਰੂ ਘਰ ਦੇ ਅਤਿ ਨਿਕਟਵਰਤੀ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਕਾਜ਼ੀਆਂ ਨੇ ਸ਼ਹਿਰ ਤੋਂ ਬਾਹਰ ਹੀ ਗੁਰੂ ਸਾਹਿਬ ਨੂੰ ਰੋਕ ਕੇ ਨੱਕੋ-ਨੱਕ ਭਰਿਆ ਦੁੱਧ ਦਾ ਪਿਆਲਾ ਸਾਹਮਣੇ ਲਿਆਂਦਾ। ਗੁਰੂ ਸਾਹਿਬ ਨੇ ਉਨ੍ਹਾਂ ਦੀ ਰਮਜ਼ ਨੂੰ ਸਮਝਦਿਆਂ ਮੁਸਕਰਾਉਂਦੇ ਹੋਏ ਆਪਣੀ ਬਗਲ ਵਿਚੋਂ ਚਮੇਲੀ ਦਾ ਫੁੱਲ ਕੱਢ ਕੇ ਦੁੱਧ ਦੇ ਪਿਆਲੇ ਉੱਤੇ ਰੱਖ ਦਿਤਾ।

*ਬਾਬੇ ਕਢਿ ਕਰਿ ਬਗਲ ਤੇ ਚੰਬੇਲੀ ਦੁਧ ਵਿਚਿ ਮਿਲਾਈ।*
*ਜਿਉ ਸਾਗਰਿ ਵਿਚਿ ਗੰਗ ਸਮਾਈ।* *ਭਾਈ ਗੁਰਦਾਸ ਜੀ*

ਇਹ ਅਦੁੱਤੀ ਕੌਤਕ ਇਸ ਗੱਲ ਦਾ ਅਤਿ ਖੂਬਸੂਰਤ ਪ੍ਰਤੀਕ ਸੀ ਕਿ ਰੂਹਾਨੀ ਗਿਆਨ ਕਿਸੇ ਦੀ ਨਿੱਜੀ ਮਲਕੀਅਤ ਨਹੀਂ। ਇਸ ਨੂੰ ਕਿਸੇ ਇਕ ਸ਼ਹਿਰ, ਸਥਾਨ ਤਕ ਵੀ ਸੀਮਤ ਨਹੀਂ ਕੀਤਾ ਜਾ ਸਕਦਾ, ਨਾ ਹੀ ਇਹ ਕਿਸੇ ਤੇ ਬੋਝ ਜਾਂ ਬੰਧਕ ਬਣਨ ਲਈ ਹੈ, ਸਗੋਂ ਇਸ ਦਾ ਤਾਂ ਮੰਥਨ ਕਰਨ ਦੀ ਲੋੜ ਹੈ। ਇਸ ਵਿਚਲੇ ਗਿਆਨ ਨੂੰ ਸਮਝ ਕੇ ਕੋਈ ਵੀ ਵਿਅਕਤੀ, ਕਿਤੇ ਵੀ ਅਤੇ ਕਿਸੇ ਸਮੇਂ ਵੀ ਅਨੰਦਿਤ ਹੋ ਸਕਦਾ ਹੈ।

ਤੀਸਰੀ ਘਟਨਾ ਉਦੋਂ ਦੀ ਹੈ ਜਦੋਂ ਸ੍ਰੀ ਗੁਰੂ ਨਾਨਕ ਸਾਹਿਬ ਦੀ ਜੋਗੀਆਂ ਨਾਲ ਗੋਸ਼ਟੀ ਹੋਈ। ਗੁਰੂ ਸਾਹਿਬ ਦੀ ਅਦੁੱਤੀ ਸਖਸ਼ੀਅਤ ਤੋਂ ਪ੍ਰਭਾਵਿਤ ਹੋ ਕੇ ਸਿੱਧਾਂ ਦੇ ਮਨਾਂ ਵਿਚ ਇਹ ਖਿਆਲ ਪੈਦਾ ਹੋਇਆ ਕਿ ਐਸਾ ਪ੍ਰਤਿਭਾਸ਼ਾਲੀ ਗਿਆਨਵਾਨ ਮਨੁੱਖ ਜੇ ਕਿਤੇ ਸਾਡੇ ਮੱਤ ਵਿਚ ਸ਼ਾਮਿਲ ਹੋ ਜਾਏ ਤਾਂ ਕਿਤਨਾ ਚੰਗਾ ਹੋਵੇ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ -

*ਸਿਧੀ ਮਨੇ ਬਿਚਾਰਿਆ ਕਿਵੈ ਦਰਸਨ ਏਹ ਲੇਵੈ ਬਾਲਾ।*
*ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ।*
*ਭਾਈ ਗੁਰਦਾਸ ਜੀ*

ਅਜੋਕੇ ਸਮੇਂ ਵੀ ਮਹਾਂਪੁਰਖਾਂ ਅਤੇ ਉਨ੍ਹਾਂ ਵੱਲੋਂ ਪ੍ਰਗਟਾਏ ਰੂਹਾਨੀ ਗਿਆਨ ਨੂੰ ਆਪਣੀ ਹਉਮੈ ਅਧੀਨ, ਇਸ ਤਰ੍ਹਾਂ ਵੰਡ ਕੇ ਦੇਖਣ ਦੀ ਅਤੇ ਮਾਲਕ ਬਨਣ ਦੀ ਮਨੁੱਖੀ ਪ੍ਰਵਿਰਤੀ ਹੈ। ਇਸੇ ਹਉਮੈ ਨੇ ਹੀ ਅੱਜ ਖੇਤਰਵਾਦ, ਧਾਰਮਿਕ, ਸਮਾਜਿਕ, ਸਭਿਆਚਾਰਕ ਤੇ ਰਾਜਨੀਤਕ ਸੰਕਟ ਖੜਾ ਕੀਤਾ ਹੋਇਆ ਹੈ।

ਅਸਲ ਵਿਚ ਜਦੋਂ ਕੁਝ ਮਨੁੱਖ ਦੀਆਂ ਕਮਜ਼ੋਰੀਆਂ, ਸਮੇਂ ਦੀ ਨਿਰੰਤਰ ਚਾਲ ਨਾਲ, ਹਰ ਮਹਾਂਪੁਰਖ ਦੀ ਵਡਮੁੱਲੀ ਅਤੇ ਸਰਬ ਸਾਂਝੀ ਗੱਲ ਨੂੰ ਰੂੜੀਵਾਦੀ ਵਲ ਲੈ ਜਾਣ ਲਗਦੀਆਂ ਹਨ ਤਾਂ ਇਹ ਜਥੇਬੰਦਕ ਰਵਾਇਤ ਵਾਲਾ ਰੂਪ ਧਾਰਨ ਕਰਨ ਲਗਦੀ ਹੈ। ਪੈਰੋਕਾਰਾਂ ਦੁਆਰਾ ਗੁਰੂਆਂ ਪੀਰਾਂ ਦੇ ਉਪਦੇਸ਼ਾਂ ਨੂੰ ਦਿਤੇ ਗਏ ਸ਼ਬਦੀ ਅਰਥ, ਦਿਮਾਗੀ ਚੁੰਚ ਗਿਆਨ ਤਕ ਹੀ ਸੀਮਿਤ ਕਰ ਦਿਤਾ ਜਾਂਦਾ ਹੈ। ਇਸ ਵਿਚੋਂ ਹੀ ਵਾਦ-ਵਿਵਾਦ ਵਾਲੀ ਕਾਵਾਂ ਰੌਲੀ ਸ਼ੁਰੂ ਹੁੰਦੀ ਹੈ, ਜੋ ਈਰਖਾ, ਦਵੈਸ਼, ਕ੍ਰੋਧ, ਹੰਕਾਰ, ਨਫਰਤ ਆਦਿ ਨਾਲ ਮਨੁੱਖੀ ਜੀਵਨ ਨੂੰ ਬਦਸੂਰਤ ਕਰ ਦਿੰਦੀ ਹੈ। ਗਿਆਨਵਾਨ ਪੁਰਸ਼ਾਂ ਵੱਲੋਂ ਮਨੁੱਖ ਨੂੰ ਆਤਮਕ ਰਸ ਪ੍ਰਦਾਨ ਕਰਨ ਦਾ ਉਪਰਾਲਾ, ਨਿਰਾਰਥਕ ਜਿਹਾ ਹੋ ਕੇ ਰਹਿ ਜਾਂਦਾ ਹੈ। ਗੁਰੂ ਫੁਰਮਾਨ ਹੈ -

*ਜਗੁ ਕਊਆ ਮੁਖਿ ਚੁੰਚ ਗਿਆਨੁ ॥*
*ਅੰਤਰਿ ਲੋਭੁ ਝੂਠੁ ਅਭਿਮਾਨੁ ॥* *ਅੰਗ - ੮੩੨*

ਗੁਰੂ ਸਾਹਿਬਾਨ ਦਾ ਸਾਰਾ ਜ਼ੋਰ ਇਸ ਗੱਲ 'ਤੇ ਹੈ ਕਿ ਮਨੁੱਖ ਕਿਵੇਂ ਨਾ ਕਿਵੇਂ ਪ੍ਰਮਾਤਮਾ ਦੇ ਨਿਰਮਲ ਭੈਅ ਵਿਚ ਰਹਿੰਦਿਆਂ, ਹੋਰ ਹਰ ਤਰ੍ਹਾਂ ਦੇ ਭੈਅ ਤੋਂ ਮੁਕਤ ਹੋ ਜਾਵੇ। ਪ੍ਰਭੂ ਸਿਮਰਨ ਦਾ ਰਸ ਮਾਣਦਿਆਂ, ਦੁਨਿਆਵੀ ਰਸਾਂ ਪਿੱਛੇ ਭੱਜਣ ਅਤੇ ਮਾਨਣ ਦੇ ਲਾਲਚ ਤੋਂ ਬਚ ਜਾਵੇ। ਇਥੋਂ ਤਕ ਕਿ ਸਰੀਰਕ ਮੌਤ ਉਪਰੰਤ ਬਿਆਨੇ ਜਾਂਦੇ ਸਵਰਗ ਆਦਿ ਦੀ ਪ੍ਰਾਪਤੀ ਦਾ ਖਿਆਲ ਵੀ ਉਸ ਲਈ ਨਿਰਾਰਥਕ

ਹੋ ਜਾਵੇ। ਸਰੀਰਕ ਤੌਰ ਤੇ ਖਾਣ-ਪੀਣ, ਹੱਸਣ-ਰੋਣ, ਸੌਣ, ਪਹਿਨਣ ਅਤੇ ਸੰਸਾਰ ਨਾਲ ਸਬੰਧ ਬਨਾਉਣ ਦੀਆਂ ਕਿਰਿਆਵਾਂ, ਕੁਦਰਤੀ ਲੋੜ ਦੀ ਸੀਮਾ ਦਾ ਉਲੰਘਣ ਆਦਿ ਇਹ ਮਨੁੱਖੀ ਰੂਹ ਲਈ ਬੰਧਨ ਦਾ ਕਾਰਨ ਨਾ ਬਣਨ ਕਿਉਂਕਿ ਇਨ੍ਹਾਂ ਵਿਚੋਂ ਹੀ ਅਵਗੁਣਾਂ ਭਰੀ ਜ਼ਿੰਦਗੀ ਵਿਕਸਿਤ ਹੁੰਦੀ ਹੈ, ਜੋ ਆਪਣੇ ਆਪ ਵਿਚ ਹੀ ਬੰਧਨ ਹੈ। ਫੁਰਮਾਨ ਹੈ -

*ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ ॥ ਅੰਗ - ੧੨੮੭*

*ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥*

*ਅੰਗ - ੫੯੫*

ਇਨ੍ਹਾਂ ਨੂੰ ਅੰਦਰੋਂ ਖਤਮ ਕਰਨ ਦੀ ਤਿਆਰੀ ਅਤੇ ਗੁਣ ਗ੍ਰਹਿਣ ਕਰਨ ਦਾ ਚਾਓ ਪੈਦਾ ਕਰਨ ਦਾ ਆਦੇਸ਼ ਗੁਰੂ ਸਾਹਿਬ ਇਉਂ ਦਿੰਦੇ ਹਨ -

*ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ ॥*
*ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ ॥*

*ਅੰਗ - ੫੯੫*

ਉਪਰੋਕਤ ਕਾਰਜ ਬਹੁਤ ਕਠਿਨ ਹੈ। ਇਸ ਬਿਖਮ ਕਾਰਜ ਲਈ ਗੁਰਸ਼ਬਦ ਨੂੰ ਸੁਰਤੀ ਦੇ ਨੇੜੇ ਰੱਖਣ ਦੀ ਆਗਿਆ ਕੀਤੀ ਗਈ ਹੈ। ਗੁਰ ਸ਼ਬਦ ਨਾਲ ਪਿਆਰ ਕਰਨ ਵਾਲਿਆਂ ਨਾਲ ਸਦੀਵੀ ਸਬੰਧ ਬਨਾਉਣ ਦਾ ਹੁਕਮ ਵੀ ਇਸੇ ਲਈ ਹੀ ਸੀ -

*ਸਤੀ ਪਹਰੀ ਸਤੁ ਭਲਾ ਬਹੀਐ ਪੜਿਆ ਪਾਸਿ ॥*

*ਅੰਗ - ੧੪੬*

*ਸੇ ਭਾਈ ਸੇ ਸਜਣਾ ਜੋ ਸਚਾ ਸੇਵੰਨਿ ॥*
*ਅਵਗਣ ਵਿਕਣਿ ਪਲ੍ਹਰਨਿ ਗੁਣ ਕੀ ਸਾਝ ਕਰੰਨ੍ਹਿ ॥*
*ਗੁਣ ਕੀ ਸਾਝ ਸੁਖੁ ਊਪਜੈ ਸਚੀ ਭਗਤਿ ਕਰੇਨਿ ॥*
*ਸਚੁ ਵਣੰਜਹਿ ਗੁਰ ਸਬਦ ਸਿਉ ਲਾਹਾ ਨਾਮੁ ਲਏਨਿ ॥*

*ਅੰਗ - ੭੫੬*

ਗੁਰ ਸ਼ਬਦ ਨਾਲ ਸੁਰਤੀ ਜੋੜਨ ਦਾ ਨਤੀਜਾ ਵੀ ਗੁਰਬਾਣੀ ਵਿਚ ਹੈਰਾਨਕੁੰਨ ਦਸਿਆ ਗਿਆ ਹੈ ਕਿ ਜਿਸ ਕਿਸੇ ਨੇ ਵੀ ਗੁਰਬਾਣੀ ਨਾਲ ਸੁਨਣ ਮੰਨਣ ਅਤੇ ਦ੍ਰਿੜ ਕਰਨ ਵਾਲੀ ਸਾਂਝ ਪਾਈ ਉਹ ਗੁਰਬਾਣੀ ਦੇ ਬਖਸ਼ਣਹਾਰ ਸਤਿਗੁਰ ਵਰਗਾ ਹੀ ਹੋ ਜਾਂਦਾ ਹੈ-

*ਸਤਿਗੁਰ ਕੀ ਜਿਸ ਨੋ ਮਤਿ ਆਵੈ*
*ਸੋ ਸਤਿਗੁਰ ਮਾਹਿ ਸਮਾਨਾ ॥*
*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥ ਅੰਗ- ੭੯੭*

ਇਸੇ ਕਰਕੇ ਗੁਰਮਤਿ ਜੀਵਨ ਜੁਗਤ ਅਨੁਸਾਰ ਜੀਵਨ ਜਿਊਣ ਵਾਲੇ ਗੁਰਸਿੱਖਾਂ ਨੂੰ 'ਖਾਲਸਾ' ਪਦਵੀ ਨਾਲ ਸਾਜਿਆ ਨਿਵਾਜਿਆ ਗਿਆ ਅਤੇ ਇਨ੍ਹਾਂ ਖਾਲਸ ਪੁਰਸ਼ਾਂ ਦੇ ਸਮੂੰਹ ਨੂੰ 'ਖਾਲਸਾ-ਪੰਥ' ਐਲਾਨਿਆ ਗਿਆ। ਇਹ ਸ੍ਰੀ ਗੁਰੂ ਨਾਨਕ ਸਾਹਿਬ ਵੱਲੋਂ ਪ੍ਰਭੂ ਹੁਕਮ ਵਿਚ ਅਰੰਭੇ 'ਨਾਨਕ ਨਿਰਮਲ ਪੰਥ' ਦਾ ਰੂਹਾਨੀ ਸਫਰ ਸੀ। ਇਹ ਸਫਰ ਗੁਰਸ਼ਬਦ, ਗੁਰਦੁਆਰਾ ਅਤੇ ਗੁਰਮੁਖਾਂ ਦੇ ਸੁਮੇਲ ਨਾਲ 'ਗੁਰਸੰਗਤ ਕੀਨੀ ਖਾਲਸਾ' ਦੇ ਰੂਪ ਵਿਚ ਮੁਕੰਮਲ ਹੋਇਆ। ਇਸ ਸਫਰ ਨੂੰ ਗੁਰੂ ਬਖਸ਼ਿਸ਼ ਰਾਹੀਂ ਤੈਅ ਕਰਨ ਵਾਲੇ, ਗੁਰੂ ਰੂਪ ਹੀ ਨਹੀਂ ਹੋਏ, ਬਲਕਿ ਗੁਰੂ ਦੇ ਵੀ ਗੁਰੂ ਕਹਾਉਣ ਦਾ ਮਾਣ ਪ੍ਰਾਪਤ ਕਰ ਗਏ। ਇਸੇ ਕਰਕੇ ਹੀ 'ਖਾਲਸਾ ਪੰਥ' ਨੂੰ 'ਗੁਰੂ ਪੰਥ' ਦਾ ਸਤਿਕਾਰ ਬਖਸ਼ਿਸ਼ ਹੋਇਆ।

ਸੋ ਸਾਰ ਰੂਪ ਵਿਚ ਇਹ ਗੱਲ ਸਮਝ ਲੈਣ ਵਾਲੀ ਹੈ ਕਿ ਜਿਸ ਧਾਰਮਿਕ ਇਕਸਾਰਤਾ, ਸਾਂਝੀਵਾਲਤਾ ਦੀ ਚਰਚਾ ਅੱਜ ਬੜੇ ਜ਼ੋਰ ਨਾਲ ਚੱਲ ਰਹੀ ਹੈ ਉਸ ਦੀ ਪ੍ਰਾਪਤੀ ਦਾ ਤਜਰਬਾ ਅੱਜ ਤੋਂ ਤਕਰੀਬਨ 400 ਸਾਲ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦੇ ਰੂਪ ਵਿਚ, ਗੁਰੂ ਸਾਹਿਬ ਨੇ ਕੀਤਾ ਸੀ। ਇਹ ਵੀ ਤੱਥ ਅਤਿਅੰਤ ਮਹੱਤਵਪੂਰਨ ਹੈ ਕਿ ਇਹ ਤਜਰਬਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਹਾਂਪੁਰਖਾਂ ਦੇ ਬਚਨ ਇਕੱਠੇ ਕਰਨ ਤੱਕ ਹੀ ਸੀਮਤ ਨਹੀਂ ਰਿਹਾ ਸਗੋਂ ਇਸ ਰਾਹੀਂ ਸਮੁੱਚੀ ਮਾਨਵਤਾ ਦੇ ਭਲੇ ਵਾਲੇ ਅਮਲੀ ਕਾਰਜ ਵੀ ਗੁਰੂ ਸਾਹਿਬ ਨੇ ਕੀਤੇ ਜਿਵੇਂ ਕਿ ਸਾਂਝੀ ਸੰਗਤ, ਸਾਂਝੀ ਪੰਗਤ ਅਤੇ ਸਾਂਝੇ ਧਰਮ ਅਸਥਾਨ ਹੋਂਦ ਵਿਚ ਲਿਆਂਦੇ ਗਏ। ਮਨੁੱਖੀ ਸਮਾਜ ਦੇ ਇਕ ਹਿੱਸੇ ਨੇ ਆਪਣੀਆਂ ਹਉਮੈ ਭਰੀਆਂ ਨਾ ਸਮਝੀਆਂ ਕਾਰਨ ਧਰਮ, ਜਾਤ-ਪਾਤ, ਇਲਾਕੇਬਾਜ਼ੀ ਦੇ ਨਾਂ ਹੇਠ ਹੀ ਮਨੁੱਖ ਨੂੰ ਮਨੁੱਖ ਨਾਲੋਂ ਤੋੜਿਆ। ਸਿਰਫ ਇਥੇ ਹੀ ਬਸ ਨਹੀਂ ਸਗੋਂ ਉਨ੍ਹਾਂ ਨੇ ਤ੍ਰਿਸਕਾਰਦਿਆਂ ਹੋਇਆਂ ਉਨ੍ਹਾਂ ਲੋਕਾਂ ਕੋਲੋਂ ਮਨੁੱਖ ਕਹਾਉਣ ਦਾ ਹੱਕ ਵੀ ਖੋਹ ਲਿਆ। ਗੁਰੂ ਸਾਹਿਬਾਨ ਨੇ ਇਹ ਐਲਾਨ ਕੀਤਾ ਕਿ ਸਾਰੇ ਮਨੁੱਖ ਮੇਰੇ ਆਪਣੇ ਹਨ -

*ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥*

*ਅੰਗ - ੬੭੧*

ਉਥੇ ਨਾਲ ਹੀ ਉਨ੍ਹਾਂ ਕਿਹਾ ਕਿ ਜਿਹੜੇ ਇਸ ਸੱਚ ਨੂੰ ਨਾ ਸਮਝਦਿਆਂ ਕੇਵਲ ਬਾਹਰੀ ਕਾਰਨਾਂ

*(ਬਾਕੀ ਪੰਨਾ 54 'ਤੇ)*

# ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਨੂੰ ਕਿਵੇਂ ਜਾਰੀ ਰੱਖਿਆ ਤੇ ਪੱਕਿਆਂ ਕੀਤਾ?

*ਸ. ਸਤਿਬੀਰ ਸਿੰਘ*

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਾਮ੍ਹਣੇ ਕਈ ਇਕ ਜ਼ਰੂਰੀ ਮਸਲੇ ਆਏ। ਇਸ ਨਵ-ਜਨਮੇ ਸਿੱਖੀ ਦੇ ਬੂਟੇ ਨੂੰ ਕਈ ਇਕ ਖਤਰੇ ਸਨ। ਸ੍ਰੀ ਗੁਰੂ ਨਾਨਕ ਜੀ ਦੇ ਸਪੁੱਤਰ ਬਾਬਾ ਸ੍ਰੀ ਚੰਦ ਤੇ ਲਖਮੀ ਚੰਦ ਜੀ ਆਪਣੇ ਪਿਤਾ ਦੀ ਚੋਣ ਉਤੇ ਹੀ ਗੁੱਸੇ ਹੋ ਰੋਸ ਮਨਾ ਰਹੇ ਸਨ। ਸ੍ਰੀ ਚੰਦ ਜੀ ਨੇ ਤਾਂ ਉਦਾਸੀ ਮੱਤ ਦੀ ਨੀਂਹ ਵੀ ਰੱਖ ਦਿਤੀ। ਜੋਗੀਆਂ ਦਾ ਖਤਰਾ ਦੂਜੇ ਪਾਸੇ ਸੀ। ਕੋਈ ਪੱਕੇ ਨਿਯਮ ਤੇ ਮਰਿਯਾਦਾ ਨਾ ਹੋਣ ਕਰਕੇ ਇਸ ਲਹਿਰ ਦਾ ਅਲੋਪ ਹੋ ਜਾਣਾ ਕਈ ਲੋਕਾਂ ਨੂੰ ਕੁਦਰਤੀ ਲਗਦਾ ਸੀ। ਪਰ ਜਿਸ ਸਿਆਣਪ, ਸੂਝ, ਮਿਹਨਤ ਤੇ ਲਗਨ ਨਾਲ ਇਸ ਮਹਾਨ ਕੰਮ ਤੇ ਆਦਰਸ਼ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜਾਰੀ ਰੱਖਿਆ ਉਸ ਨੇ ਨਾ ਸਿਰਫ਼ ਸਿੱਖੀ ਨੂੰ ਮਜ਼ਬੂਤ ਤੇ ਪੱਕਿਆਂ ਕੀਤਾ ਸਗੋਂ ਉਸ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਇਤਿਹਾਸ ਵਿਚ ਇਕ ਉੱਤਮ ਦਰਜਾ ਦਿਲਵਾਇਆ ਹੈ। ਸ਼ਾਇਦ ਇਹ ਹੀ ਕਾਰਨ ਹੈ ਕਿ ਆਪ ਜੀ 'ਖਡੂਰ ਦੀ ਜੂਹ' ਤੋਂ ਬਾਹਰ ਵੀ ਨਾ ਗਏ। ਇਹ ਵੀ ਆਪਣੇ ਆਪ ਵਿਚ ਇਕ ਵੱਡੀ ਕੁਰਬਾਨੀ ਸੀ।

1. **ਗੁਰਮੁਖੀ ਦੇ ਪ੍ਰਚਾਰ ਲਈ ਜ਼ੋਰ -** ਸ੍ਰੀ ਗੁਰੂ ਨਾਨਕ ਜੀ ਨੇ ਇਹ ਚੰਗੀ ਤਰ੍ਹਾਂ ਦੇਖ ਲਿਆ ਸੀ ਜਿੰਨਾ ਚਿਰ ਆਪਣੀ ਬੋਲੀ ਨਹੀਂ ਮੌਲਦੀ ਉਤਨਾ ਚਿਰ ਤਕ ਦਿਤੇ ਉਪਦੇਸ਼ ਸਥਿਰਤਾ ਪ੍ਰਾਪਤ ਨਹੀਂ ਕਰ ਸਕਦੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਾਈ ਬੋਲੀ ਬੋਲਣ ਵਾਲਿਆਂ ਨੂੰ ਚੰਗਾ ਛੰਡਿਆ ਸੀ ਤੇ ਫੁਰਮਾਇਆ ਸੀ ਕਿ ਇਹ ਲੋਕੀਂ ਪਰਾਈ ਬੋਲੀ ਅਪਣਾ ਕੇ ਆਪਣਾ ਧਰਮ ਵੀ ਛੱਡੀ ਜਾ ਰਹੇ ਸਨ, ***ਖੱਤਰੀਆਂ ਤਾਂ ਧਰਮ ਛੋਡਿਆ ਮਲੇਛ ਭਾਖਿਆ ਗਹੀ।'*** ਉਨ੍ਹਾਂ ਲੋਕਾਂ ਦੇ ਘਰਾਂ ਵਿਚ 'ਮੀਆਂ ਮੀਰ' ਹੁੰਦੀ ਸੀ।

ਸ੍ਰੀ ਅੰਗਦ ਦੇਵ ਜੀ ਨੇ ਇਸ ਲੋੜ ਨੂੰ ਸਮਝ ਲਿਆ ਸੀ ਤੇ ਉਨ੍ਹਾਂ ਜਗਤ ਦੇ ਨਿਸਤਾਰੇ ਲਈ ਗੁਰਮੁਖੀ ਪੜ੍ਹਨ ਤੇ ਪੜ੍ਹਾਨ ਉਤੇ ਬਹੁਤ ਜ਼ੋਰ ਦਿਤਾ। ਰਵਾਇਤ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਪੈਂਤੀ ਪੜ੍ਹਾਉਣ ਲਈ ਇਕ 'ਬਾਲਬੋਧ' ਵੀ ਲਿਖਿਆ। ਡਾਕਟਰ ਲਾਇਟਨਰ ਲਿਖਦੇ ਹਨ, 'ਗੁਰੂ ਅੰਗਦ (ਦੇਵ ਜੀ) ਨੇ ਪ੍ਰੋਫੈਸਰ ਹਕਸਲੇ ਵਾਂਗ ਬੱਚਿਆਂ ਲਈ ਬਾਲ-ਬੋਧ ਦੇ ਕਾਇਦੇ ਲਿਖੇ ਤੇ ਐਸਾ ਕਰਨਾ ਕੋਈ ਸ਼ਾਨ ਤੋਂ ਨੀਵਾਂ ਨਾ ਸਮਝਿਆ। ਨਾਲ ਹੀ ਉਨਹਾਂ ਵਰਣਮਾਲਾ ਅਨੁਸਾਰ ਸਿੱਖਿਆਦਾਇਕ ਕਿਤਏ ਵੀ ਲਿਖੇ।

ਗੁਰਮੁਖੀ ਦੇ ਸ਼ਬਦ ਤੋਂ ਹੀ ਪ੍ਰਗਟ ਹੁੰਦਾ ਹੈ ਕਿ ਸਿੱਖੀ ਸੰਸਕ੍ਰਿਤ ਤੇ ਉਸੇ ਦੇ ਸੋਮਿਆਂ ਵੇਦਾਂ ਤੋਂ ਉਤੇ ਤੇ ਅੱਡ ਹੋ ਗਈ। ਗੁਰਮੁਖੀ ਯਾਦ ਦਿਲਾਂਦੀ ਰਹਿੰਦੀ ਸੀ ਕਿ ਜੋ ਗੁਰੂ ਦੇ ਮੁਖ ਤੋਂ ਨਿਕਲਿਆ ਹੈ, ਉਹ ਸ਼ਬਦ ਹੈ ਤੇ ਬਾਕੀ ਕੱਚੀ ਤੇ ਕੂੜੀ ਬਾਣੀ ਹੈ। ਹਰੀ ਰਾਮ ਗੁਪਤਾ ਦਾ ਇਹ ਕਹਿਣਾ ਠੀਕ ਨਹੀਂ ਕਿ ਇਸ ਨਾਲ ਸਿੱਖੀ ਸੀਮਤ ਹੋ ਗਈ। ਸਿੱਖੀ ਦੀ ਜੜ੍ਹ ਸਗੋਂ ਇਤਨੀ ਮਜ਼ਬੂਤ ਹੋ ਗਈ ਕਿ ਕੋਈ ਇਸ ਨੂੰ ਹਿਲਾ ਹੀ ਨਾ ਸਕਿਆ।

ਉਸ ਸਮੇਂ ਤੋਂ ਹੀ ਗੁਟਕੇ ਲਿਖ ਕੇ ਵੰਡਣ ਦਾ ਰਿਵਾਜ ਪਿਆ। ਅੱਗੇ ਜਾ ਕੇ ਇਹ ਰਹਿਤਨਾਮਿਆਂ ਦਾ ਇਕ ਜ਼ਰੂਰੀ ਅੰਗ ਬਣ ਗਿਆ ਕਿ ਇਕ ਸਿੱਖ ਜ਼ਿੰਦਗੀ ਵਿਚ ਘੱਟ ਤੋਂ ਘੱਟ ਇਕ ਗੁਟਕਾ ਲਿਖੇ ਜਾਂ ਲਿਖਵਾ ਕੇ ਵੰਡੇ।

2. **ਗੁਰਬਾਣੀ ਨੂੰ ਸੰਭਾਲ ਕੇ ਰੱਖਣਾ ਤੇ ਵਾਧੂ ਬਾਣੀ ਦਰਜ ਨਾ ਹੋਣ ਦੇਣੀ -** ਸ੍ਰੀ ਗੁਰੂ ਨਾਨਕ ਜੀ ਆਪਣੇ ਪ੍ਰਚਾਰ-ਦੌਰਿਆਂ ਵਿਚ ਜੋ ਸ਼ਬਦ ਵੀ ਉਚਾਰਦੇ ਸਨ, ਲਿਖ ਲੈਂਦੇ ਸਨ। ਜੋ ਸ਼ਬਦ ਉਥੇ ਨਾ ਲਿਖੇ ਜਾ ਸਕੇ, ਵਾਪਸ ਟਿਕਾਣੇ ਆ ਕੇ ਸਿੱਖ ਲਏ ਸੀ। ਇਸ ਤਰ੍ਹਾਂ ਕਿਤਾਬ (ਗ੍ਰੰਥ) ਬਣ ਗਈ। ਇਸੇ ਕਿਤਾਬ (ਗ੍ਰੰਥ) ਨੂੰ ਹਾਜੀਆਂ ਮੱਕੇ ਵਿਚ ਦੇਖ ਕੇ ਆਖਿਆ ਸੀ, ਇਹ ਖੋਲ੍ਹ ਕੇ ਦੱਸੋ ਕਿ ਕੌਣ ਵੱਡਾ ਹੈ, ਹਿੰਦੂ ਜਾਂ ਮੁਸਲਮਾਨ?

ਜੋਤੀ ਜੋਤ ਸਮਾਉਣ ਵੇਲੇ ਇਹ ਵਡਮੁੱਲਾ ਖਜ਼ਾਨਾ ਸ੍ਰੀ ਗੁਰੁ ਨਾਨਕ ਜੀ ਸ੍ਰੀ ਅੰਗਦ ਦੇਵ ਜੀ

ਨੂੰ ਦੇ ਗਏ ਸਨ। ਮਹਿਮਾ ਪ੍ਰਕਾਸ਼ ਅਨੁਸਾਰ ਸ੍ਰੀ ਗੁਰੂ ਅੰਗਦ ਜੀ ਨੇ ਸ੍ਰੀ ਗੁਰੂ ਨਾਨਕ ਜੀ ਕੋਲੋਂ ਤਿੰਨ ਹੀ ਵਸਤੂਆਂ, ਪੋਥੀ, ਕਮਰਕੱਸਾ ਅਤੇ ਰਬਾਬੀ ਬਲਵੰਡ ਹੀ ਮੰਗੇ ਸਨ। ਬਲਵੰਡ ਦੀ ਸੌਂਪਣੀ ਕਰਨ ਸਮੇਂ ਸ੍ਰੀ ਗੁਰੂ ਨਾਨਕ ਜੀ ਨੇ ਕਿਹਾ ਸੀ, ਇਸ ਨੂੰ ਇਵੇਂ ਰੱਖਣਾ ਜਿਵੇਂ ਬੱਤੀ ਦੰਦਾਂ ਵਿਚ ਜੀਭ ਹੁੰਦੀ ਹੈ। 'ਜਿਮ ਦਾਂਤਨ ਨੇ ਜੀਭ ਵਚਨ ਸੁੱਭ ਭਾਖੀਏ।'

ਸ੍ਰੀ ਅੰਗਦ ਦੇਵ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁੰਦਿਆਂ ਹੀ ਬਾਣੀ ਸੰਭਾਲ ਰਹੇ ਸਨ। ਉਨ੍ਹਾਂ ਦੇ ਜੀਂਦਿਆਂ ਤਾਂ ਕਿਸੇ ਦੀ ਜੁਰਅਤਿ ਨਹੀਂ ਸੀ ਕਿ ਗਲਤ ਬਾਣੀ ਰਚ ਸਕੇ ਪਰ ਡਰ ਭਾਸ ਰਿਹਾ ਸੀ ਮਤੇ ਕੋਈ ਨਾਨਕ ਨਾਂ ਹੇਠਾਂ ਨਾ ਉਚਾਰਨ ਲੱਗ ਪਏ। ਸੋ ਜਿੱਥੇ-ਜਿੱਥੇ ਵੀ ਪਤਾ ਲੱਗਾ ਕਿ ਬਾਣੀ ਪਈ ਹੈ, ਆਪ ਜੀ ਨੇ ਸਿੱਖ ਭੇਜੇ ਅਤੇ ਉਨ੍ਹਾਂ ਬਾਣੀ ਲੈ ਆਂਦੀ। ਉਨ੍ਹਾਂ ਗੁਰੂ ਸ਼ਬਦ ਕਸਵੱਟੀ 'ਤੇ ਲਗਾ ਕੇ ਦੇਖੀ ਤੇ ਨਿਰੋਲ ਬਾਣੀ ਉਨ੍ਹਾਂ ਕੋਲ ਪੁਸਤਕ ਦੇ ਰੂਪ ਵਿਚ ਇਕੱਠੀ ਹੋ ਗਈ। 'ਇਹ ਸਭ' ਮਹਿਮਾ ਪ੍ਰਕਾਸ਼ ਵਾਲਾ ਕਹਿੰਦਾ ਹੈ, 'ਸ੍ਰੀ ਗੁਰੂ ਨਾਨਕ ਜੀ ਦੇ ਕਹਿਣ ਅਨੁਸਾਰ ਸੀ। ਗੁਰੂ ਜੀ ਨੇ ਫੁਰਮਾਇਆ ਸੀ ਕਿ ਗੁਰੂ-ਸ਼ਬਦ ਦਾ ਪ੍ਰਚਾਰ ਕਰੋ।

**3. ਇਤਿਹਾਸ ਸੰਭਾਲ, ਜੀਵਨ ਸਮਾਚਾਰ ਇਕੱਠੇ ਕਰਨੇ** - ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁੱਢਲੇ ਸਮਾਚਾਰ ਨਹੀਂ ਸੁਣੇ ਸਨ। ਗੁਰ-ਸਾਖੀ ਸੁਣ ਕੇ ਕਈ ਦਿਨ ਆਪ ਜੀ 'ਵਜਦ' ਵਿਚ ਰਹਿੰਦੇ ਹਨ। ਇਸ ਸੱਚਾਈ ਨੂੰ ਉਹ ਜਾਣਦੇ ਸਨ ਕਿ ਇਹ ਸੰਖੇਪ ਜੀਵਨ ਕਹਾਣੀ ਪੂਰੀ ਜੀਵਨ ਕਥਾ ਦੀ ਹੈਸੀਅਤ ਰਖਦੀ ਹੈ। ਸੋ ਤੀਸਰਾ ਵੱਡਾ ਕੰਮ ਜੋ ਆਪ ਨੇ ਸ਼ੁਰੂ ਕੀਤਾ ਉਹ ਜੀਵਨ ਸਮਾਚਾਰ ਇਕੱਠਿਆਂ ਕਰਨ ਵਾਲਾ ਸੀ। ਆਪ ਜੀ ਨੇ ਬਾਲ ਲੀਲ੍ਹਾ ਦੇ ਸਮਾਚਾਰ ਤਲਵੰਡੀ ਤੋਂ ਇਕੱਠੇ ਕੀਤੇ। ਕੁਝ ਤਾਂ ਭਾਈ ਲਾਲ ਜੀ ਤੋਂ ਮਿਲੇ ਤੇ ਕੁਝ ਹੋਰ ਲੋਕਾਂ ਤੋਂ। ਪਹਿਲੀ ਸਾਖੀ ਜਨਮ ਦੀ ਹੋਣ ਕਰਕੇ ਲਿਖਿਆ ਗਿਆ 'ਜਨਮ ਸਾਖੀ'। ਪਰ ਜਦੋਂ ਕੋਈ ਸ੍ਰੀ ਗੁਰੂ ਨਾਨਕ ਪ੍ਰੇਮੀ ਖਡੂਰ ਦਰਸ਼ਨਾਂ ਨੂੰ ਆਇਆ, ਉਸ ਵਾਰਤਾ ਦੱਸੀ, ਗੁਰੂ ਜੀ ਨੇ ਲਿਖਵਾ ਲਈ ਅਤੇ ਲਿਖਿਆ ਗਿਆ 'ਸਾਖੀ ਹੋਰ ਚਲੀ।' ਜਦ ਵੀ ਪ੍ਰੇਮੀ ਆਂਦੇ ਸਨ, ਉਹ ਕੋਈ ਵਾਰਤਾ ਸੰਮਤ ਅਨੁਸਾਰ ਜਾਂ ਕ੍ਰਮ ਅਨੁਸਾਰ ਨਹੀਂ ਸਨ ਸੁਣਾਂਦੇ, ਸੋ ਸਿਰਫ ਸਾਖੀਆਂ ਦੀ ਇਕ ਕਿਤਾਬ ਜਾਂ ਪੋਥੀ ਬਣ ਗਈ। ਪਹਿਲੀ ਸਾਖੀ ਦਾ ਨਾਮ 'ਜਨਮ ਸਾਖੀ' ਹੋਣ ਕਰਕੇ ਸਮੁੱਚੀ ਦਾ ਨਾਮ ਹੀ 'ਜਨਮ ਸਾਖੀ' ਪੈ ਗਿਆ।

**4. ਉਦਾਸੀ ਸੰਸਥਾ ਦੇ ਪ੍ਰਭਾਵ ਤੋਂ ਸਿੱਖੀ ਨੂੰ ਬਚਾਉਣਾ** - ਬਾਬਾ ਸ੍ਰੀ ਚੰਦ ਜੀ ਨੇ ਉਦਾਸੀ ਮੱਤ ਦੀ ਨੀਂਹ ਰੱਖ ਦਿਤੀ ਸੀ। ਸ੍ਰੀ ਚੰਦ ਜੀ ਅਤੀਤ ਹੋ ਕੇ, ਗ੍ਰਹਿਸਤ ਤਜ, ਲੋਕਾਂ ਵਿਚ ਵੀ ਉਦਾਸੀ ਮੱਤ ਦਾ ਪ੍ਰਚਾਰ ਕਰਨ ਲੱਗ ਪਏ। ਸ੍ਰੀ ਗੁਰੂ ਨਾਨਕ ਜੀ ਦੇ ਵੱਡੇ ਸਪੁੱਤਰ ਹੋਣ ਕਰਕੇ ਉਨ੍ਹਾਂ ਦਾ ਸਨਮਾਨ ਹੋਣਾ ਕੁਦਰਤੀ ਗੱਲ ਸੀ। ਬਹੁਤੇ ਲੋਕ ਉਨ੍ਹਾਂ ਵੱਲ ਖਿੱਚੇ ਗਏ। ਡਰ ਸੀ ਮਤੇ ਸਿੱਖੀ ਲਹਿਰ ਹੀ ਉਦਾਸੀ ਲਹਿਰ ਵਿਚ ਜਜ਼ਬ ਨਾ ਹੋ ਜਾਏ। ਸੋ ਗੁਰੂ ਜੀ ਨੇ ਗ੍ਰਹਿਸਤ ਵਿਚ ਰਹਿਣ ਉਤੇ ਬਹੁਤ ਜ਼ੋਰ ਦਿਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਦੁਆਰਾ ਸੰਗਤਾਂ ਅਤੇ ਜੋਗੀਆਂ ਵਿਚ ਯਕੀਨ ਰੱਖਣ ਵਾਲਿਆਂ ਨੂੰ ਉਦਾਸੀ ਮੱਤ ਵਿਚ ਜਾਣ ਤੋਂ ਵਰਜਿਆ। 'ਬਾਬਾ ਜੁਗਤਾ ਜੀਉ, ਜੁਗਹ ਜੁਗ ਜੋਗੀ, ਪਰਮ ਤੰਤ ਮਹਿ ਜੋਗੀ' ਵਾਲਾ ਆਦਰਸ਼ ਦ੍ਰਿੜ੍ਹਾਇਆ। ਗੁਰੂ ਜੀ ਨੇ ਦੱਸਿਆ ਕਿ ਮਾਇਆ ਵਿਚ ਵਸਦਿਆਂ ਮਾਇਆ ਦੇ ਮਾੜੇ ਅਸਰ ਤੋਂ ਬਚੇ ਰਹਿਣ ਵਾਲੇ ਗ੍ਰਹਿਸਤੀ ਜੀਵਨ ਵਿਚ ਹੀ ਉਸ 'ਪਰਮਾਨੰਦ' ਨੂੰ ਪ੍ਰਾਪਤ ਕਰ ਲੈਂਦੇ ਹਨ। ਜੋ ਲੋਕ ਜੰਗਲਾਂ ਪਰਬਤਾਂ ਤੇ ਡੇਰੇ ਲਗਾ ਲੈਂਦੇ ਹਨ, ਉਨ੍ਹਾਂ ਤੋਂ ਜਗਤ ਦਾ ਕੋਈ ਲਾਭ ਨਹੀਂ। ਫਿਰ ਹੈਰਾਨੀ ਦੀ ਗੱਲ ਹੈ ਕਿ ਰੋਜ਼ੀ ਲਈ ਉਨ੍ਹਾਂ ਕੋਲੋਂ ਹੀ ਮੰਗਣ ਜਾਂਦੇ ਹਨ। ਤਨ ਨੂੰ ਫ਼ਕੀਰੀ ਵੇਸ, ਮਨ ਨੂੰ ਮੰਦਰ ਬਣਾ ਕੇ ਅੰਦਰ ਹੀ ਤੀਰਥ ਵੇਖਿਆ ਜਾ ਸਕਦਾ ਹੈ। ਉਸ 'ਨਾਮ ਤੀਰਥ' ਵਿਚ ਇਸ਼ਨਾਨ ਨਾਲ ਸਭ ਸਿਧੀਆਂ ਪ੍ਰਾਪਤ ਹੋ ਜਾਂਦੀਆਂ ਹਨ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਮਝਾਇਆ ਕਿ ਇਕ ਹਿਸਾਬ ਨਾਲ ਗ੍ਰਹਿਸਤੀ ਫਕੀਰ ਨਾਲੋਂ ਉੱਚਾ ਹੈ ਤੇ ਉੱਚਾ ਹੋਈ ਜਾਂਦਾ ਹੈ। ਗ੍ਰਹਿਸਤੀ ਦੀ ਨਾਮ ਦੀ ਕਮਾਈ ਕੋਲ ਰਹਿੰਦੀ ਹੈ ਤੇ ਅਤੀਤ ਉਦਾਸੀ ਦੀ ਵੰਡੀਂਦੀ ਰਹਿੰਦੀ ਹੈ। ਜਿਸ ਵੇਲੇ ਗ੍ਰਹਿਸਤੀ ਫਕੀਰ ਨੂੰ ਕੁਝ ਦਾਨ ਦੇਵੇਗਾ, ਫਕੀਰ, ਉਦਾਸੀ, ਅਸੀਸਾਂ ਦੇਵੇਗਾ, ਆਪਣਾ ਭੰਡਾਰਾ ਖਾਲੀ ਕਰੇਗਾ। ਕਿਰਤ-ਕਾਰ ਕਰ ਕੇ ਖਾਣ ਵਾਲਾ ਜੋ ਭਗਤੀ ਕਰਦਾ ਹੈ, ਉਹ ਵੀ ਉਸ ਕੋਲ, ਜੋ ਦਾਨ ਦੇ ਕੇ ਉਸ ਬਖਸ਼ਿਸ਼ ਲਈ ਉਸ ਦਾ ਵੀ ਫ਼ਲ। ਸੋ ਗ੍ਰਹਿਸਤ ਸਭ ਤੋਂ ਉੱਤਮ

ਧਰਮ ਹੈ।

ਇਨ੍ਹਾਂ ਪ੍ਰਚਾਰਾਂ ਤੇ ਦ੍ਰਿਸ਼ਟਾਂਤਾਂ ਸਦਕਾ ਉਦਾਸੀ ਮੱਤ ਨੂੰ ਕਾਫੀ ਸੱਟ ਵੱਜੀ ਤੇ ਉਹ ਇਕ ਛੋਟੀ ਜਿਹੀ ਸੰਪਰਦਾ ਹੀ ਬਣ ਕੇ ਰਹਿ ਗਿਆ ਤੇ ਸਿੱਖੀ ਲਹਿਰ ਜ਼ੋਰ ਪਕੜ ਗਈ। ਪਿੱਛੋਂ ਚਾਰ ਧੂਣੀਆਂ ਪ੍ਰਚਾਰ ਦੀਆਂ ਬਣੀਆਂ। ਸ੍ਰੀ ਗੁਰੂ ਹਰਿਗੋਬਿੰਦ ਜੀ ਵੇਲੇ ਇਹ ਹੀ ਉਦਾਸੀ, ਸਿੱਖ ਮੱਤ ਦੇ ਪ੍ਰਚਾਰ ਲਈ ਜੁੱਟ ਗਏ।

**5. ਲੰਗਰ ਦੀ ਸੰਸਥਾ** – ਸ੍ਰੀ ਗੁਰੂ ਨਾਨਕ ਦੇਵ ਜੀ ਨੇ ਡਟ ਕੇ ਜਾਤ-ਪਾਤ ਦੀ ਵਿਰੋਧਤਾ ਕੀਤੀ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਰੱਜ ਕੇ ਨੀਵੀਆਂ ਜਾਤਾਂ ਨਾਲ ਪਿਆਰ ਕੀਤਾ। ਨੀਵੀਆਂ ਤੇ ਉੱਚੀਆਂ ਜਾਤਾਂ ਨੂੰ ਇਕ ਥਾਵੇਂ ਬਿਠਾ ਕੇ 'ਚੌਂਕੇ' ਦਾ ਭਰਮ-ਭੇਦ ਮਿਟਾਇਆ। ਇਕ 'ਪੰਗਤ' ਵਿਚ ਬੈਠਣ ਦੀ ਮਰਿਯਾਦਾ ਬੰਨ੍ਹੀ। 'ਸੰਗਤ' ਨਾਲ 'ਪੰਗਤ' ਨੇ ਵੀ ਜਨਮ ਲਿਆ। ਲੰਗਰ ਨੇ ਇਕ ਹੋਰ ਕੰਮ ਵੰਡ ਛਕਣ ਦਾ ਵੀ ਕੀਤਾ। ਲੋਕਾਂ ਦੀ ਰੁਚੀ 'ਦਾਨ ਦੇਣ, ਵੰਡਣ' ਵਲ ਕੀਤੀ। ਆਪਣੀ ਕਮਾਈ ਵਿਚੋਂ ਸਿੱਖ, ਗੁਰ-ਖਜ਼ਾਨੇ-ਲੰਗਰ ਵਿਚ ਹਿੱਸਾ ਪਾਉਣ ਲੱਗੇ। ਹਰ ਇਕ ਲੋੜਵੰਦ ਨੂੰ ਰੋਟੀ ਬਗੈਰ ਸੰਕੋਚ ਦੇ ਮਿਲਣ ਲੱਗੀ। ਇਸ ਲੰਗਰ ਦਾ ਸਦਕਾ ਸਿੱਖਾਂ ਵਿਚ ਸੇਵਾ ਭਾਵ ਜਾਗਿਆ। ਸਿਮਰਨ ਦੇ ਨਾਲ ਸੇਵਾ ਵੀ ਜ਼ਰੂਰੀ ਅੰਗ ਬਣ ਗਿਆ। ਗੁਰੂ ਜੀ ਆਪ ਲੰਗਰ ਵਲ ਖਾਸ ਧਿਆਨ ਦੇਂਦੇ ਸਨ। ਮਾਤਾ ਖੀਵੀ ਜੀ ਤਾਂ ਹਰ ਵੇਲੇ ਲੰਗਰ ਵਿਚ ਜੁਟੇ ਰਹਿੰਦੇ ਸਨ। ਸੱਤਾ ਤੇ ਬਲਵੰਡ ਨੇ ਮਾਤਾ ਖੀਵੀ ਜੀ ਦੀ ਘਾਲਣਾ ਦਾ ਜ਼ਿਕਰ ਬਹੁਤ ਸੁਹਣੇ ਸ਼ਬਦਾਂ ਵਿਚ ਕੀਤਾ ਹੈ –

*ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ ॥*
*ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ ॥*
*ਅੰਗ – ੯੬੭*

ਸਿੱਖ ਇਤਿਹਾਸ ਕਹਿੰਦਾ ਹੈ ਕਿ ਜਦ ਸ੍ਰੀ ਗੁਰੂ ਅੰਗਦ ਜੀ ਖਡੂਰ ਆਏ ਸਨ ਤਾਂ ਮਾਤਾ ਖੀਵੀ ਜੀ ਨੂੰ ਉਪਦੇਸ਼ ਕਰਦੇ ਹੋਏ ਕਿਹਾ ਸੀ, ਜਦੋਂ ਮੇਰੇ ਦਾਤਾ ਨੇ ਸ਼ਬਦ ਦਉਲਤ ਵੰਡਣ ਦੀ ਆਗਿਆ ਕੀਤੀ ਸੀ ਤਾਂ ਤੇਰੇ ਹਿੱਸੇ 'ਅੰਨ-ਦੇਵ' ਦਾ ਕੜਛਾ ਆਇਆ ਸੀ।" ਖੀਵੀ ਜੀ ਆਪੂੰ ਲੰਗਰ ਵਿਚ ਕੜਾਹ ਪ੍ਰਸ਼ਾਦ ਵਰਤਾਇਆ ਕਰਦੇ ਸਨ। ਰੀਝ ਨਾਲ ਲੰਗਰ ਦੀ ਸੇਵਾ ਕਰਦੇ। ਉਨ੍ਹਾਂ ਪਾਸ ਦੋ ਲਾਂਗਰੀ ਭਾਈ ਕਿਦਾਰਾ ਤੇ ਭਾਈ ਜੋਧ ਰਸੋਈਆ ਵੀ ਸਨ। ਉਨ੍ਹਾਂ ਵੀ ਖੀਵੀ ਜੀ ਕੋਲੋਂ ਐਸੀ ਸਿੱਖਿਆ ਪਾਈ ਕਿ ਸਾਫ਼ ਨੀਤੀ ਤੇ ਉਦਾਰਤਾ ਨਾਲ ਪ੍ਰਸ਼ਾਦ ਵਰਤਾਉਂਦੇ ਕਿ ਕਦੇ ਕੋਈ ਚੀਜ਼ ਘਟਦੀ ਨਹੀਂ ਸੀ।

**6. ਲੋਕਾਂ ਵਿਚ ਸਰੀਰ ਨੂੰ ਸਾਂਭਣ ਤੇ ਤਕੜਿਆਂ ਕਰਨ ਲਈ ਉਤਸ਼ਾਹ ਭਰਨਾ** – ਯੋਗੀ, ਸੰਨਿਆਸੀ ਤੇ ਬਾਕੀ ਅਤੀਤ ਇਸ ਸਰੀਰ ਨੂੰ ਕਸ਼ਟਾਂ ਵਿਚ ਪਾਉਣ ਉਤੇ ਹੀ ਜ਼ੋਰ ਦਿੰਦੇ ਸਨ। ਗੁਰੂ ਜੀ ਨੇ ਇਸ ਸਰੀਰ ਦੀ ਸੰਭਾਲ ਉਤੇ ਜ਼ੋਰ ਦਿਤਾ। ਜੇ ਸਰੀਰ ਰੂਪੀ ਘੋੜਾ ਬਲਵਾਨ ਨਹੀਂ ਤਾਂ ਕਈ ਬੀਮਾਰੀਆਂ ਇਸ ਨੂੰ ਲੱਗ ਸਕਦੀਆਂ ਹਨ। ਇਸ ਮੰਤਵ ਲਈ ਗੁਰੂ ਜੀ ਨੇ ਖਡੂਰ ਵਿਖੇ ਇਕ 'ਅਖਾੜਾ' (ਕੁਸ਼ਤੀਆਂ ਘੁਲਣ ਲਈ) ਬਣਾਇਆ। ਉਥੇ ਰੋਜ਼ ਗੁਰੂ ਆਪ ਕੁਸ਼ਤੀਆਂ ਦੇਖਿਆ ਕਰਦੇ ਸਨ ਅਤੇ ਕੁਸ਼ਤੀ ਘੁਲਣ ਵਾਲਿਆਂ ਨੂੰ ਉਤਸ਼ਾਹ ਦਿੰਦੇ ਸਨ –

*ਸਤਿਗੁਰ ਪ੍ਰਸੰਨ ਹੋਇ ਤਿਹ ਦੇਖੇਂ।*

ਇਹ ਕਰਮ ਦੇਖਣ ਨੂੰ ਤਾਂ ਛੋਟਾ ਹੈ ਪਰ ਆਪਣੇ ਆਪ ਵਿਚ ਇਕ ਮਹਾਨ ਉੱਦਮ ਤੇ ਉਚੇਰਾ ਕਰਮ ਹੈ। ਆਉਣ ਵਾਲੇ ਸਿੱਖ ਇਤਿਹਾਸ ਵਿਚ ਸਿੱਖਾਂ ਨੇ ਜੋ ਕਮਾਲ ਦਿਖਾਏ ਇਹ ਉਨ੍ਹਾਂ ਦਾ ਨਿਮਾਣਾ ਜਿਹਾ ਮੁੱਢ ਸੀ। ਜਦੋ-ਜਹਿਦ ਉਹ ਹੀ ਕਰ ਸਕਦਾ ਹੈ ਜਿਸ ਦਾ ਸਰੀਰ ਅਰੋਗ ਤੇ ਮਜ਼ਬੂਤ ਹੈ। ਗੁਰੂ ਜੀ ਨੇ ਇਸ ਪਾਸੇ ਧਿਆਨ ਦੇ ਕੇ ਉਸ ਘਾਟ ਨੂੰ ਪੂਰਿਆਂ ਕਰ ਦਿਤਾ। ਚੀਨ ਦਾ ਸਿਆਣਾ ਪੁਰਸ਼ ਕਨਫੂਸੀਅਸ ਕਿਹਾ ਕਰਦਾ ਸੀ ਕਿ ਹਜ਼ਾਰਾਂ ਮੀਲ ਦਾ ਸਫ਼ਰ ਇਕ ਕਦਮ ਨਾਲ ਹੀ ਆਰੰਭ ਹੁੰਦਾ ਹੈ। ਸੋ ਆਉਣ ਵਾਲੀਆਂ ਮਹਾਨ ਘਟਨਾਵਾਂ ਵੱਲ ਇਹ ਇਕ ਕਦਮ ਸੀ ਜੋ ਗੁਰੂ ਅੰਗਦ ਦੇਵ ਜੀ ਨੇ ਚੁੱਕਿਆ।

**7. ਮਰਯਾਦਾ ਪੱਕੀ ਕਰਨੀ** – ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਾਰੀ ਜ਼ਿੰਦਗੀ, ਖਾਸ ਕਰ ਕਰਤਾਪੁਰ ਵਿਚ ਇਕ ਮਰਯਾਦਾ, ਨਿਯਮ ਵਿਚ ਚਲਦੀ ਸੀ ਪਰ ਸਿੱਖਾਂ ਲਈ ਕੋਈ ਖ਼ਾਸ ਹਦਾਇਤ ਨਹੀਂ ਸੀ। ਖਡੂਰ ਸਾਹਿਬ ਵਿਖੇ ਗੁਰੂ ਜੀ ਨੇ ਸਿੱਖਾਂ ਲਈ ਸਵੇਰ ਤੋਂ ਸ਼ਾਮ ਤਕ ਦਾ ਪ੍ਰੋਗਰਾਮ ਬਣਾਇਆ ਤੇ ਸਿੱਖਾਂ ਨੂੰ ਪ੍ਰੇਰਨਾ ਕੀਤੀ ਕਿ ਉਹ ਉਸ ਉਤੇ ਪਾਬੰਦ ਰਹਿਣ। ਇਹ ਹੀ ਮਰਿਯਾਦਾ ਬਾਅਦ ਵਿਚ ਪੱਕੀ ਹੋਈ 'ਤੇ ਥਾਂ ਪੁਰ ਥਾਂ ਲੋੜ ਅਨੁਸਾਰ

ਤਬਦੀਲੀਆਂ ਹੁੰਦੀਆਂ ਰਹੀਆਂ।

ਪਹਿਰ ਰਾਤ ਰਹਿੰਦੀ ਸਿੱਖ ਉੱਠ ਕੇ ਇਸ਼ਨਾਨ ਕਰੇ, ਖੁੱਲ੍ਹੀ ਥਾਵੇਂ। ਫਿਰ ਸੰਗਤ ਵਿਚ ਜਾ ਕੇ ਸ਼ਬਦ ਕੀਰਤਨ ਸੁਣੇ। ਪਿੱਛੋਂ ਕਾਰ-ਵਿਹਾਰ ਕਰੇ। ਲੰਗਰ ਦੀ ਸੇਵਾ ਕਰਕੇ ਪ੍ਰਸ਼ਾਦ ਛਕੇ। ਸ਼ਾਮ ਨੂੰ ਫਿਰ ਸੰਗਤ ਕਰਕੇ ਬਿਸਰਾਮ ਕਰੇ। ਖਡੂਰ ਸਾਹਿਬ ਗੁਰੂ ਜੀ ਨੇ ਇਹ ਹੀ ਮਰਯਾਦਾ ਚਲਾਈ।

ਪਹਿਰ ਰਾਤ ਰਹਿੰਦੇ ਗੁਰੂ ਜੀ ਆਪ ਉੱਠਦੇ। ਇਸ਼ਨਾਨ ਕਰਕੇ, ਸੰਗਤ ਵਿਚ ਆਉਂਦੇ। ਉੱਥੇ ਰਬਾਬੀ ਕੀਰਤਨ ਕਰਦੇ। ਫਿਰ ਸਿੱਖਾਂ ਦੇ ਸ਼ੰਕੇ ਨਵਿਰਤ ਕਰਦੇ। ਸ਼ਬਦ ਕੀਰਤਨ ਕਰਨ ਉਪਰੰਤ ਸਾਰੇ ਲੰਗਰ ਵਿਚ ਜੁੱਟ ਜਾਂਦੇ। ਲੰਗਰ ਛਕ ਕੇ ਗੁਰੂ ਜੀ ਚਾਰ ਘੜੀ ਲਈ ਬਿਰਾਜ ਜਾਂਦੇ। ਜਦ ਨੀਂਦ ਪੂਰੀ ਕਰਕੇ ਆਪ ਜੀ ਉੱਠਦੇ ਤਾਂ ਬੱਚੇ ਆ ਜਾਂਦੇ। ਆਪ ਖੇਡਾਂ ਕਰਾਂਦੇ ਤੇ ਫਿਰ ਪਹਿਲਵਾਨਾਂ ਦੀਆਂ ਕੁਸ਼ਤੀਆਂ ਦੇਖਦੇ। ਉਪਰੰਤ ਦੀਵਾਨ ਸਜਦੇ, ਕੀਰਤਨ ਹੁੰਦਾ ਤੇ ਸ਼ਬਦ ਦੀ ਕਥਾ ਹੁੰਦੀ। ਰਾਤ ਦਾ ਲੰਗਰ ਹੁੰਦਾ ਤੇ ਪਹਿਰ ਰਾਤ ਗਈ ਗੁਰੂ ਜੀ ਬਿਰਾਜ ਜਾਂਦੇ।

ਇਸ ਸਾਰੀ ਮਰਿਯਾਦਾ ਦਾ ਅਸਰ ਇਹ ਹੋਇਆ ਕਿ ਸਿੱਖ ਨੂੰ 'ਦਿਨ-ਚਰਯਾ, ਰੋਜ਼ ਦਾ ਪ੍ਰੋਗਰਾਮ ਮਿਲ ਗਿਆ। ਸਾਰੀ ਸਿੱਖ ਕੌਮ ਇਕ ਸੱਚੇ ਵਿਚ ਢਾਲੀ ਜਾਣ ਲੱਗ ਪਈ। ਵਖੇਵੇਂ ਨਾ ਆ ਸਕੇ।

**8. ਸ੍ਰੀ ਗੁਰੂ ਨਾਨਕ ਦੇਵ ਜੀ ਵਾਂਗੂੰ ਗੁਰ-ਗੱਦੀ ਯੋਗ ਹੱਥਾਂ ਵਿਚ ਦਿਤੀ** - ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਜੀ ਦੇ ਪੂਰਨਿਆਂ ਉੱਤੇ ਚਲਦੇ ਹੋਏ ਗੱਦੀ ਬੜੀ ਛਾਣ-ਬੀਨ ਦੇ ਬਾਅਦ ਯੋਗ ਹੱਥਾਂ ਵਿਚ ਦਿਤੀ। ਪੁੱਤਰਾਂ ਦਾ ਕੋਈ ਲਿਹਾਜ਼ ਨਾ ਕੀਤਾ ਤੇ (ਗੁਰੂ) ਅਮਰਦਾਸ ਜੀ ਦੀ ਅਣਥੱਕ ਸੇਵਾ ਨੂੰ ਮੁੱਖ ਰੱਖਦਿਆਂ ਗੱਦੀ ਉਨ੍ਹਾਂ ਨੂੰ ਦਿਤੀ। ਸਿੱਖਾਂ ਦੇ ਵਿਦਵਾਨ ਭਾਈ ਗੁਰਦਾਸ ਜੀ ਗੁਰੂ ਜੀ ਨੂੰ ਦੁਨੀਆਂ ਦੇ ਪਾਤਸ਼ਾਹਾਂ (ਬਾਬਰ, ਜਹਾਂਗੀਰ ਆਦਿ) ਨਾਲ ਤੁਲਨਾ ਦੇਂਦੇ ਹੋਏ ਲਿਖਦੇ ਹਨ ਕਿ ਗੁਰੂ ਘਰ ਦੀ ਇਹ ਅਜਬ ਖੇਡ ਹੈ ਕਿ ਪੁੱਤਰਾਂ ਨੂੰ ਗੱਦੀ ਨਹੀਂ ਦਿਤੀ ਬਲਕਿ ਜੋ ਯੋਗ ਦੇਖਿਆ ਹੈ ਉਸ ਦੇ ਹਵਾਲੇ ਕੀਤੀ। ਇਹ ਹੀ ਨਹੀਂ ਦੇਖਿਆ ਕਿ ਵੱਡੇ ਪੁੱਤਰ ਦਾ ਹੱਕ ਹੈ ਜਾਂ ਛੋਟੇ ਦਾ, ਉਮਰ ਵਡੇਰੀ ਹੈ ਜਾਂ ਥੋੜ੍ਹੀ, ਜੋ ਯੋਗ ਹੈ ਉਸ ਦੇ ਹਵਾਲੇ ਗੁਰਗੱਦੀ ਕੀਤੀ। ਸੱਤੇ ਤੇ ਬਲਵੰਡ ਜੀ ਨੇ ਵੀ ਇਸ ਕਰਮ ਨੂੰ 'ਹੋਰਿਓ ਗੰਗ ਵਹਾਈਐ' ਉਲਟੀ ਗੰਗਾ ਵਗਾਉਣਾ ਕਿਹਾ। ਪੁੱਤਰਾਂ ਨੂੰ ਛੱਡ ਗੁਰ-ਗੱਦੀ ਯੋਗ ਹੱਥਾਂ ਵਿਚ ਦੇਣਾ ਇਕ ਅਜੀਬ ਤੇ ਚਲਦੀ ਪਰੰਪਰਾ ਦੇ ਉਲਟ ਵਰਤਾਰਾ ਸੀ।

---

*(ਪੰਨਾ 50 ਦੀ ਬਾਕੀ)*

ਕਰਕੇ, ਆਪਣੇ ਆਪ ਨੂੰ ਪਵਿੱਤਰ, ਸ੍ਰੇਸ਼ਟ ਸਮਝਦੇ ਹਨ, ਮੈਂ ਉਨ੍ਹਾਂ ਨਾਲੋਂ ਸਮਾਜਿਕ ਸਬੰਧ ਤੋੜਦਾ ਹਾਂ। ਸਮਾਜ ਵਿਚ ਪਛੜਿਆ ਹੋਇਆ, ਨੀਵੇਂ ਕਹੇ ਜਾਣ ਵਾਲਿਆਂ ਨੂੰ ਆਪਣੇ ਨਾਲ ਬਿਠਾਉਣਾ, ਆਪਣੇ ਨਾਲ ਖੁਆਉਣਾ, ਫਿਰ ਪ੍ਰਮਾਤਮਾ ਦੀ ਭਜਨ ਬੰਦਗੀ ਵਿਚ ਵੀ ਆਪਣੇ ਨਾਲ ਸ਼ਾਮਿਲ ਕਰਨਾ, ਗੁਰੂ ਸਾਹਿਬਾਨ ਦਾ ਵਿਸ਼ਵ-ਭਾਈਚਾਰੇ ਨੂੰ ਆਪਣੇ ਕਲਾਵੇ ਵਿਚ ਲੈਣ ਦਾ ਇਕ ਅਲੌਕਿਕ ਉੱਦਮ ਸੀ। ਇਹੋ ਵਿਸ਼ਵ ਦੇ ਸਾਂਝੇ ਧਰਮ ਦੇ ਮਹੱਲ ਦਾ ਨੀਂਹ ਪੱਥਰ ਸੀ। ਇਥੇ ਇਕ ਗੱਲ ਹੋਰ ਸਮਝ ਲੈਣੀ ਅਤਿ ਜ਼ਰੂਰੀ ਹੈ ਕਿ ਇਹ ਸਰਬੱਤ ਦੇ ਭਲੇ ਦਾ ਕਾਰਜ, ਐਵੇਂ ਹੀ ਆਸਾਨੀ ਨਾਲ ਨਹੀਂ ਨੇਪਰੇ ਚੜ੍ਹਦਾ ਰਿਹਾ, ਸਗੋਂ ਇਨ੍ਹਾਂ ਕਾਰਜਾਂ ਨੂੰ ਕਰਨ ਕਰਕੇ, ਗੁਰੂ ਸਾਹਿਬਾਨ ਨੂੰ ਸਮੇਂ ਦੇ ਹਾਕਮਾਂ, ਅਖੌਤੀ ਧਰਮੀਆਂ ਅਤੇ ਆਮ ਲੋਕਾਂ ਦੇ ਅਗਿਆਨ ਭਰੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਪਹਿਲੇ, ਪੰਜਵੇਂ ਛੇਵੇਂ ਤੇ ਫਿਰ ਨੌਵੇਂ ਗੁਰੂ ਸਾਹਿਬ ਨੂੰ ਸਾਰੀ ਉਮਰ, ਬੇਮਿਸਾਲ ਸੰਘਰਸ਼ ਵਿਚੋਂ ਗੁਜਰਨਾ ਪਿਆ ਅਤੇ ਆਪਣੇ ਪਰਿਵਾਰ ਸਮੇਤ ਆਪਣਾ ਸਰੀਰ ਵੀ ਇਸੇ ਸੰਘਰਸ਼ ਦੇ ਲੇਖੇ ਲਾਉਣਾ ਪਿਆ। ਕੇਵਲ ਆਤਮਾ, ਪ੍ਰਮਾਤਮਾ, ਪਰਮ ਧਰਮ ਤੇ ਨੇਕਮ ਕਰਮ ਆਦਿ ਦੀਆਂ ਗੱਲਾਂ ਕਰਨ ਵਾਲੇ ਤਾਂ ਬਹੁਤ ਹੋਏ ਹਨ ਤੇ ਅੱਜ ਵੀ ਹਨ ਪਰ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਾਰੇ 'ਖਾਲਸਾ ਪੰਥ' ਦਾ ਇਤਿਹਾਸ ਬਹੁਤ ਵਿਲੱਖਣ ਅਤੇ ਫ਼ਖਰਯੋਗ ਹੈ, ਜਿਸ ਨੇ ਅਜੋਕੇ ਸਮੇਂ ਵਿਚ ਵੀ, ਸੰਸਾਰ ਦੇ ਵਿਚਾਰਵਾਨਾਂ ਦਾ ਧਿਆਨ ਬਹੁਤ ਗਹਿਰਾਈ ਤੱਕ ਆਪਣੇ ਵਲ ਖਿੱਚਿਆ ਹੋਇਆ ਹੈ।

# ਵਾਰਾਂ ਭਾਈ ਗੁਰਦਾਸ ਜੀ
## ਸਟੀਕ

*ਸਿੰਘ ਸਾਹਿਬ ਗਿਆਨੀ ਮਨੀ ਸਿੰਘ*

ਵਾਰ ੪

੭. (ਕੀੜੀ-ਮਕੜੀ ਆਦਿ)

੧. ਕੀੜੀ ਨਿਕੜੀ ਚਲਤ ਕਰ ਭ੍ਰਿੰਗੀ ਨੋ ਮਿਲਿ ਭ੍ਰਿੰਗੀ ਹੋਵੈ।
੨. ਨਿਕੜੀ ਦਿਸੈ ਮਕੜੀ ਸੂਤੁ ਮੁਹਹੁ ਕਢਿ ਫਿਰਿ ਸੰਗੋਵੈ।
੩. ਨਿਕੜੀ ਮਖਿ ਵਖਾਣੀਐ ਮਾਖਿਓ ਮਿਠਾ ਭਾਗਠੁ ਹੋਵੈ।
੪. ਨਿਕੜਾ ਕੀੜਾ ਆਖੀਐ ਪਟ ਪਟੋਲੇ ਕਰਿ ਢੰਗ ਢੋਵੇ।
੫. ਗੁਟਕਾ ਮੁਹ ਵਿਚਿ ਪਾਇਕੈ ਦੇਸ ਦਿਸੰਤਰਿ ਜਾਇ ਖੜੋਵੈ।
੬. ਮੋਤੀ ਮਾਣਕ ਹੀਰਿਆ ਪਾਤਿਸਾਹੁ ਲੈ ਹਾਰੁ ਪਰੋਵੈ।
੭. ਪਾਇ ਸਮਾਇਣੁ ਦਹੀ ਬਿਲੋਵੈ।

**ਪਦਾਰਥ** - ਮਕੜੀ=ਕਹਿਣਾ। ਸੰਗੋਵੈ=ਨਿਗਲਨਾ। ਭਾਗਠ=ਧਨ ਪਾਤ੍ਰ। ਢੰਗ ਢੋਵੈ=ਵਿਆਹ ਵਿਖੇ ਢੋਵਣਾ। ਸਮਾਇਣ=ਜਾਗ। ਬਿਲੋਵੈ=ਰਿੜਕੇ।

**ਅਰਥ** - 1. ਨਿੱਕੀ ਕੀੜੀ ਭ੍ਰਿੰਗੀ ਕੀੜੇ ਨਾਲ ਮਿਲ ਕੇ ਇਕ ਕੌਤਕ ਨਾਲ (ਉਸੇ ਦਾ ਰੂਪ) ਹੋ ਜਾਂਦੀ ਹੈ। 2. ਕਹਿਣਾ ਨਿੱਕਾ ਕੀੜਾ ਦਿਸਦਾ ਹੈ (ਸੈਂਕੜੇ ਗਜ) ਸੂਤ ਮੂੰਹੋਂ ਕੱਢ ਕੇ ਫੇਰ ਨਿਗਲਦਾ ਹੈ। 3. ਸ਼ਹਿਦ ਦੀ ਮੱਖੀ ਨਿੱਕੀ ਕਹੀਦੀ ਹੈ। ਉਸ ਦਾ ਮਿੱਠਾ ਸ਼ਹਿਦ ਧਨ ਪਾਤਰਾਂ ਦੇ (ਘਰੀਂ) ਹੁੰਦਾ ਹੈ। 4. ਰੇਸ਼ਮੀ ਕੀੜਾ ਨਿੱਕਾ ਕਹੀਦਾ ਹੈ (ਉਸ ਦੇ) ਪੱਟ ਦੇ ਬਸਤਰ (ਲੋਕ) ਵਿਆਹਾਂ ਵਿਖੇ ਵਰੀਆਂ (ਵਿਚ) ਢੋਂਦੇ ਹਨ। 5. ਸਪੇਰਾ ਗੁਟਕਾ (ਨਿੱਕਾ ਮਣਕਾ) ਮੂੰਹ ਵਿਚ ਰਖ ਕੇ ਦੇਸ਼ ਦੇਸ਼ਾਂਤਰਾਂ ਵਿਚ ਜਾ ਖੜੋਂਦਾ ਹੈ। 6. ਮੋਤੀ ਮਾਣਕ ਤੇ ਹੀਰਿਆਂ ਦੇ ਹਾਰ ਪਾਤਸ਼ਾਹ ਪੁਰਵਾ ਕੇ ਗਲਾਂ ਵਿਚ ਪਹਿਰਦੇ ਹਨ। 7. (ਨਿੱਕੀ) ਜਾਗ ਲਾ ਕੇ ਲੋਕ ਦਹੀਂ ਰਿੜਕਦੇ ਹਨ।

ਭਾਵ - ਨਿੱਕੀਆਂ ਚੀਜ਼ਾਂ ਦੇ ਵੱਡੇ ਫਲ ਦਸ ਕੇ ਨਿਮਰਤਾ ਧਾਰਨ ਦਾ ਉਪਦੇਸ਼ ਦਿੰਦੇ ਹਨ। ਪੰਜਵੀ ਤੁਕ ਦਾ ਅਰਥ ਕਈ ਗਿਆਨੀ ਜੋਗੀ ਦਾ ਕਰਦੇ ਹਨ, ਜੋ ਕਿਸੀ ਸਿੱਧੀ ਨਾਲ ਗੁਟਕਾ ਮੂੰਹ ਵਿਚ ਧਰ ਕੇ ਉਡ ਜਾਂਦੇ ਕਹੀਏ ਹਨ।

ਭ੍ਰਿੰਗੀ ਆਦਿ ਦਾ ਦ੍ਰਿਸ਼ਟਾਂਤ 'ਕਵਿ ਸੰਕੇਤਕ ਸੱਚ' ਹੈ। ਕਾਵਯ ਸੰਪਰਦਾ ਵਿਚ ਬਹੁਤ ਸਾਰੀਆਂ ਬਾਤਾਂ ਨੂੰ ਉਪਮਾ ਤੇ ਦ੍ਰਿਸ਼ਟਾਤਾਂ ਵਾਸਤੇ ਸੰਕੇਤ ਕਰ ਦਿਤਾ ਹੈ। ਨਾਵਾਕਫ ਨੁਕਤਾਚੀਨ ਪਹਿਲੇ ਆਪਣੀ ਵਿਦਿਆ ਦੇ ਵਾਕਫ ਹੋਣ, ਕਿਉਂਕਿ ਸਾਡੀ ਕਾਵਯ ਵਿਦਿਆ ਪੂਰਨ ਹੈ, ਅਰ ਸਾਹਿਤ ਨੇ ਸਭ ਸ਼ੰਕਾ ਨਵਿਰਤ ਕੀਤੀਆਂ ਹੋਈਆਂ ਹਨ। ਐਸਾ ਨਾ ਹੋਵੇ ਕਿ ਕੋਈ ਨੁਕਤਾਚੀਨ ਆਪਣੀ ਨਾ ਵਾਕਫ਼ੀ ਦਾ ਸਬੂਤ ਦੇ ਕੇ ਹਾਸੋ ਹੀਣਾ ਹੋਵੇ।

# ਜ਼ਰੂਰੀ ਸੂਚਨਾ

## ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ।

ਆਪ ਜੀ ਨੂੰ ਸੰਨਿਮਰ ਬੇਨਤੀ ਹੈ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਸਦੇ ਕੀਰਤਨ ਪ੍ਰਵਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।



ਸੱਚਖੰਡ ਵਾਸੀ
ਸ੍ਰੀ ਮਾਨ
ਸੰਤ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ
(ਨਿਊ ਚੰਡੀਗੜ੍ਹ)

**ਫਾਸਟਵੇਅ ਕੇਬਲ ਟੀ.ਵੀ. ਨੈਟਵਰਕ**

**ਚੈਨਲ ਨੰਬਰ - 202 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**

**4.45 ਤੋਂ 6.45 ਤੱਕ (2 ਘੰਟੇ)**

ਇਹ ਕੀਰਤਨ ਪ੍ਰਵਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਅਸੁਨਿ ਸੰਗਰਾਂਦ - 16 ਸਤੰਬਰ, ਦਿਨ ਸੋਮਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**
**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | By Registry Post/Cheque |
|---|---|
| 1 Year | Rs. 300/- |
| 3 Year | Rs. 750/- |
| 5 Year | Rs. 1200/- |
| Life (20 Year) | Rs 3000/- |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

**ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।**

# PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

## LIST OF CORRESPONDENT BANKS

### Australia

1. Commonwealth Bank Of Australia CTBAAU2S
